# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. 1 (ਹਿਸਟਰੀ) ਸਮੈਸਟਰ ਦੂਜਾ

ਪੇਪਰ : ਭਾਰਤ ਦਾ ਇਤਿਹਾਸ 1000 ਈ. ਤੋਂ 1707 ਈ. ਤੱਕ ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.


2.1 : ਬਾਬਰ ਅਧੀਨ ''ਮੁਗਲ ਸਾਮਰਾਜ ਦੀ ਸਥਾਪਨਾ''

2.2 : ਸ਼ੇਰ ਸ਼ਾਹ ਸੂਰੀ ਅਤੇ ਉਸਦਾ ਸ਼ਾਸਨ ਪ੍ਰਬੰਧ

2.3 : ਮੁਗਲ ਸਮਰਾਟਾਂ ਦੀ ਰਾਜਪੂਤ ਨੀਤੀ

2.4 : ਮੁਗਲ ਸਮਰਾਟਾਂ ਦੀ ਧਾਰਮਿਕ ਨੀਤੀ

2.5 : ਸ਼ਿਵਾਜੀ – ਜਿੱਤਾਂ ਅਤੇ ਸ਼ਾਸਨ ਪ੍ਰਬੰਧ

2.6 : ਮੁਗਲ ਸਾਮਰਾਜ ਦਾ ਸ਼ਾਸਨ-ਪ੍ਰਬੰਧ



**Department website : www.pbidde.org**

**ਪਾਠ ਨੰਬਰ : 2.1**

## ਬਾਬਰ ਅਧੀਨ ''ਮੁਗਲ ਸਾਮਰਾਜ ਦੀ ਸਥਾਪਨਾ''

**ਮੁੱਖ ਰੂਪ :**

ਉਦੇਸ਼

ਜਾਣ-ਪਛਾਣ

1. ਬਾਬਰ ਦਾ ਮੁੱਢਲਾ ਜੀਵਨ
2. ਸੋਲ੍ਹਵੀਂ ਸਦੀ ਵਿੱਚ ਹਿੰਦੋਸਤਾਨ ਦੀ ਰਾਜਨਿਤਿਕ ਦਸ਼ਾ
   - 2.1 ਉੱਤਰੀ ਹਿੰਦੋਸਤਾਨ
   - 2.2 ਦੱਖਣੀ ਹਿੰਦੋਸਤਾਨ
3. ਪਾਨੀਪਤ ਦੀ ਪਹਿਲੀ ਲੜਾਈ
   - 3.1 ਕਾਰਣ
   - 3.2 ਲੜਾਈ ਦੀ ਘਟਨਾਵਾਂ
   - 3.3 ਨਤੀਜੇ
   - 3.4 ਬਾਬਰ ਦੀ ਜਿੱਤ ਦੇ ਕਾਰਣ
4. ਬਾਬਰ ਦਾ ਹਿੰਦੋਸਤਾਨ ਤੇ ਕਬਜ਼ਾ
   - 4.1 ਕਨਵਾਹ ਦੀ ਲੜਾਈ
   - 4.2 ਚੰਦੇਰੀ ਦੀ ਲੜਾਈ
   - 4.3 ਘੱਗਰ ਦੀ ਲੜਾਈ
5. ਬਾਬਰ ਦਾ ਦੇਹਾਂਤ
6. ਮੁਗਲ ਸਾਮਰਾਜ ਦੇ ਨਿਰਮਾਣ ਵਿੱਚ ਬਾਬਰ ਦਾ ਯੋਗਦਾਨ
7. ਸਾਰਾਂਸ਼
8. ਅਭਿਆਸ ਲਈ ਛੋਟੇ ਪ੍ਰਸ਼ਨ
9. ਅਭਿਆਸ ਲਈ ਵੱਡੇ ਪ੍ਰਸ਼ਨ

**ਉਦੇਸ਼** :–

ਇਸ ਪਾਠ ਨੂੰ ਪੜ੍ਹਨ ਨਾਲ ਹੇਠ ਲਿਖੀ ਜਾਣਕਾਰੀ ਪ੍ਰਾਪਤ ਹੋਵੇਗੀ :

– ਬਾਬਰ ਦਾ ਮੁਢੱਲਾ ਜੀਵਨ ਅਤੇ ਬਾਬਰ ਦੀ ਹਮਲੇ ਸਮੇਂ ਹਿੰਦੋਸਤਾਨ ਦੀ ਰਾਜਨੀਤਿਕ ਦਸ਼ਾ

– ਪਾਨੀਪਤ ਦੀ ਪਹਿਲੀ ਲੜਾਈ, ਬਾਬਰ ਦਾ ਹਿੰਦੋਸਤਾਨ ਵਿੱਚ ਮੁਗਲ ਸਾਮਰਾਜ ਦੀ ਸਥਾਪਨਾ

**ਜਾਣ-ਪਛਾਣ :**

ਸੋਲ੍ਹਵੀਂ ਸਦੀ ਵਿੱਚ ਹਿੰਦੋਸਤਾਨ ਵਿੱਚ ਦਿੱਲੀ ਸਲਤਨਤ ਦੇ ਲੋਧੀ ਵੰਸ਼ ਦਾ ਰਾਜ ਸੀ। ਇਸਦੇ ਸੁਲਤਾਨ ਇਬਰਾਹਿਮ ਲੋਧੀ ਨੂੰ ਬਾਬਰ ਰਾਜ ਨੇ ਪਾਨੀਪਤ ਦੀ ਪਹਿਲੀ ਲੜਾਈ ਵਿੱਚ ਹਰਾ ਦਿੱਤਾ ਅਤੇ ਹਿੰਦੋਸਤਾਨ ਵਿੱਚ ਮੁਗਲ ਵੰਸ਼ ਦੀ ਨੀਂਹ ਰੱਖੀ। ਇਸ ਵੰਸ਼ ਦੇ ਸ਼ਾਸਕਾਂ ਦੇ ਹੱਥਾਂ ਵਿੱਚ ਹਿੰਦੋਸਤਾਨ ਦੀ ਵਾਗਡੋਰ ਲਗਭਗ ਤਿੰਨ ਸੌ ਸਾਲ ਤੱਕ ਰਹੀ। ਇਸ ਸਮੇਂ ਦੌਰਾਨ ਹਿੰਦੋਸਤਾਨ ਨੇ ਕੇਵਲ ਰਾਜਨੀਤਿਕ ਖੇਤਰ ਵਿੱਚ ਹੀ ਨਹੀਂ ਬਲਕਿ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਖੇਤਰ ਵਿੱਚ ਵੀ ਉੱਨਤੀ ਕੀਤੀ।

1. **ਬਾਬਰ ਦਾ ਮੁਢੱਲਾ ਜੀਵਨ :-**

ਜ਼ਹੀਰਉੱਦੀਨ ਮੁਹੰਮਦ ਬਾਬਰ ਦਾ ਜਨਮ 14 ਫਰਵਰੀ, 1483 ਈ. ਨੂੰ ਫਰਗਾਨਾ ਦੀ ਰਾਜਧਾਨੀ ਅੰਦੀਜਾਨ ਵਿਖੇ ਹੋਇਆ। ਉਸਦਾ ਨਾਂ ਔਖਾ ਹੋਣ ਕਾਰਣ, ਮਿੱਤਰ ਉਸਨੂੰ ਬਾਬਰ ਆਖਦੇ ਸਨ। ਬਾਬਰ ਤੁਰਕੀ ਭਾਸ਼ਾ ਦਾ ਸ਼ਬਦ ਹੈ ਜਿਸਦਾ ਅਰਥ ਹੈ 'ਬੱਬਰ ਸ਼ੇਰ'। ਬਾਬਰ ਦੇ ਪਿਤਾ ਦਾ ਨਾਂ ਉਮਰ ਸ਼ੇਖ ਮਿਰਜ਼ਾ ਸੀ ਜੋ ਫਰਗਾਨਾ ਦਾ ਹਾਕਮ ਸੀ। ਉਸਦੀ ਮਾਤਾ ਦਾ ਨਾਂ ਕੁਤਲੁਗ ਨਿਗਾਰ ਖਾਨਮ ਸੀ। ਬਾਬਰ ਦੀਆਂ ਰਗਾਂ ਵਿੱਚ ਮੱਧ ਏਸ਼ੀਆਂ ਦੇ ਦੋ ਮਹਾਨ ਯੋਧਿਆਂ ਦਾ ਖੂਨ ਦੌੜਦਾ ਸੀ। ਉਸਦੇ ਪਿਤਾ ਤੈਮੂਰ ਦੇ ਵੰਸ਼ ਨਾਲ ਸੰਬੰਧਿਤ ਸਨ ਅਤੇ ਉਸਦੀ ਮਾਤਾ ਮੰਗੋਲ ਨੇਤਾ ਚੰਗੇਜ਼ ਖਾਂ ਦੇ ਵੰਸ਼ ਵਿੱਚੋਂ ਸੀ। ਬਾਬਰ ਦੀ ਸਿੱਖਿਆ ਲਈ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਅਤੇ ਉਹ ਜਲਦੀ ਹੀ ਤੁਰਕੀ, ਫਾਰਸੀ ਅਤੇ ਅਰਬੀ ਭਾਸ਼ਾਵਾਂ ਸਿੱਖ ਲਈਆਂ। ਬਾਬਰ ਦੀ ਨਾਨੀ ਏਸਾਨ ਦੌਲਤ-ਬੇਗਮ ਨੇ ਉਸ ਵਿੱਚ ਸਾਹਸ, ਆਤਮ-ਵਿਸ਼ਵਾਸ, ਦ੍ਰਿੜ ਨਿਸ਼ਚੇ ਦੇ ਗੁਣ ਕੁਟ-ਕੁਟ ਕੇ ਭਰ ਦਿੱਤੇ ਅਤੇ ਦਾਦੀ ਸਾਹ ਸੁਲਤਾਨਾ ਬੇਗਮ ਨੇ ਵਿਵਹਾਰ ਅਤੇ ਸ਼ਿਸ਼ਟਾਚਾਰ ਦੇ ਚੰਗੇ ਨਿਯਮ ਸਿਖਾਏ। ਬਾਬਰ ਸਰੀਰਕ ਤੌਰ ਤੇ ਵੀ ਬਹਾਦਰ ਸੀ ਅਤੇ ਕੁਦਰਤ ਨਾਲ ਵੀ ਡੂੰਘਾ ਪਿਆਰ ਰਖੱਦਾ ਸੀ।

**(i)** **ਫਰਗਾਨਾ ਦਾ ਰਾਜਾ (1494-1502)** :- 1494 ਈ. ਵਿੱਚ ਬਾਬਰ ਦੇ ਪਿਤਾ ਕਬੂਤਰ ਉਡਾਉਂਦੇ ਹੋਏ ਮਹਿਲ ਦੇ ਸ਼ਿਖਰ ਤੋਂ ਨੀਚੇ ਡਿੱਗ ਗਏ ਅਤੇ ਉਨ੍ਹਾਂ ਦਾ ਦੇਹਾਂਤ ਹੋ ਗਿਆ। ਬਾਬਰ ਜਿਸਦੀ ਉਮਰ ਕੇਵਲ 11 ਸਾਲ ਦੀ ਸੀ ਫਰਗਾਨਾ ਦੀ ਰਾਜ ਗੱਦੀ ਤੇ ਬੈਠਿਆ। ਅਹਿਮ ਮਿਰਜ਼ਾ, ਮਹਿਮੂਦ ਖਾਂ ਵਰਗੇ ਵਿਰੋਧੀ ਸੰਬੰਧੀਆਂ ਨੇ ਬਾਬਰ ਦਾ ਰਾਜ ਹੜਪੱਣ ਲਈ ਯਤਨ ਕੀਤੇ ਪਰੰਤੂ ਉਹ ਅਸਫਲ ਰਹੇ।

**(ii)** **ਸਮਰਕੰਦ ਦੀ ਜਿੱਤ ਅਤੇ ਹਾਰ (1497-1502)** :- ਸਮਰਕੰਦ ਮੱਧ ਏਸ਼ੀਆ ਦਾ ਇੱਕ ਸੁੰਦਰ ਸ਼ਹਿਰ ਸੀ ਜਿਥੇ ਮਦਰਸੇ, ਮਸਜਿਦਾਂ, ਬਾਗ, ਭਵਨ ਆਦਿ ਸਨ। ਬਾਬਰ ਨੇ ਇਸ ਤੇ 1495-96 ਦੌਰਾਨ ਪਹਿਲਾ ਹਮਲਾ ਕੀਤਾ ਪਰੰਤੂ ਅਸਫਲ ਰਿਹਾ। 1497 ਈ. ਵਿੱਚ ਉਸਨੇ ਦੂਜਾ ਹਮਲਾ ਕੀਤਾ ਅਤੇ ਜਿੱਤ ਗਿਆ। ਬਾਬਰ ਦੀ ਇਹ ਜਿੱਤ ਚਿਰ ਸਥਾਈ ਸਾਬਤ ਨਾ ਹੋਈ। 100 ਦਿਨ੍ਹਾਂ ਦੇ ਰਾਜ ਬਾਅਦ ਹੀ ਉਸਨੂੰ ਸਮਰਕੰਦ ਛਡੱਣਾ ਪਿਆ। ਜਦੋਂ ਬਾਬਰ ਸਮਰਕੰਦ ਵਿੱਚ ਸੀ ਤਾਂ ਉਸਦੇ ਵਿਰੋਧੀਆਂ ਨੇ ਫਰਗਾਨਾ ਵਿੱਚ ਬਗਾਵਤ ਕਰ ਦਿੱਤੀ ਅਤੇ ਜਦੋਂ ਬਾਬਰ ਉਸਨੂੰ ਦਬਾਉਣ ਲਈ ਗਿਆ ਤਦ ਤੱਕ ਵਿਦਰੋਹੀਆਂ ਨੇ ਉਸਤੇ ਕਬਜ਼ਾ ਕਰ ਲਿਆ ਸੀ, ਪਿਛੋਂ ਸਮਰਕੰਦ ਤੇ ਵੀ ਵਿਦਰੋਹੀਆਂ ਨੇ ਹਮਲਾ ਕਰ ਦਿੱਤਾ। ਇਸ ਤਰ੍ਹਾਂ ਬਾਬਰ ਦੋਹਾਂ ਨੂੰ ਹੀ ਖੋਹ ਬੈਠਾ। 1498 ਈ. ਵਿੱਚ ਬਾਬਰ ਨੇ ਫਰਗਾਨਾ ਜਿੱਤ ਲਿਆ ਪਰ 1500 ਈ. ਵਿੱਚ ਫਿਰ ਉਸਦੇ ਹੱਥੋਂ ਜਾਂਦਾ ਰਿਹਾ। 1501 ਈ. ਵਿੱਚ ਉਸਨੇ ਉਜ਼ਬੇਗ ਸਰਦਾਰ ਸ਼ੈਬਾਨੀ ਖਾਂ ਨੂੰ ਹਰਾ ਕੇ ਸਮਰਕੰਦ ਨੂੰ ਜਿੱਤ ਲਿਆ, ਪਰ ਅੱਠ ਮਹੀਨੇ ਬਾਅਦ ਸਰੇ-ਪੁਲ ਦੀ ਲੜਾਈ ਵਿੱਚ ਆਪਣਾ ਅਧਿਕਾਰ ਖੋਹ ਦਿੱਤਾ। 1502-04 ਈ. ਤੱਕ ਦਾ ਸਮਾਂ ਉਸਦੇ ਜੀਵਨ ਦਾ ਸਭ ਤੋਂ ਔਖਾ ਸਮਾਂ ਸੀ। ਉਸਦੇ ਸਾਰੇ ਸਾਥੀ ਅਤੇ ਸੰਬੰਧੀ ਉਸਦਾ ਸਾਥ ਛੱਡ ਗਏ। ਬਾਬਰ ਆਪਣੀ ਆਤਮ ਕਥਾ ਤੁਜ਼ਕੇ-ਬਾਬਰੀ ਵਿੱਚ ਲਿਖਦਾ ਹੈ ਕਿ ਆਪਣੀ ਆਤਮਾ ਤੋਂ ਬਿਨ੍ਹਾਂ ਕਿਸੇ ਨੂੰ ਵੀ ਵਫਾਦਾਰ ਮਿੱਤਰ ਅਤੇ ਆਪਣੇ ਦਿਲ ਤੋਂ ਸਿਵਾਏ ਕਿਸੇ ਨੂੰ ਵੀ ਭਰੋਸੇ-ਯੋਗ ਨਹੀਂ ਪਾਇਆ।

**ਕਾਬੁਲ ਦਾ ਰਾਜਾ** (1504–26) :– ਇਸ ਸਮੇਂ ਦੌਰਾਨ ਬਾਬਰ ਤਰਕਦਾ ਹੋਇਆ ਹਿੰਦੂਕੁਸ਼ ਪਰਬਤ ਪਾਰ ਕਰਕੇ ਕਾਬੁਲ ਵਲ ਤੁਰਿਆ। ਉਸਦੇ ਚੰਗੇ ਭਾਗਾਂ ਨੂੰ ਕਾਬਲ–ਗਜ਼ਨੀ ਵਿੱਚ ਉਸ ਸਮੇਂ ਗੜਗੜ ਤੇ ਅਰਾਜਕਤਾ ਫੈਲੀ ਹੋਈ ਸੀ। ਅਵਾਮ ਮੁਕੀਨ ਬੇਗ ਨਾਮਕ ਸ਼ਾਸਕ ਨੂੰ ਕੱਢਣਾ ਚਾਹੁੰਦਾ ਸੀ। ਅਜਿਹੇ ਹਾਲਾਤ ਵਿੱਚ ਬਾਬਰ ਨੇ ਕਾਬਲ–ਗਜ਼ਨੀ ਉੱਤੇ 1504 ਈ. ਵਿੱਚ ਕਬਜ਼ਾ ਕਰ ਲਿਆ। 1507 ਈ. ਵਿੱਚ ਉਸਨੇ ਬਾਦਸ਼ਾਹ ਦੀ ਉਪਾਧੀ ਧਾਰਨ ਕੀਤੀ। ਬਾਬਰ ਨੇ ਮੱਧ ਏਸ਼ੀਆਂ ਵਲ ਧਿਆਨ ਕੇਂਦ੍ਰਿਤ ਕੀਤਾ। ਉਸਨੇ ਈਰਾਨ ਦੇ ਸ਼ਾਹ ਇਸਮਾਇਲ ਖਾਂ ਨਾਲ ਗਠਜੋੜ ਕੀਤਾ ਅਤੇ ਉਸਦੀ ਸਹਾਇਤਾ ਨਾਲ ਬਖਾਰਾ, ਸਮਰਕੰਦ ਤਾਸ਼ਕੰਦ ਅਤੇ ਫਰਗਾਨਾ ਨੂੰ ਜਿੱਤ ਲਿਆ। ਪਰੰਤੂ ਜਲਦੀ ਹੀ ਇਹ ਪ੍ਰਦੇਸ਼ ਉਸ ਦੇ ਹੱਥੋਂ ਨਿਕਲ ਗਏ। ਹੁਣ ਬਾਬਰ ਨੇ ਹਿੰਦੋਸਤਾਨ ਵੱਲ ਆਪਣਾ ਧਿਆਨ ਕੇਂਦਰਿਤ ਕੀਤਾ।

**ਅਭਿਆਸ ਲਈ ਪ੍ਰਸ਼ਨ :–**

1. ਬਾਬਰ ਦਾ ਪੂਰਾ ਨਾਂ ਕੀ ਸੀ?
2. ਬਾਬਰ ਦਾ ਜਨਮ ਕਦੋਂ ਤੇ ਕਿੱਥੇ ਹੋਇਆ?
3. ਬਾਬਰ ਫਰਗਾਨਾ ਦਾ ਰਾਜਾ ਕਦੋਂ ਬਣਿਆ?

## 2. ਸੋਲ੍ਹਵੀਂ ਸਦੀ ਵਿੱਚ ਹਿੰਦੋਸਤਾਨ ਦੀ ਰਾਜਨੀਤਿਕ ਦਸ਼ਾ :

ਬਾਬਰ ਦੇ ਹਮਲੇ ਸਮੇਂ ਦਿੱਲੀ ਸਲਤਨਤ ਦਾ ਵਿਘਟਨ ਹੋ ਰਿਹਾ ਸੀ ਅਤੇ ਹਿੰਦੋਸਤਾਨ ਵਿੱਚ ਕਈ ਛੋਟੇ–ਛੋਟੇ ਸੁਤੰਤਰ ਰਾਜ ਸਥਾਪਿਤ ਹੋ ਚੁੱਕੇ ਸਨ। ਸਾਰੇ ਰਾਜ ਹਿੰਦੋਸਤਾਨ ਦੀ ਰਾਜਨੀਤੀ ਵਿੱਚ ਹਿੱਸਾ ਲੈ ਰਹੇ ਸਨ। ਇਨ੍ਹਾਂ ਵਿੱਚ ਆਪਸੀ ਈਰਖਾ ਕਾਰਨ ਦੇਸ਼–ਭਗਤੀ ਦਾ ਜਜ਼ਬਾ ਨਹੀਂ ਸੀ। ਇਸ ਲਈ ਕਈ ਵਾਰ ਤਾਂ ਆਪਣੇ ਦੁਸ਼ਮਣ ਨੂੰ ਹਾਨੀ ਪਹੁੰਚਾਉਣ ਲਈ ਉਹ ਵਿਦੇਸ਼ੀ ਹਮਲਾਵਰਾਂ ਨਾਲ ਵੀ ਸਾਂਝ–ਗਾਂਠ ਕਰ ਲੈਂਦੇ ਸਨ। ਉੱਤਰੀ ਹਿੰਦੋਸਤਾਨ ਦੇ ਮੁਖ ਰਾਜ-ਦਿੱਲੀ, ਮੇਵਾੜ, ਬੰਗਾਲ, ਗੁਜਰਾਤ, ਮਾਲਵਾ, ਪੰਜਾਬ, ਖਾਨਦੇਸ਼, ਕਸ਼ਮੀਰ ਅਤੇ ਸਿੰਧ ਆਦਿ ਸਨ। ਦੱਖਣ ਭਾਰਤ ਵਿੱਚ–ਅਹਿਮਦਰਨਗਰ, ਬੀਜਾਪੁਰ, ਬਿਦਰ, ਬਰਾਰ ਅਤੇ ਗੋਲਕੰਡਾ ਸੀ।

### 2.1 ਉੱਤਰੀ ਭਾਗ ਵਿੱਚ :

**(i)** **ਦਿੱਲੀ** :– ਦਿੱਲੀ ਵਿੱਚ 16ਵੀਂ ਸਦੀ ਦੇ ਸ਼ੁਰੂ ਵਿੱਚ ਲੋਧੀ ਵੰਸ਼ ਦਾ ਰਾਜ ਸੀ। ਇਹ ਉੱਤਰ–ਪਛਮ ਵਿੱਚ ਭੇਰਾ ਤੋਂ ਲੈ ਕੇ ਪੂਰਬ ਵਿੱਚ ਬਿਹਾਰ ਤੱਕ ਫੈਲਿਆ ਹੋਇਆ ਸੀ ਪਰੰਤੂ ਹਕੀਕਤ ਵਿੱਚ ਕੇਵਲ ਦਿੱਲੀ ਅਤੇ ਆਸ–ਪਾਸ ਦੇ ਕੁਝ ਪ੍ਰਦੇਸ਼ ਹੀ ਸ਼ਾਮਿਲ ਸਨ। ਬਾਬਰ ਦੇ ਹਮਲੇ ਸਮੇਂ ਇਬਰਾਹੀਮ ਲੋਧੀ (1577–26) ਇਥੋਂ ਦਾ ਸੁਲਤਾਨ ਸੀ। ਉਹ ਅਯੋਗ ਸ਼ਾਸਕ ਸੀ। ਆਪਣੇ ਹੰਕਾਰੀ ਅਤੇ ਸ਼ਕੀ ਸੁਭਾਓ ਕਾਰਣ ਬਹੁਤ ਸਾਰੇ ਸਰਦਾਰ ਉਸਦੇ ਵਿੱਰੁਧ ਹੋ ਗਏ ਸਨ। ਲੋਧੀ, ਲੋਹਾਨੀ, ਫਾਰਮੂਲੀ ਅਤੇ ਨਿਯਾਜ਼ੀ ਅਫਗਾਨਾਂ ਨੇ ਵਿਦਰੋਹ ਕਰ ਦਿੱਤਾ ਬੇਸ਼ਕ ਇਬਰਾਹੀਮ ਲੋਧੀ ਨੇ ਸਫ਼ਲਤਾ ਪੂਰਵਕ ਵਿਦਰੋਹ ਦਾ ਦਮਨ ਕਰ ਦਿੱਤਾ ਪਰੰਤੂ ਆਮ ਜਨਤਾ ਵਿੱਚ ਉਹ ਅਪ੍ਰਿਯ ਹੋ ਗਿਆ।

**(ii)** **ਬੰਗਾਲ** :– ਫਿਰੋਜ਼ ਤੁਗਲਕ (1351–88) ਦੇ ਸਮੇਂ ਤੋਂ ਹੀ ਬੰਗਾਲ ਵਿੱਚ ਹੁਸੈਨੀ ਵੰਸ਼ ਦਾ ਸੁਤੰਤਰ ਰਾਜ ਸਥਾਪਿਤ ਸੀ। 1493–1518 ਈ. ਤੱਕ ਅਲਾਉਦੀਨ ਹੁਸ਼ੈਨਸ਼ਾਹ ਇਥੋਂ ਦਾ ਹਾਕਮ ਸੀ। ਉਸਨੇ ਬੰਗਾਲ ਰਾਜ ਦੀ ਸੀਮਾਂ ਉੜੀਸਾ ਤੱਕ ਵਧਾ ਲਈ ਸੀ। ਹੁਸੈਨਸ਼ਾਹ ਸ਼ਰਖੀ ਨੂੰ (ਜੌਨਪੁਰ) ਨੂੰ ਸ਼ਰਨ ਦੇਣ ਕਾਰਨ ਉਸਦੇ ਲੋਧੀ ਵੰਸ਼ ਨਾਲ ਸੰਬੰਧ ਵਿਗੜ ਗਏ ਪਰੰਤੂ ਬਾਅਦ ਵਿੱਚ ਅਮਨ ਸ਼ਾਂਤੀ ਅਥਾਪਿਤ ਹੋ ਗਈ। ਬਾਬਰ ਦੇ ਹਮਲੇ ਸਮੇਂ ਅਲਾਉਦੀਨ ਦਾ ਪੁੱਤਰ ਨੁਸਤਰ ਸ਼ਾਹ ਗੱਦੀ ਤੇ ਸੀ। ਉਸਨੇ ਆਪਣੇ ਕਾਲ ਵਿੱਚ ਬੰਗਾਲ ਸਾਹਿਤ ਦੀ ਉਨਤੀ ਲਈ ਕਈ ਉਪਰਾਲੇ ਕੀਤੇ।

**(iii)** **ਮਾਲਵਾ** :– ਕੇਂਦਰੀ ਹਿੰਦੋਸਤਾਨ ਦੇ ਤਿੰਨ ਮਹਤਵਪੂਰਨ ਰਾਜਾ ਵਿੱਚੋਂ ਇੱਕ ਰਾਜ ਮਾਲਵਾ ਸੀ। 15ਵੀਂ ਸਦੀ ਤੋਂ ਮਾਲਵਾ ਵਿੱਚ ਖਲਜ਼ੀ ਵੰਸ਼ ਦਾ ਰਾਜ ਚਲਿਆ ਆ ਰਿਹਾ ਸੀ। ਬਾਬਰ ਦੇ ਹਮਲੇ ਸਮੇਂ ਮਹਿਮੂਦ

ਦੂਜਾ ਗੱਦੀ ਤੇ ਸੀ ਮੇਦਨੀ ਰਾਓ ਨਾਮਕ ਰਾਜਪੂਤ ਮੰਤਰੀ ਨੇ ਮਹਿਮੂਦ ਦੀ ਗੱਦੀ ਦੀ ਪ੍ਰਾਪਤੀ ਵਿੱਚ ਸਹਾਇਤਾ ਕੀਤੀ। ਬਾਅਦ ਵਿੱਚ ਖਜਲੀ ਸ਼ਾਸਕ ਨੇ ਗੁਜਰਾਤ ਦੇ ਹਾਕਮ ਦੀ ਸਹਾਇਤਾ ਨਾਲ ਮੇਦਨੀ ਰਾਓ ਨੂੰ ਮੰਤਰੀ ਦੀ ਪਦਵੀ ਤੋਂ ਹਟਾ ਦਿੱਤਾ। ਦੂਜੇ ਪਾਸੇ ਮੇਦਨੀ ਰਾਓ ਨੇ ਰਾਣਾ ਸਾਂਗਾ ਦੀ ਸਹਾਇਤਾ ਨਾਲ ਮਹਿਮੂਦ ਨੂੰ ਹਰਾ ਦਿੱਤਾ। ਬੇਸ਼ਕ ਬਾਅਦ ਵਿੱਚ ਮਾਲਵੇ ਦਾ ਰਾਜ ਮਹਿਮੂਦ ਨੂੰ ਵਾਪਿਸ ਕਰ ਦਿੱਤਾ ਪਰੰਤੂ ਮਹਿਮੂਦ ਨੂੰ ਚੈਨ ਨਹੀਂ ਸੀ ਅਤੇ ਉਹ ਅਕਸਰ ਲੜਾਈ ਵਿੱਚ ਰੁਝਾ ਰਹਿੰਦਾ ਸੀ।

**(iv)** **ਮੇਵਾੜ** :- ਮੇਵਾੜ, ਰਾਜਿਸਥਾਨ ਦਾ ਸਭ ਤੋਂ ਸ਼ਕਤੀਸ਼ਾਲੀ ਰਾਜ ਸੀ। ਇਸ ਦੀ ਰਾਜਧਾਨੀ ਚਿਤੋੜ ਸੀ। ਇਥੋਂ ਦਾ ਸ਼ਾਸਕ ਰਾਣਾ ਸੰਗ੍ਰਾਮ ਸਿੰਘ ਸੀ ਜੋ ਰਾਣਾ ਸਾਂਗਾ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਉਸਨੇ ਬਹੁਤ ਸਾਰੀਆਂ ਜਿੱਤਾਂ ਪ੍ਰਾਪਤ ਕੀਤੀਆਂ ਸਨ ਅਤੇ ਇੱਕ ਸ਼ਕਤੀਸ਼ਾਲੀ ਸੈਨਾ ਦਾ ਸੰਗਠਨ ਕੀਤਾ। ਆਪਣੇ ਹੌਸਲੇ ਅਤੇ ਬਹਾਦਰੀ ਕਾਰਣ ਉਸਨੇ ਦੂਰ-ਨੇੜੇ ਦੀਆਂ ਹਾਕਮਾਂ ਦੇ ਦਿਲਾਂ ਵਿੱਚ ਡਰ ਪੈਦਾ ਕਰ ਦਿੱਤਾ ਸੀ। ਉਹ ਹਿੰਦੁਸਤਾਨ ਵਿੱਚ ਮੁਸਲਮਾਨਾਂ ਦੇ ਰਾਜ ਨੂੰ ਨਸ਼ਟ ਕਰ ਇੱਕ ਵਿਸ਼ਾਲ ਹਿੰਦੂ-ਰਾਜ ਸਥਾਪਿਤ ਕਰਨ ਦੇ ਸੁਫਨੇ ਦੇਖ ਰਿਹਾ ਸੀ।

**(v)** **ਗੁਜਰਾਤ** :- ਗੁਜਰਾਤ ਪਛਮੀ ਹਿੰਦੁਸਤਾਨ ਦਾ ਪ੍ਰਸਿੱਧ ਮੁਸਲਿਮ ਰਾਜ ਸੀ। ਮਹਿਮੂਦ ਬੇਗੜ (1459-1511) ਗੁਜਰਾਤ ਦਾ ਮਹਾਨ ਹਾਕਮ ਸੀ। 1511 ਈ. ਵਿੱਚ ਉਸਦਾ ਪੁੱਤਰ ਮੁਜ਼ਫਰ ਸ਼ਾਹ ਦੂਜਾ ਰਾਜ ਗੱਦੀ ਤੇ ਬੈਠਿਆ। ਉਸਦਾ ਜ਼ਿਆਦਾਤਰ ਸਮਾਂ ਗੁਆਂਢੀਂ ਰਾਜਾ (ਮਾਲਵਾ ਤੇ ਮੇਵਾੜ) ਦੇ ਨਾਲ ਯੁੱਧ ਕਰਨ ਵਿੱਚ ਬੀਤੀਆ। 1526 ਈ. ਵਿੱਚ ਉਸਦਾ ਪੁੱਤਰ ਬਹਾਦਰ ਸ਼ਾਹ ਗੁਜਰਾਤ ਦਾ ਸ਼ਾਸਕ ਬਣਿਆ।

**(vi)** **ਪੰਜਾਬ** :- ਪੰਜਾਬ ਦੌਲਤ ਖਾਂ ਲੋਧੀ ਦੇ ਅਧੀਨ ਸੁਤੰਤਰ ਰਾਜ ਸਥਾਪਿਤ ਹੋ ਚੁੱਕਾ ਸੀ। ਇਬਰਾਹੀਮ ਲੋਧੀ ਨੇ ਦੌਲਤ ਖਾਂ ਲੋਧੀ ਦੇ ਪੁੱਤਰ ਦਿਲਾਵਰ ਖਾਂ ਨੂੰ ਕੈਦ ਕਰ ਲਿਆ ਸੀ। ਪਰ ਦਿਲਾਵਰ ਖਾਂ ਕਿਸੇ ਤਰ੍ਹਾਂ ਕੈਦ ਵਿਚੋਂ ਭਜੱਣ ਵਿੱਚ ਸਫ਼ਲ ਹੋ ਗਿਆ। ਦੌਲਤ ਖਾਂ ਨੇ ਇਸ ਨਿਰਾਦਰੀ ਦਾ ਬਦਲਾ ਲੈਣ ਦੀ ਸੋਚੀ। ਇਸ ਲਈ ਉਸਨੇ ਬਾਬਰ ਨਾਲ ਗਠਜੋੜ ਦਰਨ ਦੀਆਂ ਯੋਜਨਾਵਾਂ ਬਣਾਉਣੀਆਂ ਆਰੰਭ ਕਰ ਦਿੱਤੀਆਂ।

**(vii)** **ਸਿੰਧ** :- ਸਿੰਧ ਦਾ ਰਾਜ ਮਹੁੰਮਦ ਤੁਗਲਕ ਦੇ ਕਾਲ ਵਿੱਚ ਸੁਤੰਤਰ ਹੋ ਗਿਆ ਸੀ। 1520-21 ਈ. ਵਿੱਚ ਆਰਗੂਨ ਜਾਤੀ ਦੇ ਸ਼ਾਹ ਬੇਗ ਨੇ ਸੁਮਰ ਵੰਸ਼ ਨੂੰ ਸਮਾਪਤ ਕਰਕੇ ਆਪਣਾ ਰਾਜ ਕਾਇਮ ਕਰ ਲਿਆ ਸੀ। ਉਸਦੇ ਪੁੱਤਰ ਸ਼ਾਹ ਹੁਸੈਨ ਨੇ ਮੁਲਤਾਨ ਉੱਤੇ ਵੀ ਕਬਜ਼ਾ ਕਰ ਲਿਆ।

**(viii)** **ਖਾਨਦੇਸ਼** :- ਖਾਨਦੇਸ਼ ਦਾ ਰਾਜ ਤਾਪਤੀ ਨਦੀ ਦੀ ਘਾਟੀ ਵਿੱਚ ਸਥਿਤ ਸੀ। ਇਹ ਰਾਜ 14ਵੀਂ ਸਦੀ ਦੇ ਅੰਤਲੇ ਦਹਾਕਿਆਂ ਵਿੱਚ ਸੁਤੰਤਰ ਹੋ ਗਿਆ। ਇਸ ਰਾਜ ਦਾ ਸੰਸਥਾਪਰ ਮਲਿਕ ਰਾਜ ਫਾਰੂਕੀ ਸੀ। ਇਸਦੀ ਰਾਜਧਾਨੀ ਬੁਰਹਾਨਪੁਰ ਸੀ। ਫਾਰੂਕੀ ਸ਼ਾਸਕਾਂ ਦੇ ਗੁਜਰਾਤ ਦੇ ਸ਼ਾਸਕਾਂ ਨਾਲ ਵਿਵਾਹਿਰ ਸੰਬੰਧ ਸਨ ਅਤੇ ਉਨ੍ਹਾਂ, ਦੀ ਸਹਾਇਤਾ ਨਾਲ ਦੱਖਣ ਤੇ ਵੀ ਹਮਲੇ ਕਰਦੇ ਸਨ। ਪਰੰਤੂ ਦਿੱਲੀ ਤੋਂ ਦੂਰ ਹੋਣ ਕਾਰਣ ਉੱਤਰੀ ਭਾਗ ਦੀ ਰਾਜਨੀਤੀ ਵਿੱਚ ਕੋਈ ਵਿਸ਼ੇਸ਼ ਭਾਗ ਨਹੀਂ ਲਿਆ।

**(ix)** **ਕਸ਼ਮੀਰ** :- ਕਸ਼ਮੀਰ ਦੇ ਸੁਤੰਤਰ ਰਾਜ ਵਿੱਚ ਮੁਹੰਮਦ ਸ਼ਾਹ (1499-1526) ਦੀ ਹਕੂਮਤ ਸੀ। ਉਹ ਇੱਕ ਅਯੋਗ ਹਾਕਮ ਸੀ ਅਤੇ ਰਾਜ ਦੀ ਵਾਗ ਡੋਰ ਅਸਲੀ ਰੂਪ ਵਿੱਚ ਉਸਦੇ ਮੰਤਰੀ ਮਲਿਕ ਕਾਜ਼ੀ ਚੱਕ ਦੇ ਹੱਥਾਂ ਵਿੱਚ ਸੀ।

**(x)** **ਉੜੀਸਾ** :- ਉੜੀਸਾ ਵਿੱਚ ਹਿੰਦੂ ਰਾਜ ਸਥਾਪਿਤ ਸੀ। ਇਹ ਰਾਜ ਹਿੰਦੋਸਤਾਨ ਦੇ ਉਤੱਰੀ ਭਾਗ ਦੀ ਰਾਜਨੀਤੀ ਵਿੱਚ ਵਿਸ਼ੇਸ਼ ਭਾਗ ਤਾਂ ਨਹੀਂ ਲੈਂਦਾ ਸੀ ਪਰ ਬੰਗਾਲ ਅਤੇ ਦੱਖਣੀ ਹਿੰਦੋਸਤਾਨ ਦੇ ਰਾਜਾਂ ਵਿੱਚਕਾਰ ਇੱਕ ਰੋਕ ਦਾ ਕੰਮ ਜ਼ਰੂਰ ਕਰ ਰਿਹਾ ਸੀ।

**2.2 ਦੱਖਣੀ ਹਿੰਦੋਸਤਾਨ :**

**(i) ਬਾਹਮਣੀ ਸਾਮਰਾਜ** :- ਹਿੰਦੋਸਤਾਨ ਦੇ ਉੱਤਰੀ ਭਾਗ ਦੀ ਤਰ੍ਹਾਂ ਦੱਖਣੀ ਭਾਗ ਵਿੱਚ ਵੱਖ-ਵੱਖ ਰਾਜਾ ਵਿੱਚ ਵੰਡਿਆ ਹੋਇਆ ਸੀ। 1347 ਈ. ਵਿੱਚ ਬਾਹਮਣੀ ਰਾਜ ਦੀ ਸਥਾਪਨਾ ਹੋਈ ਸੀ ਜਿਸ ਦੇ ਕਈ ਯੋਗ ਹਾਕਮ ਹੋਏ। 1481 ਈ. ਵਿੱਚ ਪ੍ਰਸਿੱਧ ਮੰਤਰੀ ਮਹਿਮੂਦ ਗਾਵਾਂ ਦੇ ਕਤਲ ਉਪਰੰਤ ਬਾਹਮਣੀ ਰਾਜ ਖੇਰੂੰ-ਖੇਰੂੰ ਹੋ ਗਿਆ ਸੀ ਅਤੇ ਇਸ ਦੇ ਖੰਡਰਾਂ ਉੱਤੇ ਸੁਤੰਤਰ ਰਾਜ ਸਥਾਪਿਤ ਹੋਏ – ਬਰਾਰ ਦਾ ਇਮਾਦਸ਼ਾਹੀ ਰਾਜ (1484–1577), ਅਹਿਮਦਨਗਰ ਦਾ ਨਿਜ਼ਾਮਸ਼ਾਹੀ ਰਾਜ (1489–1633), ਬਿਜਾਪੁਰ ਦਾ ਆਦਿਲਸ਼ਾਹੀ ਰਾਜ (1489–1686), ਗੋਲਕੁੰਡਾ ਦਾ ਕੁਤੁਬਸ਼ਾਹੀ ਰਾਜ (1512–1687) ਅਤੇ ਬਿਦਰ ਦਾ ਬਰੀਦਾਸ਼ਾਹੀ ਰਾਜ (1526–1590)।

**(ii) ਵਿਜੈਨਗਰ** :- ਵਿਜੈਨਗਰ ਦਖੱਣ ਹਿੰਦੁਸਤਾਨ ਦਾ ਬਹੁਤ ਹੀ ਮਹਤਵਪੂਰਨ ਹਿੰਦੂ ਰਾਜ ਸੀ। ਇਸਦੀ ਸਥਾਪਨਾ 14ਵੀਂ ਸਦੀ ਵਿੱਚ ਹਰੀਹਰ ਅਤੇ ਬੁੱਕਾ ਰਾਏ ਨਾਮਕ ਦੋ ਭਰਾਵਾਂ ਨੇ ਕੀਤੀ ਸੀ। ਬਾਬਰ ਦੇ ਹਮਲੇ ਸਮੇਂ ਕ੍ਰਿਸ਼ਨ ਦੇਵ ਰਾਏ (1509–29) ਇਥੋਂ ਦਾ ਹਾਕਮ ਸੀ। ਕ੍ਰਿਸ਼ਨ ਦੇਵ ਰਾਏ ਵਿਜੈਨਗਰ ਦਾ ਸਭ ਤੋਂ ਮਹਾਨ ਸ਼ਾਸਕ ਸੀ। ਉਸਨੇ ਨਾਲ ਲਗੱਦੇ ਮੁਗਲ ਰਿਆਸਤਾਂ ਨੂੰ ਨਾ ਕੇਵਲ ਹਰਾ ਕੇ ਆਪਣੇ ਸਾਮਰਾਜ ਵਿੱਚ ਸ਼ਾਮਲ ਕਰਕੇ ਵਿਸਥਾਰ ਕੀਤਾ ਬਲਕਿ ਸੁਚਜੇ ਰਾਜ-ਪ੍ਰਬੰਧ ਦੀ ਵਿਵਸਥਾ ਅਤੇ ਕਲਾ ਅਤੇ ਸਾਹਿਤ ਦੀ ਉਨਤੀ ਲਈ ਵੀ ਸ਼ਲਾਗਾਯੋਗ ਯਤਨ ਕੀਤੇ।

**(iii) ਪੁਰਤਗਾਲੀ** :- 16ਵੀਂ ਸਦੀ ਦੇ ਆਰੰਭ ਵਿੱਚ ਹਿੰਦੋਸਤਾਨ ਦੇ ਪਛਮੀ ਤੱਟ ਤੇ ਪੁਰਤਗਾਲੀ ਵੀ ਸਥਾਈ ਰੂਪ ਵਿੱਚ ਆਕੇ ਵਸ ਗਏ ਸਨ। ਉਨ੍ਹਾਂ ਨੇ ਗੋਆ ਆਪਣੇ ਅਧੀਨ ਕਰ ਲਿਆ ਸੀ। ਉਹ ਦਖੱਣੀ ਭਾਗਾਂ ਵਿੱਚ ਆਪਣੇ ਰਾਜ ਦਾ ਪ੍ਰਸਾਰ ਕਰਨ ਦੇ ਯਤਨ ਕਰ ਰਹੇ ਸਨ। ਇਸ ਸਮੇਂ ਅਲਬੂਕਰਕ (1509–15) ਉਨ੍ਹਾਂ ਦਾ ਯੋਗ ਗਵਰਨਰ ਸੀ।

**ਅਭਿਆਸ ਲਈ ਪ੍ਰਸ਼ਨ :**

(i) ਦਿੱਲੀ ਵਿੱਚ 16ਵੀਂ ਸਦੀ ਦੇ ਆਰੰਭ ਵਿੱਚ ਕਿਹੜੇ ਵੰਸ਼ ਦਾ ਰਾਜ ਸੀ?

(ii) ਮੇਵਾੜ ਦੇ ਰਾਜ ਬਾਰੇ ਲਿਖੋ?

(iii) ਦੱਖਣੀ ਹਿੰਦੋਸਤਾਨ ਦੇ ਮੁਖ ਰਾਜਾ ਦੇ ਨਾਂ ਲਿਖੋ?

**3. ਪਾਨੀਪਤ ਦੀ ਪਹਿਲੀ ਲੜਾਈ :**

ਬਾਬਰ ਨੇ ਹਿੰਦ ਨੂੰ ਜਿੱਤਣ ਦੇ ਉਦੇਸ਼ ਨਾਲ ਹੀ ਇਥੇ ਹਮਲੇ ਕੀਤੇ। ਇਸ ਤੋਂ ਇਲਾਵਾ ਹਿੰਦੋਸਤਾਨ ਦੀ ਧਨ-ਦੌਲਤ ਨੇ ਵੀ ਉਸਨੂੰ ਖਿਚ ਪਾਈ। ਧਾਰਮਿਕ ਪੱਖੋਂ ਵੀ ਉਹ ਇਸਲਾਮ ਦਾ ਪ੍ਰਸਾਰ ਕਰਨਾ ਚਾਹੁੰਦਾ ਸੀ। ਅਜਿਹਾ ਕਰਕੇ ਉਹ ਮੁਸਲਿਮ ਜਗਤ ਵਿੱਚ ਪ੍ਰਤਿਸ਼ਠਾ ਅਤੇ ਪ੍ਰਸਿੱਧੀ ਪ੍ਰਾਪਤ ਕਰਨੀ ਚਾਹੁੰਦਾ ਸੀ।

3.1 **ਕਾਰਣ :**

**(i) ਪਹਿਲਾ ਹਮਲਾ (1519 ਈ.)** :- 1503 ਈ. ਵਿੱਚ ਜਦੋਂ ਬਾਬਰ ਥਾਂ-ਥਾਂ ਤੇ ਘੁੰਮਦਾ ਫਿਰਦਾ ਸੀ ਤਾਂ ਉਹ ਇੱਕ ਪਿੰਡ ਵਿੱਚ ਠਹਿਰੀਆ। ਉਥੇ 111 ਵਰਿਆਂ ਦੀ ਬੁੱਢੀ ਦਾਦੀ ਦੇ ਸੰਪਰਕ ਵਿੱਚ ਆਇਆ। ਉਸ ਬਿਰਧ ਔਰਤ ਨੇ ਬਾਬਰ ਨੂੰ ਤੈਮੂਰ ਦੇ ਹਿੰਦ ਹਮਲੇ ਦੀ ਕਹਾਣੀ ਸੁਣਾ ਕੇ ਹਿੰਦੋਸਤਾਨ ਜਿੱਤਣ ਲਈ ਪ੍ਰੇਰਿਤ ਕੀਤਾ। 1519 ਈ. ਵਿੱਚ ਬਾਬਰ ਨੇ ਹਿੰਦ ਤੇ ਪਹਿਲਾ ਹਮਲਾ ਕੀਤਾ। ਉਸਨੇ ਖਰੂਦੀ ਜਾਤੀ ਯੂਸਫ਼ਜਾਈ ਨੂੰ ਉਸਨੇ ਬੁਰੀ ਤਰ੍ਹਾਂ ਹਰਾਇਆ। ਉਸਨੇ ਬਜੌਰ ਅਤੇ ਭੇਰਾ ਨਾਮੀ ਸ਼ਹਿਰਾਂ ਨੂੰ ਆਪਣੇ ਅਧੀਨ ਕਰ ਲਿਆ। ਬਾਬਰ ਨੇ ਮੁੱਲਾ ਮੁਰਸ਼ਿਦ ਨਾਮੀ ਰਾਜਦੂਤ ਦਿੱਲੀ ਦੇ ਸੁਲਤਾਨ ਇਬਰਾਹਿਮ ਲੋਧੀ ਕੋਲ ਭੇਜਿਆ ਕਿ ਉਤੱਰ-ਪਛਮੀ ਪ੍ਰਦੇਸ਼ ਬਾਬਰ ਨੂੰ ਦੇ ਦਿੱਤੇ ਜਾਣ। ਪਰੰਤੂ ਮੁੱਲਾ ਮੁਰਸ਼ਿਦ ਨੂੰ ਦੋਲਤ ਖਾਂ ਲੋਧੀ ਨੇ ਪੰਜਾਬ ਵਿੱਚ ਹੀ ਰੋਕ ਲਿਆ। ਬਾਬਰ ਭੇਰਾ ਵਿੱਚ ਹਿੰਦੂ ਬੇਗ ਨਾਮਕ

ਸੈਨਿਕ ਅਧਿਕਾਰੀ ਨੂੰ ਛੱਡ ਕੇ ਆਪ ਕਾਬਲ ਵਾਪਿਸ ਚਲਾ ਗਿਆ।

**(ii)** **ਦੂਸਰਾ ਹਮਲਾ 1519 ਈ.** :– 1519 ਈ. ਵਿੱਚ ਸਤੰਬਰ ਦੇ ਮਹੀਨੇ ਵਿੱਚ ਹੀ ਬਾਬਰ ਨੇ ਹਿੰਦੋਸਤਾਨ ਤੇ ਦੂਜਾ ਹਮਲਾ ਕੀਤਾ। ਉਹ ਪਿਸ਼ਾਵਰ ਤੱਕ ਪਹੁੰਚਿਆ ਅਤੇ ਇਸਦੀ ਕਿਲ੍ਹਾਬੰਦੀ ਕਰਨ ਬਾਰੇ। ਸੋਚ ਰਿਹਾ ਸੀ ਜਦੋਂ ਬਦਖਸ਼ਾ ਵਿੱਚ ਗੜਬੜ ਹੋ ਜਾਣ ਦੇ ਕਾਰਣ ਉਸ ਨੂੰ ਵਾਪਸ ਜਾਣਾ ਪਿਆ।

**(iii)** **ਤੀਜਾ ਹਮਲਾ 1520 ਈ.** :– 1520 ਈ. ਵਿੱਚ ਤੀਜੇ ਹਮਲੇ ਦੌਰਾਨ ਬਜੌਰ ਅਤੇ ਭੇਰਾ ਨੂੰ ਜਿੱਤਣ ਉਪਰੰਤ ਸਿਆਲਕੋਟ ਉੱਤੇ ਚੜ੍ਹਾਈ ਕਰ ਦਿੱਤੀ। ਸਿਆਲਕੋਟ ਨੂੰ ਜਿੱਤਣ ਤੋਂ ਬਾਅਦ ਸਯੱਦਪੁਰ ਵੱਲ ਵਧਿਆ। ਇੱਥੇ ਲੋਕਾਂ ਨੇ ਉਸਦਾ ਵਿਰੋਧ ਕੀਤਾ ਤਾਂ ਬਾਬਰ ਨੇ ਵੀ ਗੁੱਸੇ ਵਿੱਚ ਆ ਕੇ ਲੋਕਾਂ ਤੇ ਜ਼ੁਲਮ ਢਾਹੇ ਅਤੇ ਬਹੁਤ ਸਾਰੇ ਲੋਕਾਂ ਨੂੰ ਬੰਦੀ ਵੀ ਬਣਾ ਲਿਆ। ਗੁਰੂ ਨਾਨਕ ਸਾਹਿਬ ਵੀ ਉਨ੍ਹਾਂ ਕੈਦੀਆਂ ਵਿੱਚੋਂ ਹੀ ਸਨ। ਇਸ ਸਮੇਂ ਕੰਧਾਰ ਵਿੱਚ ਸ਼ਾਹ ਬੇਗ ਨੇ ਗੜਬੜ ਮਚਾ ਦਿੱਤੀ। ਇਸ ਲਈ ਬਾਬਰ ਨੂੰ ਵਾਪਿਸ ਮੁੜਨਾ ਪਿਆ।

**(iv)** **ਚੌਥਾ ਹਮਲਾ 1524 ਈ.** :– 1524 ਈ. ਵਿੱਚ ਬਾਬਰ ਨੇ ਹਿੰਦੋਸਤਾਨ ਤੇ ਚੌਥਾ ਹਮਲਾ ਕੀਤਾ। ਇਹ ਹਮਲਾ ਦੌਲਤ ਖਾਂ ਲੋਧੀ ਦੇ ਬੁਲਾਏ ਤੇ ਕੀਤਾ। ਦੌਲਤ ਖਾਂ ਨੇ ਇਬਰਾਹਿਮ ਲੋਧੀ ਨੂੰ ਸਬਕ ਸਿਖਾਉਣ ਲਈ ਬਾਬਰ ਦੀ ਸਹਾਇਤਾ ਕਰਨ ਦਾ ਫੈਸਲਾ ਕੀਤਾ। ਇਸ ਉਦੇਸ਼ ਨਾਲ ਉਸਨੇ ਆਪਣੇ ਪੁੱਤਰ ਦਿਲਾਵਰ ਖਾਂ ਅਤੇ ਪ੍ਰਸਿੱਧ ਲੋਧੀ ਸਰਕਾਰ ਆਪਮ ਖਾਂ ਨੂੰ ਪਾਨ ਅਤੇ ਅੰਬਾਂ ਦੇ ਤੋਹਫੇ ਦੇ ਕੇ ਕਾਬਲ ਭੇਜਿਆ। ਬਾਬਰ ਨੇ ਇਸ ਸੱਦੇ ਦਾ ਸਵਾਗਤ ਕੀਤਾ। ਇਬਰਾਹਿਮ ਲੋਧੀ ਨੂੰ ਦੌਲਤ ਖਾਂ ਦੀ ਸਾਜ਼ਿਸ਼ ਦਾ ਪਤਾ ਚਲ ਗਿਆ ਤਾਂ ਉਸਨੇ ਬਹਾਰ ਖਾਂ ਅਤੇ ਮੁਬਾਰਕ ਖਾਂ ਦੀ ਅਗਵਾਈ ਹੇਠ ਲਾਹੌਰ ਵਲ ਸੈਨਾ ਭੇਜੀ। ਇਸ ਲੜਾਈ ਵਿੱਚ ਦੌਲਤ ਖਾਂ ਨੂੰ ਹਰਾ ਦਿੱਤਾ ਅਤੇ ਭਜਾ ਦਿੱਤਾ। ਇਸੇ ਸਮੇਂ ਬਾਬਰ ਨੇ ਹਿੰਦੋਸਤਾਨ ਤੇ ਹਮਲਾ ਕਰ ਦਿੱਤਾ ਅਤੇ ਸ਼ਾਹੀ ਅਧਿਕਾਰੀਆਂ ਨੂੰ ਹਰਾ ਕੇ ਲਾਹੌਰ ਤੇ ਕਬਜ਼ਾ ਕਰ ਲਿਆ। ਇਸ ਤੋਂ ਬਾਅਦ ਉਹ ਦਿਪਾਲ ਪੁਰ ਵੱਲ ਵਧੀਆ ਅਤੇ ਉਸ ਨੂੰ ਜਿੱਤ ਲਿਆ। ਦੌਲਤ ਖਾਂ ਨੂੰ ਆਸ ਸੀ ਕਿ ਬਾਬਰ ਉਸਨੂੰ ਸਾਰਾ ਪੰਜਾਬ ਦੇਵੇਗਾ ਪਰੰਤੂ ਉਸਨੂੰ ਕੇਵਲ ਜਲੰਧਰ ਅਤੇ ਸੁਲਤਾਨਪੁਰ ਦੇ ਹੀ ਇਲਾਕੇ ਮਿਲੇ। ਕੁਝ ਸਮੇਂ ਬਾਅਦ ਬਾਬਰ ਨੇ ਸੁਲਤਾਨਪੁਰ ਦਿਲਾਵਰ ਖਾਂ ਨੂੰ ਅਤੇ ਦਿਪਾਲਪੁਰ ਆਲਮ ਖਾਂ ਲੋਧੀ ਨੂੰ ਸੌਂਪ ਦਿੱਤਾ। ਸਿਆਲਕੋਟ ਵਿੱਚ ਆਪਣੀ ਫੌਜ ਰੱਖਕੇ ਕਾਬਲ ਮੁੜ ਗਿਆ।

ਬਾਬਰ ਨੇ ਜਾਦਿਆਂ ਹੀ ਦੌਲਤ ਖਾਂ ਦਿਲਾਵਰਖਾਂ ਅਤੇ ਆਲਮ ਖਾਂ ਤੋਂ ਸੁਲਤਾਨਪੁਰ ਤੇ ਦੀਪਾਲਪੁਰ ਦੇ ਇਲਾਕੇ ਖੋਹ ਲਏ। ਸਿਆਲਕੋਟ ਤੇ ਲਾਹੌਰ ਨੂੰ ਵਿਜੈ ਕਰਨ ਲਈ ਮੁਗਲ ਸੈਨਾ ਨਾਲ ਟਕੱਰ ਲਈ। ਆਲਮ ਖਾਂ ਕਾਬਲ ਭੱਜ ਗਿਆ ਅਤੇ ਬਾਬਰ ਤੋਂ ਸਹਾਇਤਾ ਦੀ ਮੰਗ ਕੀਤੀ। ਗਲਬਾਤ ਉਪਰੰਤ ਦੋਹਾਂ ਵਿੱਚਕਾਰ ਇਹ ਸਮਝੌਤਾ ਹੋਇਆ ਕਿ ਬਾਬਰ ਦਿੱਲੀ–ਆਗਰਾ ਦੀ ਰਾਜਗੱਦੀ ਪ੍ਰਾਪਤ ਕਰਨ ਵਿੱਚ ਆਲਮ ਖਾਂ ਦੀ ਸਹਾਇਤਾ ਕਰੇਗਾ ਅਤੇ ਆਲਮ ਖਾਂ ਪੰਜਾਬ ਉੱਤੇ ਬਾਬਰ ਦਾ ਅਧਿਕਾਰ ਸਵੀਕਾਰ ਕਰੇਗਾ। ਜਦੋਂ ਆਲਮ ਖਾਂ ਲਾਹੌਰ ਆਇਆ ਤਾਂ ਦੌਲਤ ਖਾਂ ਨੇ ਉਸਨੂੰ ਆਪਣੇ ਨਾਲ ਗੰਢ ਲਿਆ ਅਤੇ ਆਲਮ ਖਾਂ ਨੇ ਬਾਬਰ ਨਾਲ ਕੀਤੀ ਸੰਧੀ ਭੰਗ ਕਰ ਦਿੱਤੀ। ਦੋਵੇਂ (ਆਲਮ ਖਾਂ ਅਤੇ ਦੌਲਤ ਖਾਂ) ਸਰਦਾਰ ਇਬਰਾਹੀਮ ਨਾਲ ਯੁੱਧ ਕਰਨ ਦੀਆਂ ਤਿਆਰੀਆਂ ਕਰਨ ਲੱਗੇ।

**(v)** **ਪੰਜਵਾਂ ਹਮਲਾ 1525–26 ਈ.** :– ਨਵੰਬਰ 1526 ਈ. ਵਿੱਚ ਬਾਬਰ ਸੈਨਾ ਸਹਿਤ ਪੰਜਾਬ ਵੱਲ ਕੂਚ ਕੀਤਾ ਸਿਆਲਕੋਟ ਪਹੁੰਚ ਕੇ ਉਸਨੂੰ ਆਲਮ ਖਾਂ ਦੇ ਧੋਖੇ ਦਾ ਪਤਾ ਲੱਗਾ ਉਸਨੇ ਅਫ਼ਗਾਨ ਸਰਦਾਰਾ ਵਿਰੁੱਧ ਯੁੱਧ ਕਰਨ ਦਾ ਨਿਸ਼ਚੇ ਕਰ ਲਿਆ। ਬਾਬਰ ਦੇ 12,000 ਸੈਨਿਕਾਂ ਸਹਿਤ ਕੂਚ ਕਰਨ ਦਾ ਸਮਾਚਾਰ ਮਿਲਦਿਆਂ ਹੀ ਦੌਲਤ ਖਾਂ ਨੇ ਹੁਸ਼ਿਆਰਪੁਰ ਜਿਲ੍ਹੇ ਵਿੱਚ ਸਥਿਤ ਮਲੋਟ ਵਿਖੇ ਸ਼ਰਨ ਲੈ ਲਈ। ਬਾਬਰ ਸਿਆਲਕੋਟ ਤੋਂ ਪਸਰੂਰ, ਕਲਾਨੋਰ ਆਦਿ ਹੁੰਦਾ ਹੋਇਆ ਮਲੋਟ ਪਹੁੰਚਿਆ। ਦੌਲਤ ਖਾਂ ਨੇ ਆਪਣੇ ਪੋਤਰੇ ਇਸਮਾਇਲ ਖਾਂ ਦੁਆਰਾ ਬਾਬਰ ਨੂੰ ਸੰਦੇਸ਼ ਵਿੱਚ ਮੁਆਫ ਕਰਨ ਲਈ ਕਿਹਾ। ਦੌਲਤ ਖਾਂ ਨੂੰ ਪਕੜ ਦੇ ਬਾਬਰ

ਅੱਗੇ ਪੇਸ਼ ਕੀਤਾ ਗਿਆ। ਬਾਬਰ ਨੇ ਦਯਾ ਕਰਦੇ ਹੋਏ ਉਸਨੂੰ ਮੁਆਫ਼ ਕਰ ਦਿੱਤਾ ਅਤੇ ਗੁਜਾਰੇ ਲਈ ਜਾਗੀਰ ਵੀ ਪ੍ਰਦਾਨ ਕੀਤੀ। ਇਸ ਪ੍ਰਕਾਰ ਬਾਬਰ ਨੇ ਬਿਨਾਂ ਕਿਸੇ ਖਾਸ ਵਿਰੋਧ ਦੇ ਪੰਜਾਬ ਤੇ ਕਬਜ਼ਾ ਕਰ ਲਿਆ।

### 3.2 ਪਾਨੀਪਤ ਦੀ ਲੜਾਈ ਦੀਆਂ ਘਟਨਾਵਾਂ (1526) :

ਪੰਜਾਬ ਉੱਤੇ ਕਬਜ਼ੇ ਤੋਂ ਬਾਅਦ ਬਾਬਰ ਦਿੱਲੀ ਵੱਲ ਵਧੀਆ ਤਾਂ ਇਬਰਾਹੀਮ ਲੋਧੀ ਦੇ ਸਤਾਏ ਹੋਏ ਸਰਦਾਰਾਂ ਨੇ ਉਸਦਾ ਸਵਾਗਤ ਕੀਤਾ। 12 ਅਪ੍ਰੈਲ 1526 ਈ. ਨੂੰ ਮੁਗਲ ਫੌਜਾਂ ਪਾਨੀਪਤ ਦੇ ਇੱਕ ਮੈਦਾਨ ਵਿੱਚ ਪਹੁੰਚ ਗਈਆਂ। ਬਾਬਰ ਨੇ ਆਪਣੇ 25,000 ਸੈਨਿਕਾਂ ਸਮੇਤ ਪਾਨੀਪਤ ਦੇ ਇੱਕ ਅਨੁਕੂਲ ਸਥਾਨ ਤੇ ਡੇਰੇ ਲਾਏ। ਉਸਦੀ ਸੱਜੀ ਤਰਫ਼ ਦੀ ਰਖਿਆ ਤਾਂ ਪਾਨੀਪਤ ਦੇ ਸ਼ਹਿਰ ਨੇ ਕਰਨੀ ਸੀ ਅਤੇ ਖਬੀ ਤਰਫ਼ ਖਾਈਆ ਪੁਟ ਕੇ ਰੁਖ ਸੁਟ ਦਿੱਤੇ ਗਏ। ਲਗਭਗ 700 ਤੋਪ ਗੱਡੀਆਂ ਨੂੰ ਰਸਿਆਂ ਨਾਲ ਬੰਨ੍ਹ ਕੇ ਇੱਕ ਕਤਾਰ ਵਿੱਚ ਖੜ੍ਹਾ ਕਰ ਦਿੱਤਾ। ਇਨ੍ਹਾਂ ਪਿਛੇ ਬੰਦੂਕਚੀਆਂ ਨੂੰ ਖੜੇ ਕਰ ਦਿੱਤਾ। ਸੱਜੇ ਕੇਂਦਰ ਅਤੇ ਖਬੇ ਕੇਂਦਰ ਵਿੱਚ ਉਸਤਾਦ ਅਲੀ ਅਤੇ ਮੁਸੱਤਫਾ ਵਰਗੇ ਨਿਪੁੰਨ ਤੋਪਚੀ ਨੂੰ ਸਥਾਨ ਦਿੱਤਾ। ਸੈਨਾ ਦੇ ਸੱਜੇ ਅਤੇ ਖੱਬੇ ਪਾਸੇ 'ਤੁਲਗਮਾ' ਪਾਰਟੀਆਂ ਖੜ੍ਹੀਆਂ ਕੀਤੀਆਂ ਗਈਆਂ ਜੋ ਦੁਸ਼ਮਨ ਨੂੰ ਨਜ਼ਰ ਨਹੀਂ ਆ ਸਕਦੀਆਂ ਸਨ। ਸੈਨਾ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ-ਸੱਜੇ ਹਿੱਸੇ ਸੈਨਾਪਤੀ ਹੁਮਾਯੂੰ, ਖੱਬੇ ਦਾ ਮੁਹੰਮਦ ਸੁਲਤਾਨ ਮਿਰਜ਼ਾ ਅਤੇ ਕੇਂਦਰ ਵਿੱਚ ਬਾਬਰ ਆਪ ਸੀ।

ਦੂਜੇ ਪਾਸੇ ਇਬਰਾਹੀਮ ਲੋਧੀ ਲਗਭਗ 1,00,000 ਸੈਨਿਕ ਅਤੇ 1000 ਹਾਥੀਆਂ ਸਹਿਤ ਪਾਨੀਪਤ ਪਹੁੰਚਿਆ। ਉਸਦੀ ਸੈਨਿਕ ਗਿਣਤੀ ਤਾਂ ਬਹੁਤ ਸੀ ਪਰੰਤੂ ਸਾਰੇ ਸੈਨਿਕ ਭਾੜੇ ਦੇ ਸਨ ਜਿਨ੍ਹਾਂ ਵਿੱਚ ਬਹਾਦਰੀ ਉਤਸ਼ਾਹ ਤੇ ਅਨੁਸ਼ਾਸਨ ਦੀ ਘਾਟ ਸੀ ਅਤੇ ਉਨ੍ਹਾਂ ਦੇ ਲੜਨ ਦੇ ਵੀ ਢੰਗ ਪੁਰਾਣੇ ਸਨ।

ਇੱਕ ਹਫ਼ਤੇ ਤੱਕ ਦੋਵੇਂ ਫੌਜਾਂ ਇੱਕ ਦੂਜੇ ਦੇ ਸਾਹਮਣੇ ਖੜੀਆਂ ਰਹੀਆਂ ਪਰ ਕਿਸੇ ਵੀ ਧਿਰ ਨੇ ਯੁੱਧ ਆਰੰਭ ਕਰਨ ਦਾ ਹੌਂਸਲਾ ਨਾ ਕੀਤਾ। ਅੰਤ 21 ਅਪ੍ਰੈਲ 1526 ਈ. ਨੂੰ ਬਾਬਰ ਨੇ ਹਮਲਾ ਕਰ ਦਿੱਤਾ। ਸਵੇਰੇ 9 ਵਜੇ ਲੜਾਈ ਸ਼ੁਰੂ ਹੋਈ। ਅਫਗਾਨ ਲੋਕ ਸੱਜੇ ਪਾਸੇ ਵਧੇ ਪਰ ਖਾਈਆਂ ਨੂੰ ਦੇਖ ਕੇ ਪਰੇਸ਼ਾਨ ਹੋ ਗਏ। ਤੁਲੁਗਮਾ ਟੋਲੀਆਂ ਨੇ ਉਨ੍ਹਾਂ ਨੂੰ ਘੇਰ ਲਿਆ ਅਤੇ ਕੇਂਦਰ ਤੋਂ ਤੋਪਾਂ ਵੀ ਚਲਣੀਆਂ ਸ਼ੁਰੂ ਹੋ ਗਈਆਂ। ਉਹ ਆਪ 15-16 ਹਜ਼ਾਰ ਅਫਗਾਨਾਂ ਸਮੇਤ ਲੜਾਈ ਵਿੱਚ ਮਾਰਿਆ ਗਿਆ। ਇਸ ਤਰ੍ਹਾਂ ਬਾਬਰ ਨੂੰ ਸ਼ਾਨਦਾਰ ਜਿੱਤ ਹਾਸਿਲ ਹੋਈ। ਬਾਬਰ ਆਤਮ ਕਥਾ ਵਿੱਚ ਆਪ ਲਿਖਦਾ ਹੈ, ''ਸਰਵਸ਼ਕਤੀਮਾਨ ਅੱਲਾਹ ਦੀ ਦਇਆ ਅਤੇ ਕ੍ਰਿਪਾਲਤਾ ਨਾਲ ਇਹ ਔਖਾ ਕੰਮ ਮੇਰੇ ਲਈ ਸੌਖਾ ਬਣ ਗਿਆ ਅਤੇ ਉਸ ਸ਼ਕਤੀਮਾਨ ਫੌਜ ਨੂੰ ਅੱਧੇ ਦਿਨ ਵਿੱਚ ਹੀ ਮਿੱਟੀ ਵਿੱਚ ਮਿਲਾ ਦਿੱਤਾ ਗਿਆ।''

### 3.3 ਲੜਾਈ ਦੇ ਨਤੀਜੇ :

ਪਾਨੀਪਤ ਦੀ ਲੜਾਈ ਹਿੰਦੋਸਤਾਨ ਦੇ ਇਤਿਹਾਸ ਦੀ ਸਭ ਤੋਂ ਮਹਤਵਪੂਰਨ ਲੜਾਈ ਮੰਨੀ ਜਾਂਦੀ ਹੈ। ਇਸ ਦੇ ਕਈ ਮਹਤਵਪੂਰਨ ਸਿੱਟੇ ਨਿਕਲੇ :-

(i) ਇਸ ਲੜਾਈ ਵਿੱਚ ਲੋਧੀ ਵੰਸ਼ ਦੇ ਸੁਲਤਾਨ ਇਬਰਾਹੀਮ ਲੋਧੀ ਮਾਰੀਆ ਗਿਆ ਜਿਸ ਨਾਲ ਦਿੱਲੀ ਸਲਤਨਤ ਦੇ ਲੋਧੀ ਵੰਸ਼ ਦਾ ਰਾਜ ਸਮਾਪਤ ਹੋ ਗਿਆ।

(ii) ਪਾਨੀਪਤ ਦੀ ਲੜਾਈ ਤੋਂ ਬਾਅਦ ਹਿੰਦੋਸਤਾਨ ਵਿੱਚ ਮੁਗਲ ਵੰਸ਼ ਦੀ ਸਥਾਪਨਾ ਹੋਈ। ਬਾਬਰ ਮੁਗਲ ਵੰਸ਼ ਨਾਲ ਸੰਬੰਧ ਰੱਖਦਾ ਸੀ ਅਤੇ ਉਸਨੇ ਆਪਣੇ ਆਪ ਨੂੰ ਹਿੰਦੋਸਤਾਨ ਦਾ ਸ਼ਾਸਕ ਹੋਣ ਦਾ ਐਲਾਨ ਕੀਤਾ ਅਤੇ ਉਸਦੇ ਨਾਂ ਦਾ ਖੁਤਬਾ ਪੜ੍ਹਿਆ ਗਿਆ।

(iii) ਬਾਬਰ ਦੇ ਜੀਵਨ ਤੇ ਇਸ ਜਿੱਤ ਦਾ ਪ੍ਰਭਾਵ ਪਿਆ ਅਤੇ ਉਸਨੇ ਸਥਾਈ ਰੂਪ ਵਿੱਚ ਰਹਿਣ ਦਾ ਨਿਸ਼ਚੇ ਕੀਤਾ। ਬਾਅਦ ਵਿੱਚ ਮੁਗਲ ਵੰਸ਼ ਦੇ ਸ਼ਾਸਕਾਂ ਅਧੀਨ ਹਿੰਦੋਸਤਾਨ ਨੇ ਅਸਾਧਾਰਣ ਉੱਨਤੀ ਅਤੇ ਮਹਾਨਤਾ ਪ੍ਰਾਪਤ ਕੀਤੀ।

(iv) ਇਸ ਲੜਾਈ ਉਪਰੰਤ ਹਿੰਦੋਸਤਾਨ ਵਿੱਚ ਯੁੱਧ ਸਮੇਂ ਤੋਪਾਂ ਦੀ ਵਰਤੋਂ ਕੀਤੀ ਜਾਣ ਲੱਗੀ। ਪਹਿਲੀ ਵਾਰ ਇਸ ਲੜਾਈ ਵਿੱਚ ਮੁਗਲਾਂ ਦੁਆਰਾ ਤੋਪਖਾਨੇ ਦੀ ਵਰਤੋਂ ਕੀਤੀ ਗਈ ਸੀ ਅਤੇ ਆਉਣ ਵਾਲੇ ਸਮੇਂ ਵਿੱਚ ਇਹ ਹਿੰਦੋਸਤਾਨੀ ਸੈਨਾ ਦਾ ਇੱਕ ਮੁੱਖ ਅਤੇ ਜ਼ਰੂਰੀ ਅੰਗ ਬਣ ਗਿਆ।

### 3.4 ਬਾਬਰ ਦੀ ਜਿੱਤ ਦੇ ਕਾਰਣ :

ਪਾਨੀਪਤ ਦੀ ਪਹਿਲੀ ਲੜਾਈ ਵਿੱਚ ਇਬਰਾਹੀਮ ਦੇ ਮੁਕਾਬਲੇ ਬਾਬਰ ਦੀ ਸੈਨਿਕ ਗਿਣਤੀ ਕੀਤੇ ਘੱਟ ਸੀ ਪਰੰਤੂ ਫਿਰ ਵੀ ਉਸਨੂੰ ਸ਼ਾਨਦਾਰ ਜਿੱਤ ਹਾਸਿਲ ਹੋਈ। ਇਸ ਜਿੱਤ ਦੇ ਕਈ ਕਾਰਨ ਸਨ :–

(i) ਬਾਬਰ ਦੇ ਚੰਗੇ ਭਾਗਾਂ ਨੂੰ ਉਸਦਾ ਵਿਰੋਧੀ ਇਬਰਾਹੀਮ ਲੋਧੀ ਲੋਕ-ਪ੍ਰਿਯ ਹਾਕਮ ਨਹੀਂ ਸੀ। ਉਹ ਆਪਣੇ ਸ਼ਕੀ ਅਤੇ ਭੈੜੇ ਵਰਤਾਓ ਕਾਰਨ ਅਫਗਾਨ ਸਰਦਾਰਾਂ ਵਿੱਚ ਅਪ੍ਰਿਯ ਸੀ। ਇਸ ਕਾਰਨ ਕਿਸੇ ਵੀ ਅਫਗਾਨ ਜਾਂ ਰਾਜਪੂਤ ਸਰਦਾਰਾਂ ਅਤੇ ਸ਼ਾਸਕਾਂ ਨੇ ਬਾਬਰ ਵਿਰੁੱਧ ਉਸਦਾ ਸਾਥ ਨਾ ਦਿੱਤਾ।

(ii) ਇਬਰਾਹੀਮ ਲੋਧੀ ਯੋਗ ਸੈਨਾਪਤੀ ਨਹੀਂ ਸੀ। ਉਸ ਵਿੱਚ ਸੁਚਜੇ ਸੈਨਾਪਤੀ ਦੇ ਗੁਣਾਂ ਦੀ ਘਾਟ ਸੀ। ਉਹ ਬਿਨਾਂ ਕੋਈ ਯੋਜਨਾ ਬਣਾਏ ਜਾਂ ਸਲਾਹ-ਮਸ਼ਵਰਾ ਕੀਤੇ ਹੀ ਅੱਗੇ ਵੱਧ ਜਾਂਦਾ ਅਤੇ ਬਿਨਾਂ ਸੋਚੇ -ਸਮਝੇ ਲੜਾਈ ਵਿੱਚ ਲੜਦਾ ਜਾਂ ਪਿਛੇ ਹਟ ਜਾਂਦਾ। ਇਸ ਕਾਰਨ ਪਾਨੀਪਤ ਦੀ ਲੜਾਈ ਵਿੱਚ ਬਾਬਰ ਨੂੰ ਜਿੱਤ ਹਾਸਿਲ ਹੋਈ।

(iii) ਮੁਗਲ ਸੈਨਾ ਦੇ ਮੁਕਾਬਲੇ ਅਫਗਾਨ ਸੈਨਾ ਦੁਰਬਲ ਸਿੱਧ ਹੋਈ। ਬੇਸ਼ਕ ਅਫਗਾਨ ਸੈਨਾ ਦੀ ਗਿਣਤੀ ਜ਼ਿਆਦਾ ਸੀ ਪਰੰਤੂ ਉਨ੍ਹਾਂ ਦੇ ਲੜਣ ਦੇ ਢੰਗ ਪੁਰਾਨੇ ਸਨ। ਉਹ ਤੀਰ ਕਮਾਣ, ਤਲਵਾਰ, ਨੇਜ਼ਿਆ ਆਦਿ ਨਾਲ ਲੜ ਰਹੇ ਸਨ ਜਦ ਕਿ ਮੁਗਲ ਤੋਪਾਂ ਦੀ ਵਰਤੋਂ ਕਰ ਰਹੇ ਸਨ। ਅਫਗਾਨ ਸੈਨਿਕ ਭਾੜੇ ਦੇ ਸਨ ਉਨ੍ਹਾਂ ਵਿੱਚ ਬਹਾਦਰੀ, ਦੇਸ਼ ਭਗਤੀ ਆਦਿ ਜਜ਼ਬੇ ਦੀ ਥਾਂ ਜਾਨ ਅਤੇ ਧਨ ਦਾ ਵਧੇਰੇ ਖਿਆਲ ਸੀ।

(iv) ਬਾਬਰ ਇੱਕ ਯੋਗ ਅਤੇ ਦਲੇਰ ਸੈਨਾਪਤੀ ਸੀ ਜੋ ਯੁੱਧ ਦੀ ਯੋਜਨਾ ਬਣਾਉਣ ਵਿੱਚ ਉਸਨੂੰ ਅਸਲੀ ਰੂਪ ਦੇਣ ਵਿੱਚ ਨਿਪੁੰਨ ਸੀ। ਉਸਨੂੰ ਵੱਖ-ਵੱਖ ਜਾਤੀਆਂ ਤੋਂ ਲੜਾਈ ਦੇ ਚੰਗੇ ਢੰਗ ਸਿੱਖ ਲਏ ਸਨ ਅਤੇ ਜਿਨ੍ਹਾਂ ਦੀ ਵਰਤੋਂ ਉਸਨੇ ਪਾਨੀਪਤ ਦੇ ਰੂਪ ਵਿੱਚ ਕੀਤੀ ਅਤੇ ਜਿੱਤ ਹਾਸਿਲ ਕੀਤੀ। ਇਹ ਹੀ ਨਹੀਂ ਉਸਨੇ ਆਪਣੇ ਸੈਨਿਕਾਂ ਦੀ ਯੋਗ ਅਗਵਾਈ ਕੀਤੀ ਤੇ ਯੋਜਨਾ ਨੂੰ ਕੁਸ਼ਲਤਾਪੂਰਵਕ ਕਾਰਜ ਰੂਪ ਦਿੱਤਾ।

### ਅਭਿਆਸ ਲਈ ਪ੍ਰਸ਼ਨ

**ਸਹੀ ਉੱਤਰ ਤੇ ਨਿਸ਼ਾਨ ਲਗਾਉ :**

(i) ਪਾਨੀਪਤ ਦੀ ਪਹਿਲੀ ਲੜਾਈ 21 ਅਪ੍ਰੈਲ 1526/20 ਅਪ੍ਰੈਲ 1527 ਈ. ਵਿੱਚ ਹੋਈ।

(ii) ਇਸ ਲੜਾਈ ਵਿੱਚ ਪਹਿਲੀ ਵਾਰ ਬਾਬਰ ਦੁਆਰਾ ਤੋਪਖਾਨੇ/ਚਿਸ਼ਤੀਆਂ ਦੀ ਵਰਤੋਂ ਕੀਤੀ ਗਈ।

(iii) ਇਸ ਲੜਾਈ ਵਿੱਚ ਇਬਰਾਹੀਮ/ਬਾਬਰ ਦੀ ਜਿੱਤ ਹੋਈ।

(iv) ਇਬਰਾਹੀਮ ਦੀ ਸੈਨਿਕ ਸੰਖਿਆ 12,000/7,00,000 ਸੀ।

### 4. ਬਾਬਰ ਦਾ ਹਿੰਦੋਸਤਾਨ ਤੇ ਕਬਜ਼ਾ :

ਪਾਨੀਪਤ ਦੀ ਲੜਾਈ ਤੋਂ ਬਾਅਦ ਬਾਬਰ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਇਸ ਲੜਾਈ ਵਿੱਚ ਇਬਰਾਹੀਮ ਦੀ ਮੌਤ ਦੀ ਖ਼ਬਰ ਸੁਣ ਕੇ ਬਹੁਤ ਸਾਰੇ ਅਫਗਾਨ ਸਰਦਾਰਾਂ ਦੇ ਆਪਣੇ-ਆਪ ਨੂੰ ਸੁਤੰਤਰ ਘੋਸ਼ਿਤ ਕਰ ਦਿਤੱਾ। ਇਬਰਾਹੀਮ ਦਾ ਭਰਾ ਸੁਲਤਾਨ ਮਹਿਮੂਦ ਲੋਧੀ ਦਿੱਲੀ ਸਲਤਨਤ ਦਾ ਸ਼ਾਸਕ ਬਣਨ ਦਾ ਚਾਹਵਾਨ ਸੀ। ਬਾਬਰ ਨੂੰ ਵੀ ਜਨਤਾ ਦਾ ਸਹਿਯੋਗ ਪ੍ਰਾਪਤ ਨਹੀਂ ਸੀ। ਇਸ ਲੜਾਈ ਉਪਰੰਤ ਲੋਕ

ਉਸਨੂੰ ਜ਼ਾਲਮ ਵਿਦੇਸ਼ੀ ਹਮਲਾਵਰ ਸਮਝਦੇ ਸਨ। ਬਾਬਰ ਨੂੰ ਸਭ ਤੋਂ ਵੱਡਾ ਖਤਰਾ ਰਾਜਪੂਤਾਂ ਦਾ ਸੀ। ਰਾਣਾ ਸੰਗ੍ਰਾਮ ਸਿੰਘ ਦੀ ਅਗਵਾਈ ਹੇਠ ਰਾਜਪੂਤ ਸੈਨਾਵਾਂ ਸੰਗਠਿਤ ਹੋ ਰਹੀਆਂ ਸਨ। ਇਨ੍ਹਾਂ ਸਭ ਔਕੜਾਂ ਦਾ ਸਾਹਮਣਾ ਬਾਬਰ ਨੇ ਬੜੇ ਅਸਾਧਾਰਣ ਸਾਹਸ, ਜੋਸ਼ ਅਤੇ ਬਹਾਦਰੀ ਨਾਲ ਕੀਤਾ। ਸਭ ਤੋਂ ਪਹਿਲਾਂ ਬਾਬਰ ਬਿਨ੍ਹਾਂ ਕਿਸੇ ਰੋਕ-ਟੋਕ ਦੇ ਦਿੱਲੀ ਪਹੁੰਚਿਆ ਅਤੇ ਆਪਣਾ ਅਧਿਕਾਰ ਕਰ ਲਿਆ। ਫਿਰ ਉਹ ਆਗਰੇ ਵੱਲ ਵਧਿਆ ਪਰ ਹੁਮਾਯੂੰ ਨੇ ਪਹਿਲਾਂ ਹੀ ਆਗਰੇ ਤੇ ਕਬਜ਼ਾ ਕਰ ਲਿਆ ਸੀ ਅਤੇ ਆਪਣੇ ਪਿਤਾ ਦਾ ਨਿੱਘਾ ਸੁਆਗਤ ਕੀਤਾ। ਹਿੰਦੋਸਤਾਨ ਦੇ ਮਦਵਰਤੀ ਪ੍ਰਦੇਸ਼ਾਂ ਨੂੰ ਵੀ ਬਾਬਰ ਨੇ ਆਪਣੇ ਅਧੀਨ ਕਰ ਲਿਆ ਜਿਵੇਂ-ਸੰਤਲ, ਬਿਆਨਾ, ਇਟਾਵਾ, ਧੌਲਪੁਰ, ਗਵਾਲੀਅਰ, ਜੌਨਪੁਰ, ਗਾਜ਼ੀਪੁਰ, ਕਾਲਪੀ, ਕਨੌਜ ਆਦਿ।

**4.1 ਕਨਵਾਹ ਦੀ ਲੜਾਈ 1527 :**

ਇਹ ਯੁੱਧ ਰਾਜਪੂਤ ਜਿਨ੍ਹਾਂ ਦੀ ਅਗਵਾਈ ਰਾਣਾ ਸਾਂਗਾ ਕਰ ਰਹੇ ਸਨ ਅਤੇ ਬਾਬਰ ਵਿੱਚਕਾਰ ਕਨਵਾਹ ਨਾਮਕ ਸਥਾਨ ਤੇ ਹੋਇਅ। ਰਾਣਾ ਸਾਂਗਾ ਹਿੰਦੋਸਤਾਨ ਵਿੱਚ ਹਿੰਦੂ ਸਾਮਰਾਜ ਜਾਂ ਹਿੰਦੂ ਪਾਦਸ਼ਾਹੀ ਸਥਾਪਤ ਕਰਨਾ ਚਾਹੁੰਦਾ ਸੀ। ਪਾਨੀਪਤ ਦੀ ਲੜਾਈ ਉਪਰੰਤ ਉਸਨੂੰ ਉਮੀਦ ਸੀ ਕਿ ਬਾਬਰ ਆਪਣੇ ਪੂਰਵਜ਼ ਤੈਮੂਰ ਅਤੇ ਉੱਤਰ-ਪੱਛਮ ਵਲੋਂ ਆਏ ਹਮਲਾਵਰਾਂ ਦੀ ਤਰ੍ਹਾਂ ਦਿੱਲੀ ਅਤੇ ਆਸ-ਪਾਸ ਦੇ ਪ੍ਰਦੇਸ਼ਾਂ ਵਿੱਚ ਲੁਟ-ਮਾਰ ਕਰਕੇ ਵਾਪਸ ਚਲਾ ਜਾਵੇਗਾ ਅਤੇ ਬਾਬਰ ਦੀ ਗੈਰ ਹਾਜ਼ਰੀ ਵਿੱਚ ਉਹ ਆਪਣੇ ਰਾਜ ਦਾ ਵਿਸਥਾਰ ਕਰ ਸਕਦਾ ਸੀ। ਪਰੰਤੂ ਜਦੋਂ ਬਾਬਰ ਨੇ ਦਿੱਲੀ ਅਤੇ ਆਗਰੇ ਉੱਤੇ ਅਧਿਕਾਰ ਕਰ ਲਿਆ ਅਤੇ ਹਿੰਦੋਸਤਾਨ ਵਿੱਚ ਮੁਗਲ ਰਾਜ ਸਥਾਪਿਤ ਕਰਨ ਦਾ ਐਲਾਨ ਕਰ ਦਿੱਤਾ ਤਾਂ ਉਹ ਭੜਕ ਗਿਆ। ਪਾਨੀਪਤ ਦੀ ਲੜਾਈ ਤੋਂ ਪਹਿਲਾਂ ਬਾਬਰ ਅਤੇ ਰਾਣਾ ਸਾਂਗਾ ਵਿੱਚਕਾਰ ਸੰਧੀ ਹੋਈ ਜਿਸ ਅਨੁਸਾਰ ਰਾਣਾ ਨੇ ਆਗਰੇ ਵਲੋਂ ਇਬਰਾਹੀਮ ਦੇ ਪ੍ਰਦੇਸ਼ਾਂ ਉੱਤੇ ਰਾਣਾ ਦਾ ਵਚਨ ਦਿੱਤਾ ਅਤੇ ਬਾਬਰ ਨੇ ਕਾਲਪੀ, ਧੌਲਪੁਰ ਅਤੇ ਬਿਆਨਾ ਦੇ ਪ੍ਰਦੇਸ਼ਾਂ ਉੱਤੇ ਰਾਣਾ ਦਾ ਅਧਿਕਾਰ ਮੰਨ ਲਿਆ ਸੀ। ਪਰੰਤੂ ਰਾਣਾ ਸਾਂਗਾ ਨੇ ਬਾਬਰ ਦੀ ਸਹਾਇਤਾ ਨਾ ਕੀਤੀ ਅਤੇ ਬਾਅਦ ਵਿੱਚ ਬਾਬਰ ਨੇ ਵੀ ਙਿਨਾ ਪ੍ਰਦੇਸ਼ਾਂ ਉੱਤੇ ਅਧਿਕਾਰ ਕਰ ਲਿਆ। ਦੋਹਾਂ ਨੇ ਇਕ-ਦੂਜੇ ਉੱਤੇ ਵਚਨ ਭੰਗ ਕਰਨ ਦਾ ਦੋਸ਼ ਲਗਾਇਆ। ਮਾਰਗ 1527 ਦੇ ਆਰੰਭ ਵਿਚ ਮੁਗਲ ਅਤੇ ਰਾਜਪੂਤ ਫੌਜਾਂ ਨੇ ਕਨਵਾਹ (ਫਤਿਹਪੁਰ ਸੀਕਰੀ ਤੋਂ 16 ਕਿ.ਮੀ.) ਦੇ ਸਥਾਨ ਤੇ ਇੱਕ ਦੂਜੇ ਦਾ ਸਾਹਮਣਾ ਕੀਤਾ। ਬਾਬਰ ਦੀ ਸੈਨਿਕ ਸੰਖਿਆ 40,000 ਸੀ ਅਤੇ ਇੱਕ ਵਾਰ ਫਿਰ ਬਾਬਰ ਨੇ ਤੋਪਖਾਨੇ ਅਤੇ ਤੁਲੁਗਮਾ ਦੀ ਵਰਤੋਂ ਕੀਤੀ। ਰਾਜਪੂਤਾਂ ਦੀ ਸੈਨਿਕ ਸੰਖਿਆ ਲਗਭਗ ਇੱਕ ਲੱਖ ਸੀ। 17 ਮਾਰਚ 1527 ਈ. ਨੂੰ ਸਵੇਰੇ 9 ਵਜੇ ਲਗਭਗ ਲੜਾਈ ਆਰੰਭ ਹੋਈ। ਦੋਹੇ ਧਿਰਾਂ ਬਹਾਦਰੀ ਨਾਲ ਲੜੀਆਂ ਪਰੰਤੂ ਤੋਪਾਂ ਅੱਗੇ ਰਾਜਪੂਤ ਆਪਣੇ ਆਪ ਨੂੰ ਬੇਬਸ ਪਾਇਆ। ਇਸ ਤਰ੍ਹਾਂ ਦਸ ਘੰਟਿਆਂ ਦੇ ਯੁੱਧ ਤੋਂ ਬਾਅਦ ਬਾਬਰ ਨੂੰ ਇੱਕ ਸ਼ਾਨਦਾਰ ਜਿੱਤ ਪ੍ਰਾਪਤ ਹੋਈ। ਰਾਣਾ ਸੰਗ੍ਰਾਮ ਸਿੰਘ ਇਸ ਯੁੱਧ ਵਿੱਚ ਘੱਇਲ ਹੋ ਗਏ ਪਰ ਉਨ੍ਹਾਂ ਦੇ ਵਫ਼ਾਦਾਰ ਸੈਨਿਕ ਉਸਨੂੰ ਰਣਭੂਮੀ 'ਚੋਂ ਜੀਉਂਦੇ ਹੀ ਚੁੱਕ ਕੇ ਲੈ ਗਏ।

ਇਸ ਲੜਾਈ ਦੇ ਸਿੱਟੇ ਵਜੋਂ ਰਾਜਪੂਤ ਸ਼ਕਤੀ ਕਮਜ਼ੋਰ ਹੋ ਗਈ ਅਤੇ ਉਨ੍ਹਾਂ ਦਾ ਸੰਗਠਨ ਵੀ ਖ਼ਤਮ ਹੋ ਗਿਆ। ਇਹ ਹੀ ਨਹੀਂ ਰਾਜਪੂਤਾਂ ਦਾ ਹਿੰਦੂ ਸਾਮਰਾਜ ਸਥਾਪਿਤ ਕਰਨ ਦਾ ਸਪਨਾ ਵੀ ਕਮਜ਼ੋਰ ਪੈ ਗਿਆ।

**4.2 ਚੰਦੇਰੀ ਦੀ ਲੜਾਈ 1528 ਈ. :**

ਜਨਵਰੀ 1528 ਈ. ਵਿੱਚ ਬਾਬਰ ਨੂੰ ਇੱਕ ਵਾਰ ਫਿਰ ਰਾਜਪੂਤਾਂ ਨਾਲ ਲੜਾਈ ਕਰਨੀ ਪਈ। ਜਦੋਂ ਬਾਬਰ ਨੂੰ ਪਤਾ ਲੱਗਾ ਕਿ ਕਨਵਾਹ ਦੇ ਯੁੱਧ ਵਿੱਚ ਹਾਰੇ ਹੋਏ ਰਾਜਪੂਤ ਸੈਨਿਕ ਚੰਦੇਰੀ ਵਿਖੇ ਮੇਦਨੀ ਰਾਓ ਅਧੀਨ ਇੱਕਠੇ ਹੋ ਰਹੇ ਹਨ ਤਾਂ ਉਸਨੇ ਤੁਰੰਤ ਹੀ ਚੰਦੇਰੀ ਤੇ ਹਮਲਾ ਕਰ ਦਿੱਤਾ। ਮੇਦਨੀ ਰਾਓ ਨੇ 5000 ਰਾਜਪੂਤਾਂ ਸਹਿਤ ਆਪਣੇ ਆਪ ਨੂੰ ਕਿਲ੍ਹੇ ਵਿੱਚ ਬੰਦ ਕਰ ਲਿਆ ਅਤੇ ਮੁਗਲਾਂ ਦਾ ਡੱਟ ਕੇ ਮੁਕਾਬਲਾ ਕੀਤਾ। ਅਖੀਰ ਰਾਜਪੂਤਾਂ ਦੀ ਹਾਰ ਹੋਈ ਅਤੇ ਰਾਜਪੂਤ ਇਸਤਰੀਆਂ ਨੇ ਆਪਣੀ ਮਾਣ-ਮਰੀਆਦਾ ਦੀ ਰੱਖਿਆ ਲਈ ਜੌਹਰ ਦੀ ਰਸਮ ਅਦਾ ਕੀਤੀ। 29 ਜਨਵਰੀ 1528 ਈ. ਨੂੰ ਚੰਦੇਰੀ ਤੇ ਬਾਬਰ ਦਾ ਅਧਿਕਾਰ ਹੋ ਗਿਆ।

### 4.3 ਘੱਗਰ ਦੀ ਲੜਾਈ :

ਇਬਰਾਹੀਮ ਲੋਧੀ ਦਾ ਭਰਾ ਮਹਿਮੂਦ ਲੋਧੀ ਕਨਵਾਹ ਦੇ ਯੁੱਧ ਵਿੱਚ ਰਾਜਪੂਤ ਦੀ ਤਰਫ਼ ਤੋਂ ਲੜਿਆ ਸੀ ਅਤੇ ਹਾਰਨ ਉਪਰੰਤ ਉਹ ਬਿਹਾਰ ਚਲਾ ਗਿਆ। ਇਥੇ ਉਸਨੇ ਬਹੁਤ ਸਾਰੇ ਅਫਗਾਨਾਂ ਨੂੰ ਇੱਕਠੇ ਕਰ ਲਿਆ ਅਤੇ ਬਿਹਾਰ ਤੇ ਇਸਦੇ ਆਸ-ਪਾਸ ਦੇ ਪ੍ਰਦੇਸ਼ਾਂ ਵਿੱਚ ਸੁਤੰਤਰ ਰਾਜ ਦੀ ਘੋਸ਼ਨਾ ਕਰ ਦਿੱਤੀ। ਬਾਬਰ ਨੂੰ ਜਦੋਂ ਪਤਾ ਲੱਗਾ ਤਾਂ ਉਹ ਆਪਣੀ ਸੈਨਾ ਨਾਲ ਬਿਹਾਰ ਵਲ ਵਧਿਆ। ਜਦੋਂ ਮਹਿਮੂਦ ਲੋਧੀ ਨੂੰ ਬਾਬਰ ਦੇ ਆਪਉਣ ਦੀ ਖ਼ਬਰ ਮਿਲੀ ਤਾਂ ਵਿਦਰੋਹੀ ਉਸਨੂੰ ਛੱਡ ਕੇ ਭੱਜਣ ਲੱਗੇ। ਮਹਿਮੂਤ ਆਪ ਵੀ ਬੰਗਾਲ ਦੇ ਹਾਕਮ ਨੁਸਰਤ ਸ਼ਾਹ ਕੋਲ ਦੌੜ ਗਿਆ। 6 ਮਈ 1529 ਈ. ਨੂੰ ਘਾਗਰਾ ਨਾਮਕ ਸਥਾਨ ਤੇ ਮਹਿਮੂਦ ਲੋਧੀ ਤੇ ਨੁਸਰਤ ਸ਼ਾਹ ਅਤੇ ਬਾਬਰ ਦੀਆਂ ਫੌਜਾਂ ਵਿਚਕਾਰ ਯੁੱਧ ਹੋਇਆ। ਬਾਬਰ ਨੇ ਵਿਰੋਧੀਆਂ ਨੂੰ ਹਰਾ ਦਿੱਤਾ। ਨੁਸਰਤ ਸ਼ਾਹ ਨੇ ਬਾਬਰ ਨਾਲ ਸੰਧੀ ਕੀਤੀ ਅਤੇ ਉਸਦੀ ਅਧੀਨਤਾ ਸਵੀਕਾਰ ਕਰ ਲਈ।

ਇਸ ਤਰ੍ਹਾਂ ਬਾਬਰ ਦਾ ਸਾਮਰਾਜ ਕਾਬਲ ਤੋਂ ਬਿਹਾਰ ਤੱਕ ਅਤੇ ਹਿਮਾਲਿਆਂ ਤੋਂ ਗਵਾਲੀਅਰ ਅਤੇ ਚੰਦੇਰੀ ਤੱਕ ਫੈਲਿਆ ਹੋਇਆ ਸੀ।

### 5. ਬਾਬਰ ਦਾ ਦੇਹਾਂਤ (1530 ਈ.) :

1530 ਈ. ਦੇ ਅੰਤ ਵਿੱਚ ਬਾਬਰ ਦਾ ਦੇਹਾਂਤ ਹੋ ਗਿਆ ਕਿਹਾ ਜਾਂਦਾ ਹੈ ਕਿ ਜਦ ਬਾਬਰ ਦਾ ਪੁਤੱਰ ਹੁਮਾਯੂੰ ਆਗਰੇ ਵਿਖੇ ਸਖ਼ਤ ਬਿਮਾਰ ਹੋ ਗਿਆ ਤਾਂ ਕਿਸੇ ਨੇ ਕਿਹਾ ਕਿ ਅਗਰ ਬਾਬਰ ਕੋਈ ਬਹੁਮੁੱਲੀ ਵਸਤੂ ਦਾਨ ਕਰੇਗਾ ਤਾਂ ਉਸਦਾ ਪੁੱਤਰ ਬੱਚ ਸਕਦਾ ਹੈ। ਬਾਬਰ ਨੇ ਆਪਣੇ ਆਪ ਤੋਂ ਬਹੁਮੁੱਲੀ ਵਸਤੂ ਨਾਂ ਸਮਝਦੇ ਹੋਏ ਹੁਮਾਯੂੰ ਦੇ ਪਲੰਗ ਦੁਆਲੇ ਤਿੰਨ ਚਕਰ ਕੱਟ ਕੇ ਖ਼ੁਦਾ ਅੱਗੇ ਪ੍ਰਾਰਥਨਾ ਕੀਤੀ ਕਿ ਉਸਦੇ ਪੁੱਤਰ ਦਾ ਰੋਗ ਉਸਨੂੰ ਲੱਗ ਜਾਵੇ। ਫਿਰ ਹੁਮਾਯੂੰ ਠੀਕ ਹੋਣ ਲੱਗਾ ਤੇ ਬਾਬਰ ਕੁਝ ਸਮਾਂ ਰੋਗੀ ਰਹਿਣ ਪਿਛੋਂ 26 ਦਸੰਬਰ 1530 ਈ. ਨੂੰ ਉਸ ਦਾ ਦੇਹਾਂਤ ਹੋ ਗਿਆ। ਕੁਝ ਇਤਿਹਾਸਕਾਰ ਇਸਨੂੰ ਠੀਕ ਨਹੀਂ ਮੰਨਦੇ। ਕੁਝ ਦਾ ਕਥਨ ਹੈ ਕਿ ਬਾਬਰ ਦੀ ਮੌਤ ਹੁਮਾਯੂੰ ਦੇ ਠੀਕ ਹੋਣ ਤੋਂ 6 ਮਹੀਨੇ ਬਾਅਦ ਉਸ ਜ਼ਹਿਰ ਦੇ ਨਾਲ ਹੋਈ ਜੋ ਇਬਰਾਹੀਮ ਲੋਧੀ ਦੀ ਮਾਤਾ ਨੇ ਧੋਖੇ ਨਾਲ ਉਸਨੂੰ ਦਿੱਤਾ ਸੀ। ਮੌਤ ਤੋਂ ਬਾਅਦ ਬਾਬਰ ਦੇ ਮ੍ਰਿਤਕ ਸਰੀਰ ਨੂੰ ਕਾਬਲ ਵਿਖੇ ਦਫ਼ਨਾ ਦਿੱਤਾ ਗਿਆ।

### 6. ਮੁਗਲ ਸਾਮਰਾਜ ਦੇ ਨਿਰਮਾਣ ਵਿੱਚ ਬਾਬਰ ਦਾ ਯੋਗਦਾਨ :

ਹਿੰਦੋਸਤਾਨ ਵਿੱਚ ਮੁਗਲ ਸਾਮਰਾਜ ਦੇ ਨਿਰਮਾਣ ਨੂੰ ਲੈ ਕੇ ਇਤਿਹਾਸਕਾਰਾਂ ਵਿੱਚ ਮਤਭੇਦ ਹੈ। ਕੁਝ ਇਤਿਹਾਸਕਾਰਾਂ ਦਾ ਇਹ ਮੰਨਣਾ ਹੈ ਕਿ ਬਾਬਰ ਨੇ ਭਾਰਤ ਵਿੱਚ ਪ੍ਰਸਿੱਧ ਮੁਗਲ ਸਾਮਰਾਜ ਨੂੰ ਉਸਾਰਿਆ। ਰਸ਼ਬਰੁਕ ਵਿਲੀਅਮਜ਼ ਅਤੇ ਆਰ.ਪੀ.ਤ੍ਰਿਪਾਠੀ ਆਪਣੇ ਵਿਚਾਰ ਦੀ ਪੁਸ਼ਟੀ ਲਈ ਹੇਠ ਲਿਖੀਆਂ ਦਲੀਲਾਂ ਦਿੰਦੇ ਹਨ :-

(i) ਬਾਬਰ ਨੇ ਹਿੰਦੋਸਤਾਨ ਤੇ ਹਮਲਾ ਉੱਥੇ ਰਾਜ ਸਥਾਪਿਤ ਕਰਨ ਦੇ ਵਿਚਾਰ ਨਾਲ ਹੀ ਕੀਤਾ ਸੀ। ਜਦੋਂ ਮੱਧ ਏਸ਼ੀਆ ਵਿੱਚ ਕਿਸਮਤ ਨੇ ਉਸਦਾ ਸਾਥ ਨਾ ਦਿੱਤਾ ਤਾਂ ਉਸਦੇ ਹਿੰਦੋਸਤਾਨ ਤੇ ਲਗਾਤਾਰ ਯਤਨਾਂ ਦੇ ਫਲਸਰੂਪ ਸਫ਼ਲਤਾ ਹਾਸਿਲ ਨਾ ਹੋਈ।

(ii) ਬਾਬਰ ਨੇ ਹਿੰਦੋਸਤਾਨ ਦੇ ਕਈ ਹਿੱਸਿਆਂ ਤੇ ਜਿੱਤ ਹਾਸਿਲ ਕਰ ਲਈ ਸੀ। ਉਸਨੇ ਸ਼ੁਰੂ ਵਿੱਚ ਪੰਜਾਬ, ਦਿੱਲੀ ਤੇ ਆਗਰਾ ਉੱਤੇ ਅਧਿਕਾਰ ਸਥਾਪਿਤ ਕੀਤਾ। ਜਦੋਂ ਉਸਦੇ ਸੈਨਿਕ ਕਾਬਲ ਜਾਣ ਲਈ ਉਤਾਵਲੇ ਹੋ ਰਹੇ ਸਨ ਤਾਂ ਉਸਨੇ ਉਨ੍ਹਾਂ ਦਾ ਜੋਸ਼ੀਲੇ ਭਾਸ਼ਨ ਦੁਆਰਾ ਇਥੇ ਹੀ ਰਹਿਣ ਲਈ ਪ੍ਰਭਾਵਿਤ ਕੀਤਾ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਬਾਬਰ ਦਾ ਹਿੰਦ ਵਿੱਚ ਸਾਮਰਾਜ ਸਥਾਪਿਤ ਕਰਨ ਦਾ ਪੱਕਾ ਇਰਾਦਾ ਸੀ।

(iii) ਬਾਬਰ ਹਿੰਦੋਸਤਾਨ ਵਿੱਚ ਕੁਸ਼ਲ ਰਾਜ-ਪ੍ਰਬੰਧ ਸਥਾਪਿਤ ਕਰਨ ਵਿੱਚ ਅਸਫ਼ਲ ਰਿਹਾ ਕਿਉਂਕਿ ਉਸਨੂੰ ਅਜਿਹਾ ਕਰਨ ਦਾ ਸਮਾਂ ਪ੍ਰਾਪਤ ਨਾ ਹੋ ਸਕਿਆ ਅਤੇ ਉਸਦਾ 1530 ਈ. ਵਿੱਚ ਬਾਬਰ ਦਾ ਦੇਹਾਂਤ ਹੋ ਗਿਆ।

ਦੂਜੇ ਵਿਚਾਰ ਦੇ ਇਤਿਹਾਸਕਾਰ ਜਿਨ੍ਹਾਂ ਵਿੱਚ ਪੀ ਸਰਨ, ਐਸ.ਆਰ.ਸ਼ਰਮਾ ਅਤੇ ਕਾਨੂੰਨਗੋ ਸ਼ਾਮਿਲ ਹਨ ਇਸ ਵਿਚਾਰ ਦੀ ਪੁਸ਼ਟੀ ਕਰਦੇ ਹਨ ਕਿ ਬਾਬਰ ਵਿੱਚ ਸਾਮਰਾਜ ਨਿਰਮਾਤਾ ਦੇ ਗੁਣਾਂ ਦੀ ਘਾਟ ਸੀ। ਆਪਣੇ ਵਿਚਾਰ ਦੀ ਪੁਸ਼ਟੀ ਲਈ ਉਹ ਹੇਠ ਲਿਖੀਆਂ ਦਲੀਲਾਂ ਦਿੰਦੇ ਹਨ :-

(i) ਬਾਬਰ ਨੇ ਬੇਸ਼ਕ ਹਿੰਦੋਸਤਾਨ ਦੇ ਕਈ ਪ੍ਰਦੇਸ਼ ਜਿੱਤੇ ਪਰੰਤੂ ਉਸਨੇ ਇਨ੍ਹਾਂ ਨੂੰ ਇੱਕ ਚੰਗੇ ਪ੍ਰਸ਼ਾਸਕ ਦੀ ਤਰ੍ਹਾਂ ਸੰਗਠਿਤ ਨਾ ਕੀਤਾ। ਇਹੀ ਕਾਰਨ ਹੈ ਕਿ ਹੁਮਾਯੂੰ ਦੇ ਸਮੇਂ ਰਾਜਪੂਤ ਤੇ ਅਫਗਾਨ ਸੁਤੰਤਰ ਹੋ ਗਏ।

(ii) ਬਾਬਰ ਨੇ ਕੁਸ਼ਲ ਰਾਜ-ਪ੍ਰਬੰਧ ਦੀ ਸਥਾਪਨਾ ਨਾ ਕੀਤੀ। ਉਸਨੇ ਨਿਆਂ, ਲਗਾਣ ਪ੍ਰਣਾਲੀ ਆਦਿ ਵਿੱਚ ਕੋਈ ਸੁਧਾਰ ਨਾ ਕੀਤਾ। ਆਪਣੀ ਉਦਾਰਤਾ ਕਾਰਨ ਬਹੁਤ ਸਾਰਾ ਧੰਨ ਬਰਬਾਦ ਕਰ ਦਿੱਤਾ ਅਤੇ ਦੂਜੇ ਪਾਸੇ ਅਫਗਾਨਾਂ ਤੇ ਟੈਕਸ ਲਾ ਦਿੱਤਾ, ਇਹ ਸਭ ਉਸਦੇ ਰਾਜ ਪ੍ਰਬੰਧ ਦੇ ਦੋਸ਼ ਸਨ।

(iii) ਬਾਬਰ ਨੇ ਧਾਰਮਿਕ ਅਸਹਿਣਸ਼ੀਲਤਾ ਦੀ ਨੀਤੀ ਅਪਣਾਉਂਦੇ ਹੋਏ ਰਾਜਪੂਤਾਂ ਵਿਰੁੱਧ 'ਜਹਾਦ' ਘੋਸ਼ਿਤ ਕਰ ਦਿੱਤਾ ਅਤੇ ਕਨਵਾਹ ਦੇ ਯੁੱਧ ਉਪਰੰਤ ਮ੍ਰਿਤਕ ਰਾਜਪੂਤਾਂ ਦੀਆਂ ਖੋਪੜੀਆਂ ਦਾ ਮੀਨਾਰ ਬਣਵਾਇਆ ਸੀ।

ਉਪਰੋਕਤ ਦਿੱਤੇ ਗਏ ਵਿਚਾਰਾਂ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਬਾਬਰ ਪ੍ਰਬੰਧਕ ਦੇ ਰੂਪ ਵਿੱਚ ਨਹੀਂ ਸਗੋਂ ਜੇਤ ਦੇ ਰੂਪ ਵਿੱਚ ਮੁਗਲ ਸਾਮਰਾਜ ਦਾ ਮੋਢੀ ਸੀ। ਬੇਸ਼ਕ ਮੁਗਲ ਸਾਮਰਾਜ ਦਾ ਨਿਰਮਾਣ ਪੱਕੀ ਤਰ੍ਹਾਂ ਅਕਬਰ ਨੇ ਹੀ ਕੀਤਾ ਪਰੰਤੂ ਇਸ ਦੀ ਨੀਂਹ ਅਵਸ਼ ਹੀ ਬਾਬਰ ਨੇ ਰੱਖੀ ਸੀ। ਲੈਨਪੂਲ ਦੇ ਇਸ ਵਿਚਾਰ ਨੂੰ ਠੀਕ ਮੰਨਦੇ ਹੋਏ ਲਿਖਿਆ ਹੈ, ''ਜੇਕਰ ਬਾਬਰ ਇੱਕ ਸਾਮਰਾਜ-ਨਿਰਮਾਤਾ ਨਹੀਂ ਸੀ ਤਾਂ ਵੀ ਉਸਨੇ ਉਸ ਸ਼ਾਨਦਾਰ ਭਵਨ ਦੇ ਨਿਰਮਾਣ ਲਈ ਪਹਿਲਾ ਪੱਥਰ ਰੱਖਿਆ ਜੋ ਕਿ ਉਸਦੇ ਪੋਤਰੇ ਅਕਬਰ ਰਾਹੀਂ ਪੂਰਾ ਕੀਤਾ ਗਿਆ।

7. **ਸਾਰਾਂਸ਼** :

ਜਹੀਰਉਦੀਨ ਮੁਹੰਮਦ ਬਾਬਰ ਨੇ ਹਿੰਦੋਸਤਾਨ ਵਿੱਚ ਨਵੇਂ ਵੰਸ਼ ਦੀ ਸਥਾਪਨਾ ਕੀਤੀ। ਉਸਨੇ ਪਾਨੀਪਤ ਦੀ ਪਹਿਲੀ ਲੜਾਈ (21 ਅਪ੍ਰੈਲ 1526) ਵਿੱਚ ਸੁਲਤਾਨ ਇਬਰਾਹੀਮ ਲੋਧੀ ਨੂੰ ਹਰਾ ਕੇ ਦਿੱਲੀ ਸਲਤਨਤ ਦੇ ਲੋਧੀ ਵੰਸ਼ ਨੂੰ ਸਮਾਪਤ ਕਰ ਦਿੱਤਾ। ਇਸ ਲੜਾਈ ਉਪਰੰਤ ਬਾਬਰ ਨੇ ਦਿੱਲੀ ਤੇ ਕਬਜ਼ਾ ਕੀਤਾ ਅਤੇ ਫਿਰ ਆਗਰੇ ਵੱਲ ਵਧਿਆ ਜਿਸ ਤੇ ਹੁਮਾਯੂੰ ਨੇਸ ਪਹਿਲਾਂ ਹੀ ਅਧਿਕਾਰ ਕਰ ਲਿਆ ਸੀ। ਬਾਬਰ ਨੇ ਆਪਣੇ ਆਪ ਨੂੰ ਹਿੰਦੋਸਤਾਨ ਦਾ ਸ਼ਾਸਕ ਐਲਾਨ ਕੀਤਾ ਅਤੇ ਉਸਦੇ ਨਾਂ ਦਾ ਖੁਤਬਾ ਪੜ੍ਹਿਆ ਜਾਣ ਲੱਗਾ। ਰਾਣਾ ਸਾਂਗਾ ਜੋ ਮੇਵਾੜ ਰਾਜ ਦਾ ਸ਼ਾਸਕ ਸੀ ਹਿੰਦੋਸਤਾਨ ਵਿੱਚ ਹਿੰਦੂ ਪਾਦਸ਼ਾਹੀ ਸਥਾਪਿਤ ਕਰਨਾ ਚਾਹੁੰਦਾ ਸੀ। ਪਰੰਤੂ ਜਦੋਂ ਬਾਬਰ ਇਥੇ ਹੀ ਰਹਿ ਕੇ ਸ਼ਾਸਨ ਕਰਨ ਦਾ ਐਲਾਨ ਕੀਤਾ ਤਾਂ ਉਸਦਾ ਸਪਨਾ ਚੂਰ-ਚੂਰ ਹੋ ਗਿਆ। ਰਾਣਾ ਸਾਂਗਾ ਨੇ ਸਾਰੇ ਰਾਜਪੂਤ ਅਤੇ ਅਸੰਤੁਸ਼ਟ ਅਫਗਾਨ ਸਰਦਾਰਾਂ ਦੀ ਅਗਵਾਈ ਕੀਤੀ। ਕਾਨਵਾਹ ਦੇ ਸਥਾਨ ਤੇ ਮਾਰਚ 1527 ਨੂੰ ਰਾਜਪੂਤਾਂ ਅਤੇ ਬਾਬਰ ਵਿਚਕਾਰ ਲੜਾਈ ਹੋਈ ਜਿਸ ਵਿੱਚ ਰਾਜਪੂਤ ਹਾਰ ਗਏ। ਇਸ ਜਿੱਤ ਨਾਲ ਬਾਬਰ ਦੇ ਸਨਮਾਨ ਵਿੱਚ ਵਾਧਾ ਹੋਇਆ। ਇਸ ਪਿਛੋਂ ਬਾਬਰ ਨੇ ਚੰਦੇਰੀ ਅਤੇ ਘਾਗਰਾ ਦੇ ਯੁੱਧਾਂ ਵਿੱਚ ਮੇਦਨੀ ਰਾਓ ਨਾਮਕ ਰਾਜਪੂਤ ਸਰਦਾਰ ਅਤੇ ਮਹਿਮੂਦ ਲੋਧੀ ਨੂੰ ਹਰਾ ਕੇ ਸਾਰੇ ਦੁਸ਼ਮਣਾਂ ਦਾ ਸਫਾਇਆ ਕਰ ਦਿੱਤਾ। ਬਾਬਰ ਆਪਣੇ ਨਵੇਂ ਸਾਮਰਾਜ ਉੱਤੇ ਜ਼ਿਆਦਾ ਦੇਰ ਹਕੂਮਤ ਨਾ ਕਰ ਸਕਿਆ ਅਤੇ 26 ਦਸੰਬਰ 1530 ਈ. ਨੂੰ ਉਸਦਾ ਦੇਹਾਂਤ ਹੋ ਗਿਆ।

8. **ਅਭਿਆਸ ਲਈ ਛੋਟੇ ਪ੍ਰਸ਼ਨ** :

(i) ਬਾਬਰ ਨੂੰ ਹਿੰਦੋਸਤਾਨ ਤੇ ਹਮਲਾ ਕਰਨ ਲਈ ਕਿਸਨੇ ਸੱਦਾ ਦਿੱਤਾ?

(ii) ਰਾਣਾ ਸਾਂਗਾ ਬਾਰੇ ਤੁਸੀਂ ਕੀ ਜਾਣਦੇ ਹੋਂ?

(iii) ਹੁਮਾਯੂੰ ਕੌਣ ਸੀ?

(iv) ਬਾਬਰ ਦਾ ਦੇਹਾਂਤ ਕਦੋਂ ਤੇ ਕਿੱਥੇ ਹੋਇਆ?

(v) ਜੋਹਰ ਤੋਂ ਕੀ ਭਾਵ ਹੈ?

9. **ਅਭਿਆਸ ਲਈ ਵੱਡੇ ਪ੍ਰਸ਼ਨ** :

(i) ਬਾਬਰ ਦੀਆਂ ਭਾਰਤ ਵਿੱਚ ਜਿੱਤਾਂ ਦਾ ਵਰਣਨ ਕਰੋ।

(ii) ਪਾਨੀਪਤ ਦੀ ਲੜਾਈ ਦੇ ਕਾਰਣ ਅਤੇ ਮਹਤੱਤਾ ਲਿਖੋ।

(iii) ਕਨਵਾਹ ਦੇ ਯੁਧੱ ਦਾ ਵਿਸਥਾਰ ਨਾਲ ਵਰਣਨ ਕਰੋ।

(iv) ਨੋਟ ਲਿਖੋ :–

 (i) ਪਾਨੀਪਤ ਦੀ ਪਹਿਲੀ ਲੜਾਈ

 (ii) ਕਨਵਾਹ ਦੀ ਲੜਾਈ

 (iii) ਬਾਬਰਨਾਮਾ ਜਾਂ ਤੁਜ਼ਕੇ–ਬਾਬਰੀ

 (iv) ਜਹਾਦ

**Suggested Readings :-**

1. A.L.Srivastava - The Mughal Empire,passim.
2. R. C. Majumdar - An Advance History of India,passim.
3. S. R. Sharma - Mughal Empire in India,passim.
4. Dr. Ishwari Prasad - A Short History of Muslim Rule in India,passim.
5. Dr. A.C.Arora - Madhkalin Bharat da Itihas.

**ਪਾਠ ਨੰਬਰ : 2.2**

# ਸ਼ੇਰ ਸ਼ਾਹ ਸੂਰੀ ਅਤੇ ਉਸਦਾ ਸ਼ਾਸਨ ਪ੍ਰਬੰਧ

**ਉਦੇਸ਼**

**ਜਾਣ-ਪਛਾਣ**

1. ਸ਼ੇਰ ਸ਼ਾਹ ਦਾ ਮੁੱਢਲਾ ਜੀਵਨ
2. ਸ਼ੇਰ ਸ਼ਾਹ ਦੀਆਂ ਜਿੱਤਾਂ
3. ਸ਼ੇਰ ਸ਼ਾਹ ਦਾ ਸ਼ਾਸਨ ਪ੍ਰਬੰਧ
   3.1 ਕੇਂਦਰੀ ਸ਼ਾਸਨ ਪ੍ਰਬੰਧ
   3.2 ਸਥਾਨਕ ਸ਼ਾਸਨ ਪ੍ਰਬੰਧ
4. ਸੈਨਿਕ ਪ੍ਰਬੰਧ
5. ਨਿਆ ਪ੍ਰਬੰਧ
6. ਭੂਮੀ-ਕਰ ਪ੍ਰਬੰਧ
7. ਲੋਕ ਭਲਾਈ ਦੇ ਕਾਰਜ
8. ਸਾਰਾਂਸ਼
9. ਅਭਿਆਸ ਲਈ ਛੋਟੇ ਪ੍ਰਸ਼ਨ
10. ਅਭਿਆਸ ਲਈ ਵੱਡੇ ਪ੍ਰਸ਼ਨ

**ਉਦੇਸ਼** :

ਇਸ ਪਾਠ ਨੂੰ ਪੜ੍ਹਨ ਨਾਲ ਹੇਠ ਲਿਖੀ ਜਾਣਕਾਰੀ ਪ੍ਰਾਪਤ ਹੋਵੇਗੀ :

- ਸ਼ੇਰ ਸ਼ਾਹ ਦਾ ਮੁੱਢਲਾ ਜੀਵਨ ਅਤੇ ਉਸਦੀਆਂ ਜਿੱਤਾਂ
- ਸ਼ੇਰ ਸ਼ਾਹ ਦੁਆਰਾ ਸਥਾਪਿਤ ਕੀਤਾ ਗਿਆ ਸ਼ਾਸਨ ਪ੍ਰਬੰਧ, ਭੂਮੀ-ਕਰ ਪ੍ਰਬੰਧ, ਨਿਆਂ ਪ੍ਰਬੰਧ, ਲੋਕ ਭਲਾਈ ਲਈ ਕੀਤੇ ਗਏ ਕਾਰਜ
- ਜਿੱਤੇ ਹੋਏ ਰਾਜਾਂ ਦੀ ਸੁਰੱਖਿਆ ਲਈ ਕਾਇਮ ਕੀਤਾ ਗਿਆ ਸੈਨਿਕ ਪ੍ਰਬੰਧ

**ਜਾਣ ਪਛਾਣ** :-

ਸ਼ੇਰ ਸ਼ਾਹ ਜਦੋਂ ਸ਼ਕਤੀ ਵਿੱਚ ਆਇਆ ਤਾਂ ਉਸ ਸਮੇਂ ਮੁਗਲ ਸਾਮਰਾਜ ਦੇ ਹਾਕਮ ਹੁਮਾਯੂੰ ਦਾ ਰਾਜ ਸੀ। ਹੁਮਾਯੂੰ ਉਸਦੇ ਤਰੱਕੀ ਦੇ ਰਾਹ ਵਿੱਚ ਇੱਕ ਵੱਡੀ ਰੁਕਾਵਟ ਸੀ। ਇਸ ਲਈ ਸ਼ੇਰ ਸ਼ਾਹ ਨੇ ਹੁਮਾਯੂੰ ਨੂੰ ਚੌਸਾ ਅਤੇ ਕਨੌਜ (ਅਪ੍ਰੈਲ 1540) ਦੀਆਂ ਲੜਾਈਆਂ ਵਿੱਚ ਹਰਾ ਕੇ ਹਿੰਦੋਸਤਾਨ (26 ਜੂਨ 1539) ਤੋਂ ਭੱਜ ਜਾਣ ਲਈ ਮਜਬੂਰ ਕਰ ਦਿਤਾ। ਇਸ ਤਰ੍ਹਾਂ 1540 ਈ. ਵਿੱਚ ਸ਼ੇਰ ਸ਼ਾਹ ਨੇ ਸੂਰੀ ਵੰਸ਼ ਦੀ ਨੀਂਹ ਰੱਖੀ। ਸ਼ੇਰ ਸ਼ਾਹ ਨੇ ਕੇਵਲ ਪੰਜ ਸਾਲ (1540-45 ਈ.) ਤੱਕ ਹੀ ਰਾਜ ਕੀਤਾ ਪਰੰਤੂ ਇਸ ਥੋੜੇ ਜਿਹੇ ਸਮੇਂ ਵਿੱਚ ਉਸਨੇ ਉੱਤਰੀ ਭਾਰਤ ਨੂੰ ਜਿੱਤਣ ਦੇ ਨਾਲ ਕੁਸ਼ਲ ਸ਼ਾਸਨ ਪ੍ਰਬੰਧ ਦੀ ਵੀ ਵਿਵਸਥਾ ਕੀਤੀ।

1. **ਸ਼ੇਰ ਸ਼ਾਹ ਦ ਮੁਢੱਲਾ ਜੀਵਨ** :– ਸ਼ੇਰ ਸ਼ਾਹ ਦਾ ਜਨਮ 1472 ਈ. ਵਿੱਚ ਹੁਸ਼ਿਆਰਪੁਰ ਦੇ ਨਜ਼ਦੀਕ ਬਜਵਾੜਾ ਨਾਮੀ ਪਿੰਡ ਵਿੱਚ ਹੋਇਆ। ਉਸਦਾ ਅਸਲੀ ਨਾਂ ਫਰੀਦ ਸੀ। ਉਸਦੇ ਪਿਤਾ ਦਾ ਨਾਂ ਹਸਨ ਖਾਂ ਸੀ। ਹਸਨ ਖਾਂ ਨੇ ਚਾਰ ਵਿਆਹ ਕੀਤੇ ਹੋਏ ਸਨ ਅਤੇ ਉਸ ਦੇ ਅੱਠ ਪੁੱਤਰ ਸਨ ਜਿਨ੍ਹਾਂ ਵਿੱਚੋਂ ਫਰੀਦ ਸਭ ਤੋਂ ਵੱਡੀ ਪਤਨੀ ਤੋਂ ਪੈਦਾ ਹੋਇਆ ਸੀ। ਹਸਨ ਖਾਂ ਕੁੱਝ ਸਮੇਂ ਬਾਅਦ ਪੰਜਾਬ ਛੱਡ ਕੇ ਬਿਹਾਰ ਚਲਾ ਗਿਆ ਅਤੇ ਉਸਦੇ ਸਵਾਮੀ ਜ਼ਮਾਲ ਖਾਂ ਦੇ ਕਹਿਣ ਤੇ ਸੁਲਤਾਨ ਸਿਕੰਦਰ ਲੋਧੀ ਨੇ ਉਸਦੇ ਨਾਂ ਖਵਾਸਪੁਰ, ਸਮਰਾਮ ਅਤੇ ਟਾਂਡਾ ਦੀਆਂ ਜਗੀਰਾਂ ਲਵਾ ਦਿੱਤੀਆਂ। ਫਰੀਦ ਦਾ ਆਪਣਾ ਬਚਪਨ ਸਮਰਾਮ ਵਿੱਚ ਬਤੀਤ ਕੀਤਾ।

ਕੁੱਝ ਇਤਿਹਾਸਕਾਰ ਅਨੁਸਾਰ ਸ਼ੇਰ ਸ਼ਾਹ ਦਾ ਜਨਮ 1486ਈ. ਵਿੱਚ ਹੋਇਆ। ਪਰੰਤੂ ਅਜਕੱਲ੍ਹ ਇਤਿਹਾਸਕਾਰ ਉਪਰੋਕਤ ਵਿਚਾਰ ਠੀਕ ਮੰਨਦੇ ਹਨ।

ਹਸਨ ਖਾਂ ਆਪਣੀ ਛੋਟੀ ਬੇਗਮ ਦੇ ਹੱਥਾਂ ਦੀ ਕੱਠਪੁਤਲੀ ਬਣਿਆ ਹੋਇਆ ਸੀ ਜਿਸ ਕਰਕੇ ਫਰੀਦ ਦੀ ਸਿੱਖਿਆ ਵਲ ਕੋਈ ਵਿਸ਼ੇਸ਼ ਧਿਆਨ ਨਾ ਦਿੱਤਾ। ਫਰੀਦ ਆਪਣੀ ਮਤਰਈ ਮਾਂ ਦੇ ਸਲੂਕ ਤੋਂ ਤੰਗ ਆਕੇ 1494 ਈ. ਵਿੱਚ ਘਰ ਛੱਡ ਕੇ ਜੌਨਪੁਰ ਚਲਾ ਗਿਆ। ਇੱਥੇ ਉਸਨੇ ਉੱਚ ਸਿੱਖਿਆ ਹਾਸਿਲ ਕੀਤੀ ਅਤੇ ਉਸਦੀ ਯੋਗਤਾ ਤੋਂ ਪ੍ਰਭਾਵਿਤ ਹੋ ਕੇ ਜਮਾਲ ਖਾਂ ਨੇ ਫਰੀਦ ਦਾ ਉਸਦੇ ਪਿਤਾ ਨਾਲ ਸਮਝੋਤਾ ਕਰਵਾ ਦਿੱਤਾ। ਹੁਸਨ ਖਾਂ ਨੇ ਫਰੀਦ ਨੂੰ ਜਾਗੀਰਾਂ ਦਾ ਪ੍ਰਬੰਧ ਸੌਂਪ ਦਿੱਤਾ। ਫਰੀਦ ਨੇ 1497–1518 ਈ. ਤੱਕ ਜਗੀਰਾਂ ਦਾ ਬੜੀ ਯੋਗਤਾ ਨਾਲ ਪ੍ਰਬੰਧ ਕੀਤਾ। ਇਸ ਤੇ ਵੀ ਉਸਦੀ ਮਤਰਈ ਮਾਂ ਨੂੰ ਈਰਖਾ ਹੋਣ ਲੱਗੀ ਅਤੇ ਉਸਨੇ ਆਪਣੇ ਪਤੀ ਦੇ ਫਰੀਦ ਵਿਰੁੱਧ ਕੰਨ ਭਰਨੇ ਸ਼ੁਰੂ ਕਰ ਦਿੱਤੇ। ਇੱਕ ਵਾਰ ਫਿਰ ਫਰੀਦ ਨੂੰ ਘਰ ਛੱਡਣਾ ਪਿਆ।

1519 ਈ. ਵਿੱਚ ਫਰੀਦ ਨੇ ਆਪਣੇ ਪਿਤਾ ਦਾ ਘਰ ਛੱਡਣ ਤੋਂ ਬਾਅਦ ਬਿਹਾਰ ਦੇ ਸ਼ਾਸਕ ਬਹਾਰ ਖਾਨ ਲੋਹਾਨੀ ਦੀ ਨੌਕਰੀ ਕਰ ਲਈ। ਬਹਾਰ ਖਾਂ ਨੇ ਆਪਣੇ ਆਪਨੂੰ ਸੁਲਤਾਨ ਮੁਹੰਮ ਦੀ ਉਪਾਧੀ ਧਾਰਨ ਕਰਕੇ ਸੁਤੰਤਰ ਸ਼ਾਸਰ ਘੋਸ਼ਿਤ ਕਰ ਦਿੱਤਾ ਸੀ। ਬਹਾਰ ਖਾਂ ਨੇ ਫਰੀਦ ਨੂੰ ਸ਼ੇਰ ਖਾਂ ਦੀ ਉਪਾਧੀ ਦਿੱਤੀ ਕਿਉਂਕਿ ਫਰੀਦ ਨੇ ਇਕਲਿਆਂ ਹੀ ਸ਼ੇਰ ਨੂੰ ਮਾਰ ਦਿੱਤਾ ਸੀ। ਸ਼ੇਰ ਖਾਂ ਦੀ ਵਧੱਦੀ ਪ੍ਰਸਿੱਧੀ ਤੋਂ ਦੂਜੇ ਅਫਗਾਨ ਸਰਦਾਰ ਈਰਖਾ ਕਰਨ ਲੱਗੇ ਅਤੇ ਉਸਦੇ ਵਿਰੁੱਧ ਸ਼ੇਰ ਖਾਂ ਨੂੰ ਭੜਕਾਉਣ ਲੱਗੇ। ਨਤੀਜੇ ਵਜੋਂ 1526 ਈ. ਵਿੱਚ ਬਹਾਰ ਖਾਂ ਨੇ ਸ਼ੇਰ ਖਾਂ ਨੂੰ ਨੌਕਰੀ 'ਚੋਂ ਕੱਢ ਦਿੱਤਾ।

1527 ਈ. ਵਿੱਚ ਸ਼ੇਰ ਖਾਂ ਆਗਰੇ ਚਲਾ ਗਿਆ ਅਤੇ ਬਾਬਰ ਦੀ ਫੌਜ ਵਿੱਚ ਭਰਤੀ ਹੋ ਗਿਆ। ਇੱਥੇ ਵੀ ਆਪਣੀ ਬਹਾਦਰੀ ਅਤੇ ਯੋਗਤਾ ਨਾਲ ਮਾਲਕ ਤੇ ਡੂੰਘਾ ਪ੍ਰਭਾਵ ਪਾਇਆ। ਬਾਬਰ ਨੇ ਆਪਣੇ ਮੰਤਰੀਆਂ ਨੂੰ ਸ਼ੇਰ ਖਾਂ ਤੇ ਨਜ਼ਰ ਰਖੱਣ ਲਈ ਕਿਹਾ। ਬਾਅਦ ਵਿੱਚ ਬਾਬਰ ਦੇ ਹੁਕਮ ਨਾਲ ਹੀ ਸ਼ੇਰ ਖਾਂ ਨੂੰ ਕੈਦ ਕਰ ਲਿਆ ਗਿਆ। ਸ਼ੇਰ ਖਾਂ ਕੈਦ 'ਚੋਂ ਦੌੜਨ ਵਿੱਚ ਸਫ਼ਲ ਹੋ ਗਿਆ। ਉਸਨੇ ਉਥੇ ਰਹਿ ਕੇ ਐਨਿਕ ਪ੍ਰਣਾਲੀ ਚੰਗੀ ਤਰ੍ਹਾਂ ਸਮਝ ਲਈ ਸੀ। 1528 ਈ. ਵਿੱਚ ਸ਼ੇਰ ਖਾਂ ਵਾਪਸ ਬਿਹਾਰ ਗਿਆ ਤਾਂ ਬਹਾਰ ਖਾਂ ਨੇ ਉਸਨੂੰ ਮੁੜ ਆਪਣੀ ਸੇਵਾ ਵਿੱਚ ਲੈ ਲਿਆ ਅਤੇ ਆਪਣੇ ਪੁੱਤਰ ਜਲਾਲ ਖਾਂ ਦਾ ਸਿੱਖਿਅਕ ਨਿਯੁਕਤ ਕੀਤਾ। 1528 ਈ. ਵਿੱਚ ਹੀ ਬਹਾਰ ਖਾਂ ਦੀ ਮੌਤ ਹੋ ਗਈ ਅਤੇ ਜਲਾਲ ਖਾਂ ਨਾਂ ਬਾਲਗ ਸੀ। ਬਹਾਰ ਖਾਂ ਦੀ ਪਤਨੀ ਦਾਦੂ ਬੀਬੀ ਨੇ ਸ਼ੇਰ ਖਾਂ ਨੂੰ ਡਿਪਟੀ ਨਿਯੁਕਤ ਕੀਤਾ। ਹੋਲੀ-ਹੋਲੀ ਸ਼ੇਰ ਖਾਂ ਨੇ ਬਿਹਾਰ ਉੱਤੇ ਅਧਿਕਾਰ ਜਮਾ ਲਿਆ। ਇਥੋਂ ਹੀ ਸ਼ੇਰ ਖਾਂ ਨੇ ਆਪਣਾ ਰਾਜਨੀਤਿਕ ਜੀਵਨ ਆਰੰਭ ਕੀਤਾ।

**ਅਭਿਆਸ ਲਈ ਪ੍ਰਸ਼ਨ** :

(i) ਸ਼ੇਰ ਸ਼ਾਹ ਦਾ ਮੁਢੱਲਾ ਨਾ ਕੀ ਸੀ?

(ii) ਸ਼ੇਰ ਸ਼ਾਹ ਦਾ ਇਹ ਨਾਂ ਕਿਵੇਂ ਪਿਆ?

(iii) ਸ਼ੇਰ ਸ਼ਾਹ ਨੇ ਸਭ ਤੋਂ ਪਹਿਲਾਂ ਕਿੱਥੇ ਨੌਕਰੀ ਕੀਤੀ?

2. **ਸ਼ੇਰ ਸ਼ਾਹ ਦੀਆਂ ਜਿੱਤਾਂ :-**

**(i) ਬਿਹਾਰ ਅਤੇ ਚੁਨਾਰ ਤੇ ਕਬਜ਼ਾ (1529–30 ਈ.)** :– ਜਦੋਂ 1528 ਈ. ਵਿੱਚ ਸ਼ੇਰ ਸ਼ਾਹ ਨੂੰ ਦਾਦੂ ਬੀਬੀ (ਬਹਾਰ ਖਾਂ ਦੀ ਵਿਧਵਾ) ਦੁਆਰਾ ਡਿਪਟੀ ਗਵਰਨਰ ਥਾਪਿਆ ਗਿਆ ਤਾਂ ਉਸਨੇ ਸਾਰਾ ਰਾਜ ਪ੍ਰਬੰਧ ਦਾ ਕੰਮ ਅਪਣੇ ਹਥੱਾਂ ਵਿੱਚ ਲੈ ਲਿਆ। ਉਸਨੇ ਬੜੀ ਯੋਗਤਾ ਨਾਲ ਸਿਵਲ ਅਤੇ ਸੈਨਿਕ ਪ੍ਰਬੰਧ ਦਾ ਪੁਨਰ ਗਠਨ ਕੀਤਾ। ਬਿਹਾਰ ਦੇ ਪ੍ਰਸਿੱਧ ਸਰਦਾਰਾਂ ਨੂੰ ਉੱਚੀਆਂ ਪਦਵੀਆਂ ਦੇ ਕੇ ਆਪਣੇ ਵੱਲ ਕਰ ਲਿਆ। ਉਸਨੇ 1529 ਈ. ਵਿੱਚ ਨਾਬਾਲਗ ਸ਼ਾਸਕ ਜਲਾਲ ਖਾਂ ਤੋਂ ਰਾਜ ਅਧਿਕਾਰ ਖੋਕੇ ਹੌਲੀ-ਹੌਲੀ ਬਿਹਾਰ ਉੱਤੇ ਆਣਾ ਕਬਜ਼ਾ ਕਰ ਲਿਆ।

ਸ਼ੇਰ ਖਾਂ ਨੇ 1530 ਈ. ਵਿੱਚ ਚੁਨਾਰ ਦੀ ਵਿਧਵਾ ਰਾਣੀ ਲਾਡ ਮਲਿਕਾ ਦੇ ਨਾਲ ਵਿਆਹ ਕਰਕੇ ਨਾ ਕੇਵਲ ਚੁਨਾਰ ਦਾ ਕਿਲ੍ਹਾ ਬਲਕੇ ਉਥੋਂ ਦੀ ਸਾਰੀ ਧਨ-ਦੌਲਤ ਪ੍ਰਾਪਤ ਕਰ ਲਈ। ਇਸੇ ਸਾਲ ਹੀ ਉਸਨੇ ਗਾਜ਼ੀਪੁਰ ਦੀ ਅਮੀਰ ਵਿਧਵਾ ਗੌਹਰ ਗੋਸਾਈ (ਨਾਸਿਰ ਖਾਂ ਲੋਹਾਨੀ ਦੀ ਪਤਨੀ) ਨਾਲ ਵਿਆਹ ਕੀਤਾ ਅਤੇ ਅਪਾਰ ਧਨ-ਦੌਲਤ ਪ੍ਰਾਪਤ ਕੀਤੀ।

**(ii) ਸੂਰਜਗੜ੍ਹ ਦੀ ਲੜਾਈ (1534 ਈ.)** :– ਜਲਾਲ ਖਾਂ ਜੋ ਬਿਹਾਰ ਦਾ ਨਾਬਾਲਕ ਸ਼ਾਸਕ ਸੀ, ਨੇ ਬੰਗਾਲ ਦੇ ਸ਼ਾਸਕ ਮਹਿਮੂਦ ਸ਼ਾਹ ਤੋਂ ਸ਼ੇਰ ਸ਼ਾਹ ਵਿਰੁੱਧ ਸਹਿਾਇਤਾ ਮੰਗੀ। ਮਹਿਮੂਦ ਸ਼ਾਹ ਨੇ ਆਪਣੀ ਫੌਜਾਂ ਇੱਕਠੀਆਂ ਕੀਤੀਆਂ ਅਤੇ 1534 ਈ. ਨੂੰ ਸੂਰਜਗੜ੍ਹ ਵਿਖੇ ਲੜਾਈ ਵਿੱਚ ਸ਼ੇਰ ਸ਼ਾਹ ਦੀ ਜਿੱਤ ਹੋਈ।

**(iii) ਬੰਗਾਲ ਅਤੇ ਰੋਹਤਾਸ ਦੀ ਜਿੱਤ (1536–37 ਈ.)** :– ਸੁਲਤਾਨ ਮਹਿਮੂਦ ਸ਼ਾਹ (ਬੰਗਾਲ ਦਾ ਹਾਕਮ) ਸੂਰਜਗੜ੍ਹ ਦੀ ਲੜਾਈ ਦੀ ਹਾਰ ਦਾ ਬਦਲਾ ਲੈਣ ਲਈ ਸੈਨਿਕ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਪਰੰਤੂ ਤੇਲਆਗੜੀ ਨਾਮਕ ਸਥਾਨ ਤੇ ਯੁੱਧ ਉਪਰੰਤ ਮਹਿਮੂਦ ਸ਼ਾਹ ਇਕ ਵਾਰ ਫਿਰ ਸ਼ੇਰ ਸ਼ਾਹ ਕੋਲੋਂ ਹਾਰ ਗਿਆ। ਮਹਿਮੂਦ ਸ਼ਾਹ ਨੇ ਬੰਗਾਲ ਦੇ ਬਹੁਤ ਸਾਰੇ ਪ੍ਰਦੇਸ਼ ਅਤੇ 13 ਲੱਖ ਸੋਨੇ ਦੀਆਂ ਮੁਹਰਾਂ ਦਿੱਤੀਆਂ। 1537 ਈ. ਵਿੱਚ ਸ਼ੇਰ ਖਾਂ ਨੇ ਰੋਹਤਾਸ ਦੇ ਕਿਲ੍ਹੇ ਨੂੰ ਵੀ ਆਪਣੇ ਅਧੀਨ ਕਰ ਲਿਆ।

**(iv) ਚੌਸਾ ਦੀ ਲੜਾਈ (1539 ਈ.)** :– ਸ਼ੇਰ ਸ਼ਾਹ ਤੋਂ ਹਾਰਨ ਉਪਰੰਤ ਬੰਗਾਲ ਦੇ ਸ਼ਾਸਕ ਨੇ ਹੁਮਾਯੂੰ ਤੋਂ ਮਦਦ ਮੰਗੀ। 1537 ਈ. ਵਿੱਚ ਮੁਗਲ ਫੌਜਾਂ ਨੇ ਸ਼ੇਰ ਸ਼ਾਹ ਵਿਰੁੱਧ ਚੜਾਈ ਕਰ ਦਿੱਤੀ। ਸਭ ਤੋਂ ਪਹਿਲਾਂ ਚੁਨਾਰ ਦੇ ਕਿਲ੍ਹੇ ਤੇ ਹਮਲਾ ਕੀਤਾ ਅਤੇ ਛੇ ਮਹੀਨਿਆਂ ਉਪਰੰਤ ਉਸ ਤੇ ਕਬਜ਼ਾ ਕਰਨ ਵਿੱਚ ਸਫ਼ਲ ਹੋਏ। ਇਸ ਸਮੇਂ ਦੌਰਾਨ ਸ਼ੇਰ ਸ਼ਾਹ ਆਪਣੇ ਪਰਿਵਾਰ ਅਤੇ ਦੌਲਤ ਨੂੰ ਗੌੜ ਤੋਂ ਕੱਢ ਲਿਆ। ਹੁਮਾਯੂੰ ਨੂੰ ਗੌੜ ਤੇ ਜਿੱਤ ਪ੍ਰਾਪਤ ਹੋਈ ਪਰੰਤੂ ਅੱਠ ਮਹੀਨੇ ਉਸਨੇ ਰੰਗ-ਰਲੀਆਂ ਵਿੱਚ ਬੀਤਾ ਦਿੱਤੇ। ਇਸ ਦੌਰਾਨ ਸ਼ੇਰ ਸ਼ਾਹ ਨੇ ਆਪਣੀ ਤਾਕਤ ਵੱਧਾ ਲਿੱਤੀ ਅਤੇ ਅਫਗਾਨਾਂ ਵਿਚਕਾਰ ਲੜਾਈ ਹੋਈ। ਇਸ ਲੜਾਈ ਵਿੱਚ ਸ਼ੇਰ ਖਾਂ ਦੀ ਜਿੱਤ ਹੋਈ ਅਤੇ ਹੁਮਾਯੂੰ ਮੁਸ਼ਕਿਲ ਨਾਲ ਆਪਣੀ ਜਾਨ ਬਚਾ ਕੇ ਭੱਜ ਗਿਆ।

**(v) ਕਨੌਜ ਦੀ ਲੜਾਈ (1540 ਈ.)** :– 17 ਮਈ 1540 ਈ. ਨੂੰ ਮੁਗਲਾਂ ਅਤੇ ਅਫਗਾਨਾਂ ਵਿਚਕਾਰ ਕਨੌਜ਼ (ਬਿਲਗ੍ਰਾਮ) ਵਿਖੇ ਇਕ ਹੋਰ ਲੜਾਈ ਹੋਈ। ਇੱਕ ਵਾਰ ਫਿਰ ਸ਼ੇਰ ਸ਼ਾਹ ਦੀ ਜਿੱਤ ਹੋਈ ਅਤੇ ਹੁਮਾਯੂੰ ਨੂੰ ਹਾਰ। ਹੁਮਾਯੂੰ ਉਥੋਂ ਭੱਜ ਨਿਕਲਿਆ ਅਤੇ ਸ਼ੇਰ ਸ਼ਾਹ ਨੇ ਉਸਦਾ ਪਿਛੱਾ ਕੀਤਾ ਹੁਮਾਯੂੰ ਆਗਰਾ ਅਤੇ ਦਿੱਲੀ ਤੋਂ ਹੁੰਦਾ ਹੋਇਆ ਲਾਹੌਰ ਚਲਾ ਗਿਆ। ਸ਼ੇਰ ਸ਼ਾਹ ਨੇ ਦਿੱਲੀ ਅਤੇ ਆਗਰੇ ਤੇ ਕਬਜ਼ਾ ਕਰ ਲਿਆ।

**(vi) ਪੰਜਾਬ ਦੀ ਜਿੱਤ (1540–41 ਈ.)** :– ਜਦੋਂ ਸ਼ੇਰ ਸ਼ਾਹ ਹੁਮਾਯੂੰ ਦਾ ਪਿੱਛਾ ਕਰ ਰਿਹਾ ਸੀ ਤਾਂ ਉਹ ਪੰਜਾਬ ਵੱਲ ਵਧਿਆ ਅਤੇ ਉਸਨੇ ਬਿਨਾਂ ਕਿਸੇ ਵਿਰੋਧ ਦੇ ਪੰਜਾਬ ਤੇ ਕਬਜ਼ਾ ਕਰ ਲਿਆ। ਕਾਮਰਾਨ

ਪਹਿਲਾਂ ਹੀ ਪੰਜਾਬ ਛੱਡ ਕੇ ਕਾਬਲ-ਕੰਧਾਰ ਵੱਲ ਚਲਾ ਗਿਆ ਸੀ।

**(vii)** **ਗਖੱੜ ਕਬੀਲੇ ਦੀ ਸ਼ਕਤੀ ਦਾ ਦਮਨ** :- ਗੱਖੜ ਕਬੀਲੇ ਦੇ ਲੋਕ ਜ਼ਿਹਲਮ ਅਤੇ ਰਾਵਲਪਿੰਡੀ ਦੇ ਪ੍ਰਦੇਸ਼ਾਂ ਵਿੱਚ ਰਹਿੰਦੇ ਸਨ। ਇਸ ਕਬੀਲੇ ਦੇ ਮੁਖੀ ਰਾਏ ਸਾਰੰਗ ਨੇ ਸ਼ੇਰ ਸ਼ਾਹ ਦੀ ਅਧੀਨਤਾ ਸਵੀਕਾਰ ਕਰਨ ਤੋਂ ਸਾਫ਼ ਨਾਂਹ ਕਰ ਦਿੱਤੀ। ਸ਼ੇਰ ਸ਼ਾਹ ਨੇ ਆਪਣੀ ਫੌਜਾਂ ਸਹਿਤ ਕਬੀਲੇ ਤੇ ਚੜ੍ਹਾਈ ਕਰ ਦਿੱਤਤੀ ਅਤੇ ਗੱਖੜਾ ਦੀ ਸ਼ਕਤੀ ਦਾ ਦਮਨ ਕੀਤਾ। ਜ਼ਿਹਲਮ ਵਿਖੇ ਸ਼ੇਰ ਸ਼ਾਹ ਨੇ ਰੋਹਤਾਸ ਦਾ ਕਿਲ੍ਹਾ ਬਣਵਾਇਆ ਅਤੇ ਆਪਣੇ ਸੈਨਾਪਤੀ ਹੈਬਤ ਖਾਂ ਅਤੇ ਖਵਾਸ ਖਾਂ ਅਧੀਨ 50,000 ਸੈਨਿਕ ਰੱਖੇ।

**(viii)** **ਮਾਲਵਾ ਦੀ ਜਿੱਤ (1542 ਈ.)** :- 1542 ਈ. ਵਿੱਚ ਸ਼ੇਰ ਸ਼ਾਹ ਨੇ ਮਾਲਵਾ ਤੇ ਚੜ੍ਹਾਈ ਕਰ ਦਿੱਤੀ। ਉਥੋਂ ਦੇ ਹਾਕਮ ਮੱਲੂ ਖਾਂ ਨੇ ਉਸਦਾ ਵਿਰੋਧ ਨਾ ਕੀਤਾ ਅਤੇ ਬਿਨਾ ਯੁੱਧ ਕੀਤੇ ਹੀ ਉਸਦੀ ਅਧੀਨਤਾ ਸਵੀਕਾਰ ਕਰ ਲਈ। ਸ਼ੇਰ ਸ਼ਾਹ ਨੇ ਮਲੂ ਖਾਂ ਨੂੰ ਲਖਨੌਤੀ ਦਾ ਗਵਰਨਰ ਥਾਪ ਦਿੱਤਾ ਅਤੇ ਸਾਰੰਗਪੁਰ, ਉਜੈਨ ਅਤੇ ਮਾਂਡੂ ਆਪਣੇ ਸਾਮਰਾਜ ਵਿੱਚ ਸ਼ਾਮਿਲ ਕਰ ਲਏ।

**(ix)** **ਰਾਏਸਿਨ ਦੀ ਜਿੱਤ (1543 ਈ.)** :- ਮੱਧ ਭਾਰਤ ਦਾ ਇਹ ਪ੍ਰਸਿੱਧ ਰਾਜ ਸੀ ਜਿਸ ਦਾ ਸ਼ਾਸਨ ਰਾਜਪੂਤ ਸਰਦਾਰ ਪੂਰਨ ਮਲ ਦੌਰਾਨ ਸੀ। 1543 ਈ. ਵਿੱਚ ਸ਼ੇਰ ਸ਼ਾਹ ਨੇ ਰਾਏਸਿਨ ਤੇ ਹਮਲਾ ਕਰ ਦਿੱਤਾ। ਕਈ ਦਿਨਾਂ ਤੱਕ ਰਾਏਸਿਨ ਦੇ ਕਿਲ੍ਹੇ ਦੀ ਘੇਰਾਬੰਦੀ ਚਲਦੀ ਰਹੀ। ਅੰਤ ਸ਼ੇਰ ਸ਼ਾਹ ਨੇ ਇੱਕ ਸੰਧੀ ਰਾਹੀਂ ਆਪਣੀ ਫੌਜ ਦੇ ਦੋ ਪੜਾਅ ਹਟਾਉਣੇ ਮੰਨ ਲਏ ਅਤੇ ਪਵਿੱਤਰ ਕੁਰਾਨ ਦੇ ਅੱਗੇ ਕਸਮ ਖਾਦੀ ਕਿ ਉਹ ਜੇ ਪੂਰਨ ਮਲ ਕਿਲ੍ਹਾ ਉਸਦੇ ਹਵਾਲੇ ਕਰ ਦੇਵੇ ਤਾਂ ਸ਼ੇਰ ਸ਼ਾਹ ਉਸਦੇ ਸਾਥੀ ਅਤੇ ਜਾਇਦਾਦ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਏਗਾ। ਪਰੰਤੂ ਜਦੋਂ ਪੂਰਨ ਮਲ ਅਤੇ ਉਸਦੇ ਸਾਥੀ ਕਿਲ੍ਹੇ ਤੋਂ ਬਾਹਰ ਆਏ ਤਾਂ ਸ਼ੇਰ ਸ਼ਾਹ ਨੇ ਆਪਣੇ ਵਚਨ ਨੂੰ ਭੰਗ ਕਰਦੇ ਹੋਏ ਉਨ੍ਹਾਂ ਨੂੰ ਬੜੀ ਬੇਰਿਹਮੀ ਨਾਲ ਮਾਰ ਦਿੱਤਾ।

**(x)** **ਮੁਲਤਾਨ ਦੀ ਜਿੱਤ (1543-44 ਈ.)** :- ਪੰਜਾਬ ਦੇ ਗਵਰਨਰ ਹੈਬਤ ਖਾਂ ਨੇ ਸ਼ੇਰ ਸ਼ਾਹ ਦੀ ਆਗਿਆ ਨਾਲ ਵਿਦਰੋਹੀ ਸਰਦਾਰਾਂ ਦਾ ਦਮਨ ਕੀਤਾ ਅਤੇ ਦੱਖਣ ਪੱਛਮ ਵੱਲ ਰਾਜ ਦੀਆਂ ਸੀਮਾਵਾਂ ਨੂੰ ਵਧਾਉਣ ਦਾ ਕੰਮ ਕੀਤਾ। 1543 ਈ. ਵਿੱਚ ਮੁਲਤਾਨ ਦੇ ਹਾਕਮ ਬਖ਼ਸ਼ੂ ਲੰਗੇ ਨੂੰ ਹਰਾ ਦਿੱਤਾ ਅਦੇ ਅਫਗਾਨ ਰਾਜ ਵਿੱਚ ਮਿਲਾ ਲਿਆ। ਸਿੰਧ ਪ੍ਰਦੇਸ਼ ਦੇ ਕੁੱਝ ਭਾਗਾਂ ਤੇ ਵੀ ਹੈਬਤ ਖਾਂ ਨੇ ਜਿੱਤ ਪ੍ਰਾਪਤ ਕੀਤੀ।

**(xi)** **ਮਾਲਦੇਵ ਨਾਲ ਯੁੱਧ ਅਤੇ ਦੂਜੇ ਰਾਜਪੂਤ ਪ੍ਰਦੇਸ਼ਾ ਦੀ ਜਿੱਤ (1544 ਈ.)** :- 1544 ਈ. ਵਿੱਚ ਸ਼ੇਰ ਸ਼ਾਹ ਨੇ ਮਾਰਵਾੜ ਤੇ 80,000 ਘੋੜਸਵਾਰ ਸੈਨਾ ਨਾਲ ਹਮਲਾ ਕੀਤਾ। ਉੱਥੇ ਦੇ ਹਾਕਮ ਮਾਲਦੇਵ ਰਾਠੌਰ ਨੇ ਵੀ 40,000 ਸੈਨਿਕਾਂ ਸਹਿਤ ਲੜਨ ਲਈ ਤਿਆਰ ਸੀ। ਦੋਹਾਂ ਧਿਰਾਂ ਵਿੱਚ ਘਮਾਸਾਨ ਯੁੱਧ ਹੋਇਆ ਅਤੇ ਜਦੋਂ ਸ਼ੇਰ ਸ਼ਾਹ ਨੂੰ ਜਿੱਤ ਦੀ ਕੋਈ ਆਸ ਨਜ਼ਰ ਨਾ ਆਈ ਤਾਂ ਉਸਨੇ ਚਾਲ ਚੱਲੀ। ਉਸਨੇ ਆਪਣੇ ਨਾਂ ਤੇ ਕੁੱਝ ਨਕਲੀ ਪੱਤਰ ਲਿਖਵਾ ਕੇ ਰੇਸ਼ਮੀ ਥੈਲੀ ਵਿੱਚ ਪਾ ਦਿੱਤੇ ਅਤੇ ਮਾਲਦੇਵ ਦੇ ਤੰਬੂ ਕੋਲ ਸੁੱਟ ਦਿੱਤੇ। ਮਾਲਦੇਵ ਨੇ ਇਹ ਚਿੱਠੀਆਂ ਪੜੀਆਂ ਜਿਨ੍ਹਾਂ ਵਿੱਚ ਲਿਖਿਆ ਹੋਇਆ ਸੀ ਕਿ ਉਸਦੇ ਸਾਥੀ ਸਰਦਾਰ ਉਸਨੂੰ ਕੈਦ ਕਰਕੇ ਸ਼ੇਰ ਸ਼ਾਹ ਕੋਲ ਪੇਸ਼ ਕਰਨਗੇ। ਇਸ ਨਾਲ ਮਾਲਦੇਵ ਘਬਰਾ ਗਿਆ ਅਤੇ ਉਸਨੇ ਆਪਣੀਆਂ ਫੌਜਾਂ ਪਿੱਛੇ ਹੱਟਾ ਲਈਆਂ। ਇਸ ਤਰ੍ਹਾਂ ਸ਼ੇਰ ਸ਼ਾਹ ਦੀ ਚਾਲ ਸਫ਼ਲ ਹੋ ਗਈ। ਪਰੰਤੂ ਫਿਰ ਵੀ ਰਾਜਪੂਤ ਸਰਦਾਰ ਅਤੇ ਸੈਨਿਕ ਬੜੀ ਬਹਾਦਰੀ ਅਤੇ ਉਤਸ਼ਾਹ ਨਾਲ ਸ਼ੇਰ ਸ਼ਾਹ ਵਿਰੁੱਧ ਲੜੇ ਕਿ ਸ਼ੇਰ ਸ਼ਾਹ ਦੀ ਅਜਿਹੀ ਹਾਲਤ ਸੀ ਕਿ ਉਸਨੇ ਆਪ ਕਿਹਾ ਕਿ ਮੈਂ ਕੇਵਲ ਮੁੱਠੀ ਭਰ ਬਾਜਰੇ ਲਈ ਹਿੰਦੋਸਤਾਨ ਦੇ ਰਾਜ ਨੂੰ ਗੁਆ ਬੈਠਣ ਲੱਗਾ ਸੀ। ਇਸ ਤਰ੍ਹਾਂ ਸ਼ੇਰ ਸ਼ਾਹ ਅਧੀਨ ਜੋਧਪੁਰ, ਮਾਰਵਾੜਾ, ਚਿਤੌੜ, ਅਜਮੇਰ, ਆਬੂ ਪਰਬਤ ਆ ਗਏ।

**(xii)** **ਕੀਲੰਜਰ ਤੇ ਅਧਿਕਾਰ (1545 ਈ.)** :- ਜਦੋਂ ਸ਼ੇਰ ਸ਼ਾਹ ਨੇ 1545 ਈ. ਵਿੱਚ ਕਾਲਿੰਜਰ ਤੇ

ਚੜਾਈ ਕੀਤੀ ਤਾਂ ਉਥੋਂ ਦੇ ਰਾਜੇ ਕੀਰਤ ਸਿੰਘ ਨੇ ਡੱਟ ਕੇ ਮੁਕਾਬਲਾ ਕੀਤਾ। ਅੰਤ ਸ਼ੇਰ ਸ਼ਾਹ ਨੂੰ ਕੀਲੰਜਰ ਤੇ ਜਿੱਤ ਹਾਸਲ ਹੋਈ ਪਰੰਤੂ ਬਾਰੂਦ ਦੇ ਗੋਲੇ ਦੇ ਫੱਟ ਜਾਣ ਕਾਰਣ ਉਹ ਜਖ਼ਮੀ ਹੋ ਗਿਆ ਅਤੇ ਉਸ ਦੀ 22 ਮਈ 1545 ਈ. ਨੂੰ ਉਸਦਾ ਦੇਹਾਂਤ ਹੋ ਗਿਆ।

**(xiii) ਸ਼ੇਰ ਸ਼ਾਹ ਦਾ ਸਾਮਰਾਜ** :– ਆਪਣੇ ਪੰਜ ਸਾਲਾਂ ਦੇ ਰਾਜ ਵਿੱਚ ਸ਼ੇਰ ਸ਼ਾਹ ਨੇ ਕਸ਼ਮੀਰ ਗੁਜਰਾਤ ਅਤੇ ਅਸਾਮ ਛੱਡ ਕੇ ਲਗਭਗ ਹਿੰਦੋਸਤਾਨ ਤੇ ਕਬਜ਼ਾ ਕਰ ਲਿਆ। ਉਸਦਾ ਸਾਮਰਾਜ ਪਛੱਮ ਵਿੱਚ ਸਿੰਧ ਤੋਂ ਲੈ ਕੇ ਪੂਰਬ ਵਿੱਚ ਬੰਗਾਲ, ਉੱਤਰ ਵਿੱਚ ਹਿਮਾਲਿਆ ਤੋਂ ਲੈਕੇ ਦੱਖਣ ਵਿੱਚ ਵਿਧਿਆਚਲ ਤੱਕ ਫੈਲਿਆ ਹੋਇਆ ਸੀ।

**ਅਭਿਆਸ ਲਈ ਪ੍ਰਸ਼ਨ** :–

**ਸਹੀ ਉੱਤਰ ਮਿਲਾਉ** :–

(i) ਪੰਜਾਬ 1534

(ii) ਸੂਰਜਗੜ੍ਹ 1543

(iii) ਬੰਗਾਲ 1540

(iv) ਚੌਸਾ 1537

(v) ਕਨੌਜ 1539

(vi) ਮੁਲਤਾਨ 1541

**3. ਸ਼ੇਰ ਸ਼ਾਹ ਦਾ ਸ਼ਾਸਨ ਪ੍ਰਬੰਧ** :–

ਸ਼ੇਰ ਸ਼ਾਹ ਇੱਕ ਉੱਚ ਕੋਟੀ ਦਾ ਸ਼ਾਸਨ-ਪ੍ਰਬੰਧਕ ਵੀ ਸੀ। ਉਸਨੇ ਆਪਣੇ 5 ਵਰ੍ਹਿਆਂ ਦੇ ਸ਼ਾਸਨ ਕਾਲ ਵਿੱਚ ਨਾ ਕੇਵਲ ਸਾਮਰਾਜ ਦੀ ਸਥਾਪਨਾ ਬਲਕਿ ਰਾਜ ਪ੍ਰਬੰਧ ਦੀਆਂ ਵਿਸਤ੍ਰਿਤ ਅਤੇ ਸਥਾਈ ਸ਼ਾਸਨ ਪ੍ਰਣਾਲੀ ਦੀ ਸਥਾਪਨਾ ਕੀਤੀ।

**3.1 ਕੇਂਦਰੀ ਸ਼ਾਸਨ ਪ੍ਰਬੰਧ** :–

**(i) ਰਾਜਾ** :– ਰਾਜ ਪ੍ਰਬੰਧ ਦਾ ਮੁਖੀ ਰਾਜਾ (ਸ਼ੇਰ ਸ਼ਾਹ) ਆਪ ਸੀ ਜਿਸ ਕੋਲ ਅਸੀਮਿਤ ਸ਼ਕਤੀਆਂ ਸਨ। ਉਹ ਖੁਦ ਕਾਨੂੰਨ ਬਣਾਉਂਦਾ ਤੇ ਲਾਗੂ ਕਰਦਾ, ਕਾਨੂੰਨ ਭੰਗ ਕਰਨ ਵਾਲੇ ਨੂੰ ਸਖ਼ਤ ਸਜ਼ਾ ਦੇਣਾ, ਸੈਨਾ ਦਾ ਸਰਵ-ਉੱਚ ਪ੍ਰਧਾਨ ਸੀ। ਉਸਦੀ ਸਰਕਾਰ ਅਮਲੀ ਰੂਪ ਵਿੱਚ ਤਾਨਾਸ਼ਾਹੀ ਸਰਕਾਰ ਸੀ। ਪਰੰਤੂ ਪਰਜਾ ਦੀ ਭਲਾਈ ਕਰਨਾ ਰਾਜੇ ਦਾ ਸਭ ਤੋਂ ਵੱਡਾ ਕਰਤਵ ਸੀ।

**(ii) ਮੰਤਰੀ** :– ਰਾਜ-ਪ੍ਰਬੰਧ ਵਿੱਚ ਰਾਜੇ ਦੀ ਸਹਾਇਤਾ ਲਈ ਮੰਤਰੀ ਹੁੰਦੇ ਸਨ। ਹੇਠ ਲਿਖੇ ਵਿਭਾਗ ਅਤੇ ਮੰਤਰੀ ਕੇਂਦਰੀ ਸ਼ਾਸਨ ਪ੍ਰਬੰਧ ਵਿੱਚ ਸਨ।

**(i) ਦੀਵਾਨ-ਏ-ਵਜ਼ਾਰਤ** :– ਇਸ ਵਿਭਾਗ ਦੇ ਮੰਤਰੀ ਨੂੰ ਵਜ਼ੀਰ ਆਖਦੇ ਸਨ। ਇਹ ਵਿਭਾਗ ਵਿੱਤ ਸੰਬੰਧੀ ਸਾਰੇ ਕਾਰਜ ਕਰਦਾ ਸੀ। ਰਾਜੇ ਨੂੰ ਰਾਜ-ਪ੍ਰਬੰਧ ਦੇ ਮੁਆਮਲਿਆਂ ਵਿੱਚ ਸਲਾਹ ਦਿੰਦਾਸੀ ਅਤੇ ਦੂਜੇ ਮੰਤਰੀਆਂ ਦੇ ਕਾਰਜਾਂ ਉੱਤੇ ਨਿਗਰਾਨੀ ਰਖੱਦਾ ਸੀ।

**(ii) ਦੀਵਾਨ-ਏ-ਅਰਜ਼** :– ਇਸ ਵਿਭਾਗ ਦਾ ਮੰਤਰੀ ਸੈਨਾ ਮੰਤਰੀ ਹੁੰਦਾ ਸੀ। ਜਿਸ ਨੂੰ ਅਰਜ਼-ਏ-ਮੁਮਾਲਿਕ ਆਖਦੇ ਸਨ। ਉਸਦਾ ਮੁਖ ਕੰਮ ਸੈਨਿਕਾਂ ਨੂੰ ਭਰਤੀ ਕਰਨਾ, ਉਨ੍ਹਾਂ ਦਾ ਰਿਕਾਰਡ ਰਖੱਣਾ, ਹਥਿਆਰ ਤਿਆਰ ਕਰਵਾਉਣਾ, ਸੈਨਿਕਾਂ ਨੂੰ ਵੇਤਨ ਦੇਣਾ, ਨਿਰੀਖਣ ਕਰਨਾ ਆਦਿ ਸਨ। ਸਮਕਾਲੀ ਇਤਿਹਾਸਕਾਰਾਂ ਤੋਂ ਪਤਾ ਲਗਦਾ ਹੈ ਕਿ ਸੈਨਿਕਾਂ ਦੀ ਭਰਤੀ ਅਤੇ ਉਨ੍ਹਾਂ ਦੇ ਵੇਤਨਾ ਦੇ ਫੈਸਲੇ ਸ਼ੇਰ ਸ਼ਾਹ ਦੇ ਸਾਹਮਸ਼ੇ ਹੋਇਆ ਕਰਦੇ ਸਨ।

**(iii)** **ਦੀਵਾਨ-ਏ-ਇੰਸ਼ਾ** :– ਇਹ ਸ਼ਾਹੀ ਲੇਖਾ-ਪਤੱਰਾਂ ਦਾ ਵਿਭਾਗ ਸੀ। ਇਸ ਦਾ ਮੰਤਰੀ ਰਾਜੇ ਦੇ ਫਰਮਾਨ ਅਤੇ ਪਤੱਰ ਤਿਆਰ ਕਰਦਾ ਸੀ ਅਤੇ ਉਨ੍ਹਾਂ ਨੂੰ ਸਥਾਨਿਕ ਅਧਿਕਾਰੀਆਂ ਤੱਕ ਪਹੁੰਚਾਉਂਦਾ ਸੀ। ਸਾਰੇ ਸਰਕਾਰੀ ਰਿਕਾਰਡ ਵੀ ਰਖਣਾ ਉਸ ਦੀ ਜ਼ਿੰਮੇਵਾਰੀ ਹੁੰਦੀ ਸੀ।

**(iv)** **ਦੀਵਾਨ-ਏ-ਆਲਾ** :– ਇਸ ਨੂੰ ਦੀਵਾਨ-ਏ-ਮੁਤਾਸਿਬ ਵੀ ਆਖਦੇ ਸਨ। ਇਹ ਵਿਦੇਸ਼ੀ ਕਾਰਜਾਂ ਦਾ ਮੰਤਰਗਲਾ ਸੀ। ਇਸ ਮੰਤਰੀ ਦੇ ਮੁਖ ਕੰਮ ਵਿਦੇਸ਼ੀ ਦਰਬਾਰਾਂ ਵਿੱਚ ਆਪਣੇ ਰਾਜਦੂਤ ਭੇਜਣਾ ਅਤੇ ਉਨ੍ਹਾਂ ਦੇ ਰਾਜਪੂਤ ਸਵੀਕਾਰ ਕਰਨਾ, ਵਿਦੇਸ਼ੀ ਰਾਜਾਂ ਨਾਲ ਪਤੱਰ-ਵਿਹਾਰ ਕਰਨਾ ਆਦਿ ਸਨ।

**(v)** **ਦੀਵਾਨ-ਏ-ਕਜ਼ਾ** :– ਇਸ ਵਿਭਾਗ ਦਾ ਮੰਤਰੀ ਕਾਜ਼ੀ ਹੁੰਦਾ ਸੀ। ਉਹ ਕਾਜ਼ੀਆਂ ਦੀਆਂ ਅਦਾਲਤਾਂ ਵਿਚੋਂ ਆਏ ਅਪੀਲ ਸੰਬੰਧੀ ਮੁਕੱਦਮਿਆਂ ਦਾ ਫੈਸਲਾ ਕਰਦਾ ਸੀ ਅਤੇ ਕਾਜ਼ੀਆਂ ਦੇ ਕੰਮਾਂ ਉੱਤੇ ਨਿਗਰਾਨੀ ਰਖੱਦਾ ਸੀ।

**(vi)** **ਦੀਵਾਨ-ਏ-ਬਰੀਦ** :– ਇਸ ਵਿਭਾਗ ਦਾ ਮੁੱਖੀ ਬਰੀਦ-ਏ-ਮੁਮਾਲਿਕ ਵੀ ਆਖਦੇ ਸਨ। ਇਹ ਜਾਸੂਸਾਂ ਦਾ ਮੁੱਖੀ ਸੀ। ਉਸਦਾ ਮੁਖ ਕੰਮ ਸੁਲਤਾਨ ਨੂੰ ਸਾਮਰਾਜ ਦੇ ਵੱਖ-ਵੱਖ ਭਾਗਾਂ ਦੀਆਂ ਖਬਰਾਂ ਭੇਜਣਾ ਸੀ। ਉਸਦੇ ਅਧੀਨ ਬਹੁਤ ਸਾਰੇ ਜਾਸੂਸ ਅਤੇ ਲੇਖਕ ਹੁੰਦੇ ਸਨ। ਸ਼ਾਹੀ ਡਾਕ ਨੂੰ ਵੱਖ-ਵੱਖ ਥਾਵਾਂ ਤੇ ਪਹੁੰਚਾਉਣ ਦਾ ਵੀ ਉਹ ਹੀ ਪ੍ਰਬੰਧ ਕਰਦਾ ਸੀ।

ਇਹਨਾ ਉਪਰੋਕਤ ਮੰਤਰੀਆਂ ਤੋਂ ਇਲਾਵਾ ਇੱਕ ਰਾਜ-ਮਹਿਲ ਦੇ ਕਾਰਜਾਂ ਦਾ ਮੰਤਰੀ ਵੀ ਹੁੰਦਾ ਹੋਵੇਗਾ। ਇਹ ਸਾਰੇ ਮੰਤਰੀ ਰਾਜੇ ਦੇ ਅਧੀਨ ਕੰਮ ਕਰਦੇ ਸਨ।

3.2 **ਸਥਾਨਕ** :–

**ਸ਼ਾਸਨ ਪ੍ਰਬੰਧ** :– ਸ਼ੇਰ ਸ਼ਾਹ ਨੇ ਆਪਣੇ ਸਾਮਰਾਜ ਨੂੰ ਅੱਗੇ ਸੂਬਿਆ ਵਿੱਚ ਵੰਡਿਆ ਹੋਇਆ ਸੀ। ਸੂਬੇ ਦਾ ਮੁੱਖੀ ਸੂਬੇਦਾਰ ਹੁੰਦਾ ਸੀ। ਹਰ ਇੱਕ ਸੂਬੇ ਨੂੰ ਅੱਗੇ ਸਰਕਾਰਾਂ ਵਿੱਚ ਵੰਡਿਆ ਗਿਆ ਸੀ। ਸ਼ੇਰ ਸ਼ਾਹ ਦੇ ਸਾਮਰਾਜ ਵਿੱਚ ਕੁਲ 66 ਸਰਕਾਰਾਂ ਸਨ। ਸਰਦਾਰ ਦੇ ਪ੍ਰਬੰਧ ਲਈ ਦੋ ਮੁਖ ਅਧਿਕਾਰੀ ਹੁੰਦੇ ਸਨ –

**(i)** **ਮੁੱਖ ਸ਼ਿਕਦਾਰ** :– ਇਹ ਅਧਿਕਾਰੀ ਸਰਕਾਰ ਵਿੱਚ ਸੈਨਿਕ ਅਧਿਕਾਰੀ ਹੁੰਦਾ ਸੀ। ਇਸ ਕੋਲ 2000 ਤੋਂ 5000 ਤੱਕ ਸੈਨਾ ਹੁੰਦੀ ਸੀ। ਇਸਦੇ ਮੁਖ ਕੰਮ ਸਰਕਾਰ ਵਿੱਚ ਸ਼ਾਂਤੀ ਸਥਾਪਿਤ ਰਖੱਣਾ, ਡਾਕੂਆਂ ਨੂੰ ਸਜ਼ਾ ਦੇਣਾ, ਸ਼ਿਦਾਰਾਂ ਤੇ ਨਿਗਰਾਨੀ ਆਦਿ ਸਨ।

**(ii)** **ਮੁੱਖ ਮੁਨਸਿਫ਼** :– ਇਹ ਨਿਆਂ ਅਤੇ ਵਿੱਤ ਸੰਬੰਧੀ ਕੰਮਾਂ ਦਾ ਅਧਿਕਾਰੀ ਸੀ ਅਤੇ ਉਸਦੇ ਮੁੱਖ ਕੰਮ ਨਿਆਂ ਕਰਨਾ, ਲੁਗਾਨ ਇੱਕਠਾ ਕਰਨ ਵਾਲੇ ਅਧਿਕਾਰੀਆਂ ਤੇ ਨਿਗਰਾਨੀ ਕਰਨਾ, ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਆਦਿ ਸਨ। ਇਹਨਾਂ ਦੋਹਾਂ ਅਧਿਕਾਰੀਆਂ ਦੀ ਸਹਾਇਤਾ ਲਈ ਕਈ ਕਰਮਚਾਰੀ ਅਤੇ ਲੇਖਕ ਹੁੰਦੇ ਸਨ।

2. **ਪਰਗਨੇ ਦਾ ਪ੍ਰਬੰਧ** :– ਹਰ ਇੱਕ ਸਰਕਾਰ ਨੂੰ ਕਈ ਪਰਗਨਿਆਂ ਵਿੱਚ ਵੰਡਿਆ ਹੋਇਆ ਸੀ। ਪਰਗਨੇ ਦਾ ਪ੍ਰਬੰਧ ਸ਼ਿਕਦਾਰ, ਮੁਨਸਿਫ, ਫੋਤਦਾਰ, ਕਾਰਕੁਨ ਦੇ ਹੱਥ ਵਿੱਚ ਹੁੰਦਾ ਸੀ।

**(i)** **ਸ਼ਿਕਦਾਰ** :– ਇਹ ਪਰਗਨੇ ਦਾ ਸੈਨਿਕ ਅਤੇ ਪ੍ਰਸ਼ਾਸਨਿਕ ਅਧਿਕਾਰੀ ਸੀ। ਉਸਦਾ ਮੁੱਖ ਕੰਮ ਪਰਗਨੇ ਵਿੱਚ ਸ਼ਾਂਤੀ ਸਥਾਪਿਤ ਰਖੱਣਾ, ਰਾਜੇ ਦੇ ਹਕੁਮਾਂ ਨੂੰ ਲਾਗੂ ਕਰਨਾ ਅਤੇ ਮੁਨਸਿਫ ਦੇ ਕੰਮਾਂ ਵਿੱਚ ਉਸਦੀ ਸਹਾਇਤਾ ਕਰਨਾ ਆਦਿ ਸਨ।

**(ii)** **ਮੁਨਸਿਫ** :– ਇਸ ਨੂੰ ਅਮੀਨ ਵੀ ਆਖਦੇ ਸਨ। ਇਹ ਅਧਿਕਾਰੀ ਪਰਗਨੇ ਦੇ ਵਿੱਤ ਅਤੇ ਲਗਾਨ ਸੰਬੰਧੀ ਕੰਮਾਂ ਨੂੰ ਦੇਖਦਾ ਸੀ। ਪਰਗਨੇ ਵਿੱਚ ਜ਼ਮੀਨਾਂ ਦੀ ਮਿਣਤੀ ਕਰਵਾਉਣਾ ਪੈਦਾਵਾਰ ਦੀ ਜਾਂਚ ਅਤੇ ਭੂਮੀ ਕਰ ਨਿਯਤ ਕਰਨਾ, ਲਗਾਨ ਇਕੱਠਾ ਕਰਵਾਉਣਾ ਅਤੇ ਖਜ਼ਾਨੇ ਵਿੱਚ ਜਮਾਂ ਕਰਵਾਉਣਾ ਆਦਿ ਉਸ ਦੇ ਕੰਮ ਸਨ।

**(iii)** **ਹੋਰ ਅਧਿਕਾਰੀ** :– ਪਰਗਨੇ ਵਿੱਚ ਇੱਕ ਖਜ਼ਾਨਚੀ ਹੁੰਦਾ ਸੀ ਜੋ ਖਜ਼ਾਨੇ ਦਾ ਪ੍ਰਬੰਧ ਕਰਦਾ ਸੀ ਅਤੇ ਦੋ ਕਾਰਕੁਨ ਹੁੰਦੇ ਸਨ ਜੋ ਫਾਰਸੀ ਅਤੇ ਹਿੰਦੀ ਵਿੱਚ ਭੂਮੀ ਸੰਬੰਧੀ ਸਾਰੇ ਰਿਕਾਰਡ ਰਖੱਦੇ ਸਨ।

3. **ਪਿੰਡ ਦਾ ਪ੍ਰਬੰਧ** :– ਪਿੰਡ ਸ਼ਾਸਨ ਪ੍ਰਬੰਧ ਦੀ ਸਭ ਤੋਂ ਛੋਟੀ ਇਕਾਈ ਸੀ। ਇਸ ਦਾ ਪ੍ਰਬੰਧ ਪੰਚਾਇਤ ਦਾ ਫੈਸਲਾ ਕਰਦੇ ਸਨ। ਮੁਕਦਮ-ਪਿੰਡ ਦਾ ਲਗਾਨ ਇੱਕਠਾ ਕਰਦਾ ਸੀ। ਚੌਕੀਦਾਰ-ਸ਼ਾਂਤੀ ਸਥਾਪਿਤ ਰਖਦਾ ਸੀ ਅਤੇ ਪਟਵਾਰੀ-ਪਿੰਡ ਦੀ ਭੂਮੀ ਦਾ ਰਿਕਾਰਡ ਰਖਦਾ ਸੀ।

**ਅਭਿਆਸ ਲਈ ਪ੍ਰਸ਼ਨ** :–

(i) ਦੀਵਾਨ-ਏ-ਇੰਸ਼ਾ ਕਿਸ ਚੀਜ਼ ਦਾ ਮੰਤਰੀ ਸੀ?

(ii) ਦੀਵਾਨ-ਏ-ਬਰੀਦ ਦਾ ਮੁੱਖ ਕੰਮ ਕੀ ਸੀ?

(iii) ਪਰਗਨੇ ਦੇ ਪ੍ਰਬੰਧ ਦੇ ਕਿਹੜੇ ਕਰਮਚਾਰੀ ਸਨ?

4. **ਸੈਨਿਕ ਪ੍ਰਬੰਧ** :–

ਸ਼ੇਰ ਸ਼ਾਹ ਸੈਨਾ ਦੇ ਮਹਤੱਵ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਇਸ ਲਈ ਉਸਨੇ ਸੈਨਾ ਦਾ ਬੜੇ ਸੁਚੱਜੇ ਢੰਗ ਨਾਲ ਸੰਗਠਨ ਕੀਤਾ।

**(i)** **ਰਾਜੇ ਨਾਲ ਸਿੱਧਾ ਸੰਪਰਕ** :– ਜਦੋਂ ਸੈਨਿਕਾਂ ਦੀ ਭਰਤੀ ਹੁੰਦੀ ਸੀ ਤਾਂ ਸ਼ੇਰ ਸ਼ਾਹ ਉਥੇ ਖੁਦ ਮੌਜੂਦ ਹੁੰਦਾ ਸੀ। ਉਹ ਖੁਦ ਉਨ੍ਹਾਂ ਦੀ ਭਰਤੀ ਕਰਦਾ ਅਤੇ ਉਨ੍ਹਾਂ ਨੂੰ ਤਨਖਾਹਾਂ ਦੇਂਦਾ ਸੀ। ਉਸਨੇ ਸਭ ਨੂੰ ਹੁਕਮ ਦਿੱਤਾ ਸੀ ਕਿ ਉਹ ਸਭ ਤੋਂ ਪਹਿਲਾਂ ਰਾਜੇ ਦੀ ਆਗਿਆ ਦਾ ਪਾਲਣ ਕਰਨ ਅਤੇ ਮੁੱਖੀਆਂ ਦੀ ਆਗਿਆ ਬਾਅਦ ਵਿੱਚ। ਇਸ ਨਾਲ ਸਰਦਾਰਾਂ ਦੀ ਸ਼ਕਤੀ ਕਮਜ਼ੋਰ ਹੋ ਗਈ।

**(ii)** **ਸਥਾਈ ਸੈਨਾ** :– ਸ਼ੇਰ ਸ਼ਾਹ ਨੇ ਸਥਾਈ ਸੈਨਾ ਦੀ ਸਥਾਪਨਾ ਕੀਤੀ। ਉਸਦੀ ਸੈਨਾ ਵਿੱਚ 1,50,000 ਘੋੜਸਵਾਰ, 25,000 ਪਿਆਦੇ ਅਤੇ 500 ਹਾਥੀ ਸਨ। ਇਹ ਫੌਜ ਰਾਜੇ ਦੇ ਅਧੀਨ ਹੁੰਦੀ ਸੀ। ਸ਼ੇਰ ਸ਼ਾਹ ਲਈ ਸਰਦਾਰ ਅਤੇ ਜਗੀਰਦਾਰ ਵੀ ਫੌਜ ਤਿਆਰ ਕਰਦੇ ਸਨ।

**(iii)** **ਦਾਗ ਅਤੇ ਹੁਲੀਏ ਦੀ ਪ੍ਰਥਾ** :– ਸੈਨਿਕ ਪ੍ਰਬੰਧ ਵਿੱਚ ਬੇਈਮਾਨੀ ਖ਼ਤਮ ਕਰਨ` ਮੁਲਈ ਸ਼ੇਰ ਸ਼ਾਹ ਨੇ ਅਲਾਉਦੀਨ ਖਲਜੀ ਵਾਂਗ ਦਾਗ ਅਤੇ ਹੁਲੀਏ ਦੀ ਪ੍ਰਥਾ ਕਾਇਮ ਕੀਤੀਆਂ। ਸੈਨਾ ਦੇ ਹਰ ਇੱਕ ਘੋੜੇ ਨੂੰ ਦਾਗਿਆ ਜਾਂਦਾ ਸੀ ਅਤੇ ਹਰ ਇੱਕ ਸੈਨਿਕ ਦਾ ਪੂਰਾ ਹੁਲੀਆ ਦਰਜ ਕੀਤਾ ਜਾਂਦਾ ਸੀ ਤਾਂ ਜੋ ਨਿਰੀਖਣ ਸਮੇਂ ਝੂਠੇ ਘੋੜੇ ਜਾਂ ਸੈਨਿਕ ਪੇਸ਼ ਨਾ ਕੀਤੇ ਜਾ ਸਕਣ।

**(iv)** **ਅਨੁਸ਼ਾਸਨ ਤੇ ਜ਼ੋਰ** :– ਸ਼ੇਰ ਸ਼ਾਹ ਨੇ ਸੈਨਿਕ ਪ੍ਰਬੰਧ ਵਿੱਚ ਅਨੁਸ਼ਾਸਨ ਨੂੰ ਬੜੀ ਸਖਤਾਈ ਨਾਲ ਲਾਗੂ ਕੀਤਾ। ਸੈਨਿਕ ਨਿਯਮਾਂ ਨੂੰ ਤੋੜਨ ਤੇ ਉਨ੍ਹਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਂਦੀ ਸੀ।

**(v)** **ਕਿਲ੍ਹੀਆਂ ਵਿੱਚ ਸੈਨਿਕ ਟੁਕੱੜੀਆਂ** :– ਸ਼ੇਰ ਸ਼ਾਹ ਦੀ ਸੈਨਾ ਟੁਕੱੜੀਆਂ ਵਿੱਚ ਵੰਡੀ ਹੋਈ ਸੀ। ਹਰ ਇੱਕ ਟੁੱਕੜੀ ਫੌਜ ਹੁੰਦੀ ਸੀ ਜੋ ਫੌਜਦਾਰ ਦੇ ਅਧੀਨ ਹੁੰਦੀ ਸੀ। ਸਾਮਰਾਜ ਦੇ ਪ੍ਰਸਿੱਧ ਕਿਲ੍ਹਿਆਂ ਵਿੱਚ ਜਿਵੇਂ-ਗਵਾਲੀਅਰ, ਰਾਏਸਿਨ, ਚੁਨਾਰ, ਰੋਹਤਾਮ ਆਦਿ ਵਿੱਚ ਵਿਸ਼ੇਸ਼ ਸੈਨਿਕ ਟੁੱਕੜੀਆਂ ਰੱਖੀਆਂ ਜਾਂਦੀਆਂ ਸਨ।

**ਅਭਿਆਸ ਲਈ ਪ੍ਰਸ਼ਨ** :–

(i) ਸ਼ੇਰ ਸ਼ਾਹ ਦੀ ਸੈਨਾ ਕਿਹੜੇ ਤਿੰਨ ਭਾਗਾਂ ਵਿੱਚ ਵੰਡੀ ਹੋਈ ਸੀ?

(ii) ਦਾਗ ਤੋਂ ਕੀ ਭਾਵ ਹੈ?

(iii) ਸ਼ੇਰ ਸ਼ਾਹ ਦੇ ਸਾਮਰਾਜ ਦੇ ਮੁੱਖ ਕਿਲ੍ਹੇ ਕਿਹੜੇ ਸਨ?

5. **ਨਿਆ ਪ੍ਰਬੰਧ** :-

**(i)** **ਰਾਜਾ-ਨਿਆ ਪ੍ਰਬੰਧ ਦਾ ਸੋਮਾ** :- ਸ਼ੇਰ ਸ਼ਾਹ ਨਿਆ ਪਸੰਦ ਰਾਜਾ ਸੀ। ਉਹ ਨਿਆ ਕਰਦੇ ਸਮੇਂ ਸਾਰਿਆਂ ਨੂੰ ਬਰਾਬਰ ਸਮਝਦਾ ਸੀ। ਉਹ ਵੱਡੇ-ਵੱਡੇ ਮੁਕਦਮਿਆਂ ਦਾ ਫੈਸਲਾ ਆਪ ਕਰਦਾ ਸੀ। ਉਸਦਾ ਫੈਸਲਾ ਅੰਤਿਮ ਫੈਸਲਾ ਹੁੰਦਾ ਸੀ। ਹਰ ਹਫ਼ਤੇ ਬੁੱਧਵਾਰ ਨੂੰ ਸ਼ਾਮ ਨੂੰ ਉਸਦੀ ਅਦਾਲਤ ਲਗੱਦੀ ਸੀ।

**(ii)** **ਸਾਮਰਾਜ ਦੇ ਦੂਜੇ ਨਿਆਂ ਅਧਿਕਾਰੀ** :- ਸਾਮਰਾਜ ਵਿੱਚ ਰਾਜੇ ਤੋਂ ਬਾਅਦ ਮੁੱਖ ਕਾਜ਼ੀ ਹੁੰਦਾ ਸੀ। ਇਹ ਆਮ ਤੌਰ ਤੇ ਅਪੀਲ ਸੰਬੰਧੀ ਮੁਕੱਦਮਿਆਂ ਦਾ ਫੈਸਲਾ ਕਰਦਾ ਸੀ। ਸਰਕਾਰ ਵਿੱਚ ਮੁੱਖ ਸ਼ਿਕਦਾਰ ਫੌਜਦਾਰੀ ਮੁਕੱਦਮਿਆਂਅਤੇ ਮੁੱਖ ਮੁਨਸਿਫ ਦੀਵਾਨੀ ਮੁਕੱਦਮਿਆਂ ਦਾ ਫੈਸਲਾ ਕਰਦੇ ਸਨ। ਪਰਗਨੇ ਵਿੱਚ ਸ਼ਿਕਦਾਰ ਅਤੇ ਮੁਨਸਿਫ ਨਿਆਂ ਦਾ ਕੰਮ ਕਰਦੇ ਸਨ। ਪਿੰਡਾਂ ਵਿੱਚ ਪੰਚਾਇਤ ਛੋਟੇ-ਮੋਟੇ ਮੁਕੱਦਮਿਆਂ ਦਾ ਫੈਸਲਾ ਕਰਦੀ ਸੀ।

**(iii)** **ਸਖ਼ਤ ਸਜ਼ਾਵਾਂ** :- ਸ਼ੇਰ ਸ਼ਾਹ ਸਮੇਂ ਸਜ਼ਾਵਾਂ ਸਖ਼ਤ ਹੁੰਦੀਆਂ ਤਾਂ ਜੋ ਕੋਈ ਵੀ ਵਿਅਕਤੀ ਅਪਰਾਧ ਤੋਂ ਪਹਿਲਾਂ ਅੰਜ਼ਾਮ ਬਾਰੇ ਸੋਚ ਕੇ ਅਪਰਾਧ ਨਹੀਂ ਕਰੇਗਾ। ਜਿਵੇਂ ਚੋਰੀ ਅਤੇ ਡਾਕੇ ਦੇ ਅਪਰਾਧ ਦੀ ਸਜ਼ਾ ਮੌਤ ਹੁੰਦੀ ਸੀ। ਸਜ਼ਾ ਦੇਣ ਸਮੇਂ ਸ਼ੇਰ ਸ਼ਾਹ ਗਰੀਬ ਲੋਕਾਂ ਦੀ ਬਜਾਏ ਅਮੀਰ ਸਰਦਾਰਾਂ ਅਤੇ ਸਰਕਾਰੀ ਅਧਿਕਾਰੀਆਂ ਨਾਲ ਜ਼ਿਆਦਾ ਸਖ਼ਤੀ ਨਾਲ ਪੇਸ਼ ਆਉਂਦਾ ਸੀ।

**ਅਭਿਆਸ ਲਈ ਪ੍ਰਸ਼ਨ** :-

(i) ਨਿਆਂ ਦਾ ਮੁੱਖ ਸੋਮਾਂ ਕੌਣ ਸੀ?

(ii) ਸਰਕਾਰ ਵਿੱਚ ਕੌਣ ਨਿਆਂ ਕਰਦਾ ਸੀ?

(iii) ਪਿੰਡ ਵਿੱਚ ਨਿਆਂ ਕੌਣ ਕਰਦਾ ਸੀ?

6. **ਵਿੱਤ ਪ੍ਰਬੰਧ** :-

ਸਾਮਰਾਜ ਦੀ ਆਮਦਨ ਕਈ ਸੋਮਿਆਂ ਤੋਂ ਪ੍ਰਾਪਤ ਹੁੰਦੀ ਸੀ ਪਰੰਤੂ ਇਨ੍ਹਾਂ ਨੂੰ ਦੋ ਮੁਖ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ-ਕੇਂਦਰੀ ਕਰ। ਜਿਸ ਵਿੱਚ ਬਿਨ੍ਹਾਂ ਵਿਲ ਦੀ ਜਾਇਦਾਦ, ਟਕਸਾਲ, ਉਪਹਾਰ, ਨਮਕ ਕਰ, ਚੁੰਗੀ ਕਰ, ਜ਼ਜ਼ੀਆ, ਖਮਸ ਅਤੇ ਭੂਮੀ ਕਰ। ਦੂਜਾ ਲੋਕਲ ਕਰ ਤੋਂ ਆਮਦਨ ਜਿਵੇਂ-ਵੱਖ-ਵੱਖ ਕਿਸਮ ਦੇ ਕਰ (ਅਬਵਾਬ) ਜੋ ਉਤਪਾਦਨ, ਵਪਾਰ ਕਿੱਤੇ ਆਦਿ ਤੇ ਲਾਏ ਜਾਂਦੇ ਸਨ। ਪਰੰਤੂ ਇਨ੍ਹਾਂ ਉਪਰੋਕਤ ਦੱਸੇ ਆਮਦਨ ਦੇ ਸੋਮਿਆਂ ਵਿੱਚੋਂ ਸਭ ਤੋਂ ਮਹਤਵਪੂਰਨ ਭੂਮੀ ਕਰ ਸੀ ਜਿਸ ਤੋਂ ਸਭ ਤੋਂ ਵਧੇਰੇ ਆਮਦਨ ਹੁੰਦੀ ਸੀ। ਸ਼ੇਰ ਸ਼ਾਹ ਨੇ ਪ੍ਰਚਲਿਤ ਭੂਮੀ ਕਰ ਵਿੱਚ ਕਈ ਮਹਤਵਪੂਰਨ ਸੁਧਾਰ ਕੀਤੇ :-

**(i)** **ਭੂਮੀ ਦੀ ਪੈਮਾਇਸ਼** :- ਸ਼ੇਰ ਸ਼ਾਹ ਨੇ ਵਾਹੀ ਯੋਗ ਭੂਮੀ ਦੀ ਪੈਮਾਇਸ਼ ਕਰਵਾਈ। ਭੂਮੀ ਦੇ ਮਿਣਨ ਲਈ ਸਿਕੰਦਰ ਲੋਧੀ ਦੇ ਸਮੇਂ ਦਾ 32 ਉਂਗਲੀਆਂ ਦਾ ਰੱਸੇ ਦਾ ਰਾਜ ਸੀ। ਭੂਮੀ ਦੀ ਇਕਾਈ ਵਿਘਾ ਸੀ ਅਤੇ ਇੱਕ ਵਿਘਾ 3600 ਵਰਗ ਗਜ਼ ਹੁੰਦਾ ਸੀ।

**(ii)** **ਭੂਮੀ ਦੀ ਵੰਡ** :- ਭੂਮੀ ਦੀ ਪੈਮਾਇਸ਼ ਕਰਵਾਉਣ ਉਪਰੰਤ ਸ਼ੇਰ ਸ਼ਾਹ ਨੇ ਉਪਜ ਨੂੰ ਜਾਂਚਣ ਦੇ ਨਿਯਮ ਤਿਆਰ ਕੀਤੇ। ਇਸ ਅਨੁਸਾਰ ਭੂਮੀ ਨੂੰ ਤਿੰਨ ਭਾਗਾਂ ਵਿੱਚ ਵੰਡ ਦਿੱਤਾ ਗਿਆ-ਪਹਿਲੇ ਦਰਜੇ ਦੀ, ਵਿਚਕਾਰਲੇ ਦਰਜੇ ਦੀ ਅਤੇ ਘਟੀਆ ਦਰਜੇ ਦੀ। ਇਨ੍ਹਾਂ ਦੀ ਔਸਤ ਕੱਢਕੇ ਉਸਦੇ ਆਧਾਰ ਤੇ ਕਰ ਨਿਯਤ ਕੀਤਾ ਜਾਂਦਾ ਸੀ।

**(iii)** **ਭੂਮੀ ਕਰ** :- ਕੁਝ ਇਤਿਹਾਸਕਾਰਾਂ ਅਨੁਸਾਰ ਸ਼ੇਰ ਸ਼ਾਹ ਉਪਜ 1/4 ਹਿੱਸਾ ਅਤੇ ਕੁਝ ਅਨੁਸਾਰ ਉਪਜ ਦਾ 1/3 ਹਿੱਸਾ ਲਿਆ ਜਾਂਦਾ ਸੀ। ਕਿਸਾਨਾਂ ਨੂੰ ਇਹ ਖੁਲ ਹੁੰਦੀ ਸੀ ਕਿ ਉਹ ਆਪਣਾ ਹਿੱਸਾ ਨਕਦੀ ਵਿੱਚ ਜਾਂ ਉਪਜ ਦੇ ਰੂਪ ਵਿੱਚ ਦੇਣ। ਭੂਮੀ ਕਰ ਤੋਂ ਇਲਾਵਾ ਕਿਸਾਨਾ ਨੂੰ ਜਰੀਬਾਨਾ ਭਾਵ ਭੂਮੀ ਦੀ

ਗਿਣਤੀ ਕਰਨ ਵਾਲੇ ਦੀ ਫੀਸ ਅਤੇ ਮੁਹਾਸਲਾਨਾ-ਭਾਵ ਕਰ ਇੱਕਠਾ ਕਰਨ ਵਾਲੇ ਦੀ ਫੀਸ ਵੀ ਦਿੰਦੇ ਸਨ ਜੋ ਭੂਮੀ-ਕਰ ਦੇ 2.5 ਤੋਂ 5 ਤੱਕ ਹੁੰਦੀ ਸੀ। ਇਸ ਤੋਂ ਇਲਾਵਾ ਕਿਸਾਨ ਨੂੰ ਭੂਮੀ ਕਰ ਦਾ 2.5 ਹੋਰ ਅਨਾਜ ਦੇ ਰੂਪ ਵਿੱਚ ਦੇਣਾ ਪੈਂਦਾ ਸੀ ਜੋ ਸਰਕਾਰੀ ਗੁਦਾਮਾਂ ਵਿੱਚ ਜਮਾਂ ਹੁੰਦਾ ਸੀ ਤਾਂ ਜੋ ਕਾਲ ਪੈ ਜਾਣ ਤੇ ਜਾਂ ਕਿਸੇ ਹੋਰ ਸੰਕਟ ਸਮੇਂ ਲੋਕਾਂ ਨੂੰ ਅਨਾਜ ਸਸਤੀ ਕੀਮਤ ਤੇ ਦਿੱਤਾ ਜਾ ਸਕੇ।

**(iv)** **ਪਟੱਾ ਅਤੇ ਕਬੂਲੀਅਤ** :- ਕਿਸਾਨ ਕੋਲ ਦੋ ਸਰਕਾਰੀ ਪਤੱਰ ਹੁੰਦੇ ਸਨ-(i) ਪਟੱਾ-ਜਿਸ ਵਿੱਚ ਕਿਸਾਨਾਂ ਦੀ ਭੂਮੀ ਦਾ ਖੇਤਰਫਲ, ਖੇਤਾਂ ਦੀ ਸਥਿਤੀ ਅਤੇ ਭੂਮੀ-ਕਰ ਦਾ ਉਲੇਖ ਹੁੰਦਾ ਸੀ। ਕਬੂਲੀਅਤ :- ਇਮ ਪ੍ਰਮਾਣ ਪਤੱਰ ਹੁੰਦਾ ਸੀ। ਜਿਸ ਅਨੁਸਾਰ ਪੱਟੇ ਵਿੱਚ ਵਰਣਨ ਸਾਰੀਆਂ ਗੱਲਾਂ ਅਤੇ ਕਿਸਾਨ ਦੀ ਕਰ ਦੇਣ ਦੀ ਸਵੀਕ੍ਰਿਤੀ ਹੁੰਦੀ ਸੀ।

**(v)** **ਭੂਮੀ ਕਰ ਦੀਆਂ ਵੱਖ-ਵੱਖ ਪ੍ਰਣਾਲੀਆਂ** :- ਭੂਮੀ-ਕਰ ਪ੍ਰਾਪਤ ਕਰਨ ਲਈ ਸ਼ੇਰ ਸ਼ਾਹ ਦੇ ਕਾਲ ਵਿੱਚ ਵੱਖ-ਵੱਖ ਪ੍ਰਣਾਲੀਆਂ ਸਨ :-

**(i)** **ਬਟਾਈ** :- ਇਸਨੂੰ ਗੱਲਾਂ ਬਖ਼ਸ਼ੀ ਵੀ ਆਖਦੇ ਸਨ। ਇਸ ਪ੍ਰਣਾਲੀ ਅਨੁਸਾਰ ਪੱਕੀ ਹੋਈ ਫਸਲ ਨੂੰ ਕਟੱਣ ਦੇ ਸਮੇਂ ਤਿੰਨ ਬਰਾਬਰ ਢੇਰਾਂ ਵਿੱਚ ਵੰਡ ਦਿੰਦੇ ਸਨ। ਇੱਕ ਹਿੱਸਾ ਸਰਕਾਰ ਲੈਂਦੀ ਸੀ ਅਤੇ ਬਾਕੀ ਦੋ ਹਿੱਸੇ ਕਿਸਾਨ ਕੋਲ ਰਹਿੰਦੇ ਸਨ।

**(ii)** **ਕਨਕੂਤ ਪ੍ਰਣਾਲੀ** :- ਇਸ ਪ੍ਰਣਾਲੀ ਅਨੁਸਾਰ ਸਰਕਾਰ ਫਸਲ ਕਟੱਣ ਤੋਂ ਪਹਿਲਾਂ ਹੀ ਪੈਦਾਵਾਰ ਦਾ ਅੰਦਾਜ਼ਾ ਲਗਾ ਲੈਂਦੀ ਸੀ ਅਤੇ ਖੜੀਆਂ ਫਸਲਾਂ ਤੇ ਹੀ ਆਪਣਾ ਹਿੱਸਾ ਨਿਸ਼ਚਿਤ ਕਰ ਲੈਂਦੀ ਸੀ।

**(iii)** **ਜ਼ਬਤੀ ਪ੍ਰਣਾਲੀ** :- ਇਸ ਪ੍ਰਣਾਲੀ ਅਨੁਸਾਰ ਸਰਕਾਰ ਅਤੇ ਕਿਸਾਨ ਵਿਚਕਾਰ ਇੱਕ ਫੈਸਲਾ ਹੋ ਜਾਂਦਾ ਸੀ ਜਿਸ ਅਨੁਸਾਰ ਕਿਸਾਨ ਪ੍ਰਤੀ ਵਿਘੇ ਦੀ ਕਰ ਅਨੁਸਾਰ ਸਰਕਾਰ ਨੂੰ ਨਿਸ਼ਚਿਤ ਰਕਮ ਹਰ ਸਾਲ ਦਿੰਦਾ ਸੀ ਭਾਵੇਂ ਪੈਦਾਵਾਰ ਘੱਟ ਹੋਵੇ ਜਾਂ ਜ਼ਿਆਦਾ। ਇਹ ਸਮਝੋਤਾ ਤਿੰਨ ਜਾਂ ਤਿੰਨ ਤੋਂ ਵੱਧ ਸਾਲਾਂ ਲਈ ਕੀਤਾ ਜਾਂਦਾ ਸੀ। ਇਹ ਪ੍ਰਣਾਲੀ ਜ਼ਿਆਦਾਤਰ ਪ੍ਰਦੇਸ਼ਾਂ ਵਿੱਚ ਪ੍ਰਚਲਿਤ ਸੀ।

**(iv)** **ਕਿਸਾਨਾਂ ਦੀ ਭਲਾਈ ਲਈ ਬਣਾਏਗੇ ਨਿਯਮ** :- ਸ਼ੇਰ ਸ਼ਾਹ ਨੇ ਕਿਸਾਨਾਂ ਦੀ ਭਲਾਈ ਵੱਲ ਵਿਸ਼ੇਸ਼ ਧਿਆਨ ਦਿੱਤਾ। ਉਸਨੇ ਮਾਲ-ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਕਿ ਕਰ ਇਕੱਠਾ ਕਰ ਸਮੇਂ ਕਿਸਾਨਾਂ ਨਾਲ ਨਰਮਾਈ ਨਾਲ ਪੇਸ਼ ਆਇਆ ਜਾਏ। ਸ਼ੇਰ ਸ਼ਾਹ ਨੇ ਫੌਜਾਂ ਨੂੰ ਹਦਾਇਤ ਕੀਤੀ ਕਿ ਕੂਚ ਕਰਦੇ ਸਮੇਂ ਕਿਸਾਨ ਦੀ ਫਸਲ ਨੂੰ ਕਿਸੇ ਕਿਸਮ ਦੀ ਹਾਨੀ ਨਾ ਹੋਵੇ। ਅਗਰ ਰਸਤਾ ਤੰਗ ਹੋਣ ਕਾਰਨ ਫਸਲ ਖਰਾਬ ਹੋ ਜਾਂਦੀ ਹੈ ਤਾਂ ਕਿਸਾਨਾਂ ਨੂੰ ਉਚਿਤ ਹਰਜ਼ਾਨਾ ਦਿੱਤਾ ਜਾਵੇ। ਹੜ ਅਤੇ ਕਾਲ ਸਮੇਂ ਕਿਸਾਨਾਂ ਦੀ ਹਰ ਤਰ੍ਹਾਂ ਨਾਲ ਸਹਾਇਤਾ ਕੀਤੀ ਜਾਵੇ।

**ਅਭਿਆਸ ਲਈ ਪ੍ਰਸ਼ਨ :-**

(i) ਉਪਜ ਅਨੁਸਾਰ ਭੂਮੀ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਗਿਆ?

(ii) ਕਿਸਾਨ ਉਪਜ ਦਾ ਕਿੰਨਾ ਭਾਗ ਕਰ ਵਜੋਂ ਅਦਾ ਕਰਦੇ ਸਨ?

(iii) ਕਬੂਲੀਅਤ ਤੋਂ ਕੀ ਭਾਵ ਹੈ?

(iv) ਭੂਮੀ ਕਰ ਦੀਆਂ ਕਿਹੜੀਆਂ ਵੱਖ-ਵੱਖ ਪ੍ਰਣਾਲੀਆਂ ਸਨ?

7. **ਲੋਕ ਭਲਾਈ ਦੇ ਕਾਰਜ :-**

ਸ਼ੇਰ ਸ਼ਾਹ ਬੇਸਨ ਸ਼ਕਤੀਆਂ ਵਜੋਂ ਤਾਨਾਸ਼ਾਹ ਸ਼ਾਸਕ ਸੀ ਪਰੰਤੂ ਉਸਦਾ ਮੁੱਖ ਉਦੇਸ਼ ਲੋਕ ਭਲਾਈ ਕਰਨਾ ਸੀ। ਉਸਨੇ ਕੁਸ਼ਲ ਰਾਜ ਪ੍ਰਬੰਧ ਸਥਾਪਿਤ ਕੀਤਾ ਪਰ ਨਾਲ ਹੀ ਲੋਕਾਂ ਲਈ ਹੇਠ ਲਿਖੇ ਕੰਮ ਵੀ ਕੀਤੇ :-

**(i)** **ਸੜਕਾਂ ਬਣਵਾਉਣੀਆਂ** :- ਆਪਣੇ ਸਾਮਰਾਜ ਦੀ ਏਕਤਾ ਨੂੰ ਮਦੇਨਜ਼ਰ ਰਖੱਦੇ ਹੋਏ ਸ਼ੇਰ ਸ਼ਾਹ ਨੇ ਵੱਖ-ਵੱਖ ਸ਼ਹਿਰਾਂ ਨੂੰ ਸੜਕਾਂ ਦੁਆਰਾ ਆਪਸ ਵਿੱਚ ਜੋੜਿਆ ਜਿਵੇਂ :-

(i) ਸ਼ੇਰ ਸ਼ਾਹ ਨੇ ਸਭ ਤੋਂ ਲੰਬੀ ਸੜਕ ਸੜਕੇ-ਆਜ਼ਮ ਬਣਵਾਈ। ਇਹ ਸੜਕ 1500 ਕੋਹ ਲੰਬੀ ਸੀ ਅਤੇ ਪੂਰਬ ਵਿੱਚ ਬੰਗਾਲ ਦੇ ਸ਼ਹਿਰ ਸੋਨਾਰਗਾਉ ਤੋਂ ਲੈ ਕੇ ਪੱਛਮ ਵਿੱਚ ਜ਼ਿਹਲਮ ਦੇ ਸ਼ਹਿਰ ਰੋਹਤਾਸ ਤੱਕ ਜਾਂਦੀ ਸੀ।

(ii) ਆਗਰੇ ਤੋਂ ਜੋਧਪੁਰ ਤੱਕ ਜਾਣ ਵਾਲੀ ਸੜਕ

(iii) ਆਗਰੇ ਤੋਂ ਬੁਰਹਾਨਪੁਰ ਤੱਕ ਦੀ ਸੜਕ

(iv) ਲਾਹੌਰ ਤੋਂ ਮੁਲਤਾਨ ਤੱਕ ਦੀ ਸੜਕ।

ਇਹਨਾਂ ਸੜਕਾਂ ਦੇ ਦੋਹਾਂ ਪਾਸੇ ਛਾਂਦਾਰ ਰੁੱਖ ਵੀ ਲਗਾਏ ਗਏ ਸਨ। ਜਿਸ ਨਾਲ ਸਫ਼ਰ ਕਰਨਾ ਸੌਖਾ ਹੋ ਗਿਆ।

**ਸਰਾਵਾਂ** :– ਸ਼ੇਰ ਸ਼ਾਹ ਨੇ ਸਾਰੀਆਂ ਸੜਕਾਂ ਉੱਤੇ ਦੋ-ਦੋ ਕੋਹ ਦੀ ਦੂਰੀ ਤੇ ਸਰਾਵਾਂ ਬਣਵਾਈਆ। ਹਰ ਇੱਕ ਸਰਾਂ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਲਈ ਰਹਿਣ ਦਾ ਅਲਗ ਪ੍ਰਬੰਧ ਹੁੰਦਾ ਸੀ। ਮੁਸਾਫਰਾਂ ਨੂੰ ਭੋਜਨ, ਗਰਮ ਤੇ ਠੰਡਾ ਪਾਣੀ, ਬਿਸਤਰੇ ਅਤੇ ਘੋੜਿਆਂ ਲਈ ਚਾਰਾ ਦਿੱਤਾ ਜਾਂਦਾ ਸੀ। ਹਰੇਕ ਸਰਾਂ ਕੋਲ ਕੁਝ ਜ਼ਮੀਨ ਹੁੰਦੀ ਸੀ ਜਿਸ ਦੀ ਆਮਦਨ ਨਾਲ ਉਸਦਾ ਖਰਚਾ ਚਲਦਾ ਸੀ। ਸਰਾਵਾਂ ਦੇ ਕਈ ਲਾਭ ਹੋਏ :–

(i) ਯਾਤਰੀਆਂ ਅਤੇ ਸਰਕਾਰੀ ਕਰਮਚਾਰੀਆਂ ਅਰਾਮ ਘਰ ਜਿੱਥੇ ਹਰ ਸੁਵੀਧਾ ਪ੍ਰਾਪਤ ਹੁੰਦੀ ਸੀ।

(ii) ਇਹ ਸਰਾਵਾਂ ਮੰਡੀ ਦਾ ਵੀ ਕੰਮ ਕਰਦੀਆਂ ਸਨ ਜਿੱਥੇ ਪਿੰਡਾਂ ਦੇ ਲੋਕ ਚੀਜ਼ਾਂ ਵੇਚ ਅਤੇ ਖਰੀਦ ਸਕਦੇ ਸਨ।

(iii) ਸਰਾਵਾਂ ਰਾਹੀਂ ਡਾਕ ਪ੍ਰਬੰਧ ਵੀ ਕਾਇਮ ਕੀਤਾ ਗਿਆ। ਇੱਥੇ ਡਾਕ ਚੌਂਕੀਆਂ ਸਥਾਪਿਤ ਕੀਤੀਆਂ ਗਈਆਂ। ਹਰ ਇੱਕ ਸਰਾਂ ਵਿੱਚ ਦੋ ਘੋੜ ਸਵਾਰ ਹੁੰਦੇ ਸਨ ਜੋ ਡਾਕ ਨੂੰ ਝੱਟ ਅੱਗੇ ਪਹੁੰਚਾ ਦਿੰਦੇ ਸਨ। ਇਸ ਡਾਕ ਪ੍ਰਬੰਧ ਦੇ ਮੁੱਖੀ ਦਰੋਗਾ ਏ ਡਾਕ ਚੌਂਕੀ ਆਖਦੇ ਸਨ।

**ਸਿੱਖਿਆ** :– ਸ਼ੇਰ ਸ਼ਾਹ ਨੇ ਲੋਕਾਂ ਦੀ ਸਿੱਖਿਆ ਲਈ ਵੀ ਪ੍ਰਬੰਧ ਕੀਤੇ। ਉਸਨੇ ਮਦਰਸੇ ਸਥਾਪਿਤ ਕਰਵਾਏ ਜਿੱਥੇ ਅਰਬੀ, ਫਾਰਸੀ ਆਦਿ ਦੀ ਸਿੱਖਿਆ ਦਿੱਤੀ ਜਾਂਦੀ ਸੀ। ਅਧਿਆਪਕਾਂ ਨੂੰ ਖੁੱਲੇ, ਦਿਲ ਨਾਲ ਅਨੁਦਾਨ ਦਿੱਤੇ ਜਾਂਦੇ ਸਨ।

**ਭਵਨ-ਉਸਾਰੀ** :– ਸ਼ੇਰ ਸ਼ਾਹ ਉੱਚ ਕੋਟੀ ਦਾ ਭਵਨ-ਨਿਰਮਾਤਾ ਸੀ। ਜ਼ਿਹਮਲ ਵਿਖੇ ਕਿਲ੍ਹੇ ਦੀ ਉਸਾਰੀ ਜਿਸਨੂੰ ਰੋਹਤਾਸਗੜ੍ਹ ਆਖਦੇ ਸਨ, ਦਿੱਲੀਖ ਦਾ ਪੁਰਾਨਾ ਕਿਲ੍ਹਾ, ਕਨੌਜ ਅਤੇ ਪਾਟਲੀ ਪੁਤੱਰ ਦੇ ਸ਼ਹਿਰਾਂ ਨੂੰ ਨਵਾਂ ਰੂਪ ਦਿੱਤਾ। ਸਭ ਤੋਂ ਪ੍ਰਸਿੱਧ ਇਮਾਰਤ ਸ਼ੇਰ ਸ਼ਾਹ ਦਾ ਮਕੱਬਰਾ ਜੋ ਸਸਰਾਮ ਵਿਖੇ ਉਸਦੁਆਰਾ ਬਣਵਾਇਆ ਗਿਆ ਸੀ।

**ਅਭਿਆਸ ਲਈ ਪ੍ਰਸ਼ਨ** :–

(i) ਸੜਕੇ ਆਜ਼ਮ ਕਿਸਨੇ ਬਣਵਾਈ?

(ii) ਸਰਾਵਾਂ ਦਾ ਕੀ ਲਾਭ ਸੀ?

(iii) ਸ਼ੇਰ ਸ਼ਾਹ ਦੀ ਭਵਨ-ਉਸਾਰੀ ਵਿੱਚ ਕੀ ਯੋਗਦਾਨ ਸੀ?

8. **ਸਾਰਾਂਸ਼** :–

ਸ਼ੇਰ ਸ਼ਾਹ ਸੂਰੀ ਨੂੰ ਮੁਗਲ ਸਾਮਰਾਜ ਦੇ ਬਾਦਸ਼ਾਹ ਹੁਮਾਯੂੰ ਨੂੰ ਹਿੰਦੋਸਤਾਨ ਤੋਂ ਭੱਜਾ ਦੇ ਸੂਰੀ ਵੰਸ਼ ਦੀ ਨੀਂਹ ਰੱਖੀ। ਸ਼ੇਰ ਸ਼ਾਹ ਦਾ ਰਾਜ ਕਾਲ ਕੇਵਲ ਪੰਜ ਵਰ੍ਹਿਆਂ ਦਾ ਹੀ ਸੀ ਪਰੰਤੂ ਉਸਨੇ ਇਸ ਸਮੇਂ ਦੌਰਾਨ ਨਾ ਕੇਵਲ ਆਪਣੇ ਸਾਮਰਾਜ ਦਾ ਵਿਸਥਾਰ ਕੀਤਾ ਬਲਕਿ ਇੱਕ ਸੁਚਜਾ ਸ਼ਾਸਨ ਪ੍ਰਬੰਧ ਵੀ ਕਾਇਮ ਕੀਤਾ। ਉਸਨੇ ਕਿਸਾਨਾਂ ਦੀ ਭਲਾਈ ਲਈ ਕੰਮ ਕੀਤੇ ਭੂਮੀ-ਕਰ ਦੀ ਵਸੂਲੀ ਭੂਮੀ ਦੀ ਉਪਜਾਓ ਸ਼ਕਤੀ ਅਨੁਸਾਰ,

ਫਸਲਾਂ ਨੂੰ ਸੰਚਾਈ ਸਹੂਲਤਾਂ, ਫੌਜਾਂ ਨੂੰ ਕਿਸਾਨਾਂ ਦੀ ਫਸਲ ਨਸ਼ਟ ਨਾ ਕਰਨ ਸੰਬੰਧੀ ਸਖ਼ਤ ਹਦਾਇਤਾ ਅਤੇ ਕਾਲ ਤੇ ਸੋਕਾ ਪੈਣਾ ਤੇ ਵਿਸੇਸ਼ ਛੂਟ ਆਦਿ। ਇਹ ਹੀ ਨਹੀਂ ਸ਼ੇਰ ਸ਼ਾਹ ਨੇ ਲੋਕ ਭਲਾਈ ਵਾਸਤੇ ਵੀ ਕੰਮ ਕੀਤੇ। ਉਸਨੇ ਸੜਕਾਂ ਨਾਲ ਵੱਖ-ਵੱਖ ਸ਼ਹਿਰਾਂ ਨੂੰ ਜੋੜ ਦਿੱਤਾ ਜਿਸ ਨਾਲ ਕੇਵਲ ਵਪਾਰ ਹੀ ਵਾਧਾ ਹੋਇਆ ਬਲਕਿ ਆਪਸ ਵਿੱਚ ਵੀ ਨਜ਼ਦੀਕੀਆਂ ਵੱਧ ਗਈਆਂ। ਯਾਤਰੀਆਂ ਦੇ ਅਰਾਮ ਲਈ ਸਰਾਵਾਂ ਬਣਾਈਆਂ ਗਈਆਂ। ਜਿੱਥੇ ਅਰਾਮ ਘਰ ਦੇ ਨਾਲ-ਨਾਲ ਲਗੱਦਾ ਹੈ ਕਿ ਸ਼ੇਰ ਸ਼ਾਹ ਇੱਕ ਉਪਕਾਰੀ ਤਾਨਾਸ਼ਾਹ ਸ਼ਾਸਕ ਸੀ ਜਿਸਦਾ ਮੁੱਖ ਧਿਆਨ ਲੋਕ ਭਲਾਈ ਵੱਲ ਸੀ।

**ਅਭਿਆਸ ਲਈ ਛੋਟੇ ਪ੍ਰਸ਼ਨ :-**

1. ਸ਼ੇਰ ਸ਼ਾਹ ਦਾ ਜਨਮ ਕਿੱਥੇ ਤੇ ਕਦੋਂ ਹੋਇਆ?
2. ਸ਼ੇਰ ਸ਼ਾਹ ਨੇ ਹੁਮਾਯੂੰ ਨੂੰ ਕਿਹੜੇ ਯੁੱਧਾਂ ਵਿੱਚ ਹਰਾਇਆ?
3. ਦੀਵਾਨ-ਏ-ਵਜ਼ਾਰਤ ਦੀ ਮੁੱਖ ਕੰਮ ਕੀ ਸੀ?
4. ਸ਼ੇਰ ਸ਼ਾਹ ਨੇ ਸਾਮਰਾਜ ਨੂੰ ਕਿਹੜੇ ਭਾਗਾਂ ਵਿੱਚ ਵੰਡਿਆ ਹੋਇਆ ਸੀ?

**ਅਭਿਆਸ ਲਈ ਵੱਡੇ ਪ੍ਰਸ਼ਨ :-**

1. ਸ਼ੇਰ ਸ਼ਾਹ ਸੂਰੀ ਦੇ ਜੀਵਨ ਅਤੇ ਜਿੱਤਾਂ ਦਾ ਵਰਣਨ ਕਰੋ।
2. ਸ਼ੇਰ ਸ਼ਾਹ ਸੂਰੀ ਦੇ ਸ਼ਾਸਨ ਪ੍ਰਬੰਧ ਅਤੇ ਸੁਧਾਰਾਂ ਦੀ ਪੜਚੋਲ ਕਰੋ।
3. ਇਹ ਕਹਿਣਾ ਕਿੱਥੋਂ ਤੱਕ ਸੱਚ ਹੈ ਕਿ ਸ਼ੇਰ ਸ਼ਾਹ ਅਕਬਰ ਦਾ ਆਗਵਾਨ ਸੀ।
4. ਸ਼ੇਰ ਸ਼ਾਹ ਸੂਰੀ ਦੀ ਭੂਮੀ-ਕਰ ਪ੍ਰਣਾਲੀ ਦੀ ਪੜਚੋਲ ਕਰੋ।
5. ਹੇਠ ਲਿਖਿਆਂ ਉੱਤੇ ਨੋਟ ਲਿਖੋ :-

(i) ਚੌਸਾ ਦੀ ਲੜਾਈ

(ii) ਪਟੱਾਂ ਤੇ ਕਬੂਲੀਅਤ

(iii) ਦਾਗ ਅਤੇ ਹੁਲੀਆ

(iv) ਮੇਵਾੜ ਦੀ ਲੜਾਈ

**Suggested Readings :-**


1. A.L.Srivastava - The Mughal Empire.
2. K.R.Qanungo - Sher Shah and His Times.
3. R.P.Tripathi - Rise and Fall of The Mughal Empire
4. Dr. A.C.Arora - Madhkalin Bharat da Itihas.

**ਪਾਠ ਨੰਬਰ : 2.3** **ਲੇਖਕ : ਮਿਸਿਜ਼ ਗੁਰਕਿਰਨਜੀਤ ਕੌਰ ਗਰੇਵਾਲ**

# ਮੁਗਲਾਂ ਦੀ ਰਾਜਪੂਤ ਨੀਤੀ

ਉਦੇਸ਼

ਜਾਣ-ਪਛਾਣ

1. ਰਾਜਪੂਤ ਰਾਜ
2. ਬਾਬਰ ਦੀ ਰਾਜਪੂਤ ਨੀਤੀ
3. ਹੁਮਾਯੂੰ ਦੀ ਰਾਜਪੂਤ ਨੀਤੀ
4. ਅਕਬਰ ਦੀ ਰਾਜਪੂਤ ਨੀਤੀ
5. ਜਹਾਂਗੀਰ ਦੀ ਰਾਜਪੂਤ ਨੀਤੀ
6. ਸ਼ਾਹਜਹਾਂ ਦੀ ਰਾਜਪੂਤ ਨੀਤੀ
7. ਔਰੰਗਜ਼ੇਬ ਦੀ ਰਾਜਪੂਤ ਨੀਤੀ
8. ਸਾਰਾਂਸ਼
9. ਅਭਿਆਸ ਲਈ ਛੋਟੇ ਪ੍ਰਸ਼ਨ
10. ਅਭਿਆਸ ਲਈ ਵੱਡੇ ਪ੍ਰਸ਼ਨ

**ਉਦੇਸ਼** :

ਇਸ ਪਾਠ ਨੂੰ ਪੜ੍ਹਨ ਨਾਲ ਹੇਠ ਲਿਖੀ ਜਾਣਕਾਰੀ ਪ੍ਰਾਪਤ ਹੋਵੇਗੀ :

- ਮਹਤਵਪੂਰਨ ਰਾਜਪੂਤ ਰਾਜ
- ਮੁਗਲ ਸਮਰਾਟਾਂ ਦੀ ਰਾਜਪੂਤ ਨੀਤੀ

**ਜਾਣ-ਪਛਾਣ** :

ਮੁਗਲ ਸਾਮਰਾਜ ਦੀ ਸਥਾਪਨਾ ਸਮੇਂ ਹਿੰਦੋਸਤਾਨ ਵੱਖ-ਵੱਖ ਭਾਗਾਂ ਵਿੱਚ ਵੰਡਿਆ ਹੋਇਆ ਸੀ। ਉੱਤਰੀ ਭਾਰਤ ਵਿੱਚ ਮੁਸਲਿਮ ਰਾਜ ਸੀ ਜਿਸ ਵਿੱਚ ਦਿੱਲੀ, ਲਾਹੌਰ, ਜੋਨਪੁਰ, ਬਿਹਾਰ, ਬੰਗਾਲ ਆਦਿ ਸ਼ਾਮਿਲ ਸਨ। ਰਾਜਪੂਤਾਨਾਂ ਵਿੱਚ ਹਿੰਦੂ ਰਾਜ ਸਥਾਪਿਤ ਸੀ ਜਿਸ ਵਿੱਚ ਭਾਰਤ ਦੀ ਸਭ ਤੋਂ ਸ਼ਕਤੀਸ਼ਾਲੀ ਰਾਜਪੂਤ ਰਿਆਸਤਾਂ ਸਨ। ਮੱਧ ਅਤੇ ਦੱਖਣ ਹਿੰਦੋਸਤਾਨ ਵਿੱਚ ਵੀ ਮੁਸਲਿਮ ਬਰਾਰ ਅਹਿਮਦ ਨਗਰ ਬੀਜਾਪੁਰ, ਗੋਲਕੁੰਡਾ ਅਤੇ ਬੀਦਰ ਸ਼ਾਮਿਲ ਸਨ ਵਿੱਚ ਵੀ ਮੁਸਲਿਮ ਰਾਜ ਸੀ। ਦਖੱਣੀ ਭਾਰਤ ਵਿੱਚ ਵਿਜੈਨਗਰ ਰਾਜ ਹਿੰਦੂ ਰਾਜ ਸੀ। ਮਾਲਾਬਾਰ ਦੇ ਕੰਡੇ ਪੁਰਤਗਾਲੀ ਬਸਤੀਆਂ ਸਨ। ਉਪਰੋਕਤ ਦੱਸੀ 1526 ਈ. ਦੀ ਰਾਜਨੀਤਿਕ ਦਸ਼ਾ ਤੋਂ ਪਤਾ ਲਗਦਾ ਹੈ ਕਿ ਦਖੱਣੀ ਹਿੰਦੋਸਤਾਨ ਉਸ ਸਮੇਂ ਆਪਣੀਆਂ ਲੜਾਈਆਂ ਵਿੱਚ ਰੁੱਝਾ ਹੋਇਆ ਸੀ। ਉਤੱਰੀ ਹਿੰਦੋਸਤਾਨ ਵਿੱਚ ਦੋ ਪ੍ਰਮੁੱਖ ਰਾਜਾਂ ਵਿਚੋਂ ਕੋਈ ਵੀ ਕੇਂਦਰੀ ਤਾਕਤ ਨਹੀਂ ਸੀ – ਪਹਿਲਾਂ ਲੋਧੀ ਵੰਸ਼ ਜਿਸਦਾ ਉਸ ਸਮੇਂ ਰਾਜਾ ਇਬਰਾਹਿਮ ਸੀ ਅਤੇ ਦੂਜਾ ਮੇਵਾੜ ਦਾ ਰਾਣਾ ਸਾਂਗਾ ਸੀ। ਰਸ਼ਬਰੂਕ ਵਿਲੀਅਮਜ਼ ਅਨੁਸਾਰ ਰਾਣਾ ਸਾਂਗਾ ਦਿੱਲੀ ਦੇ ਸਾਂਝਾ ਸਾਮਰਾਜ ਉੱਤੇ ਕਬਜ਼ਾ ਕਰਨ ਲਈ ਤਿਆਰ ਸੀ। ਹਿੰਦੋਸਤਾਨ ਉਸ ਵੇਲੇ ਸਿਰਫ਼ ਰਾਜਾ ਦਾ ਜਮਘਟਾ ਸੀ। ਨਾ ਕੋਈ ਕੇਂਦਰੀ ਸ਼ਾਸਨ ਸੀ ਤੇ ਨਾ ਕੋਈ ਕੇਂਦਰੀ ਸਤਾ।

1. **ਰਾਜਪੂਤ ਰਾਜ :**

ਸੋਲਵੀਂ ਸਦੀ ਦੇ ਪਿਛਲੇ ਅੱਧ ਛੇ ਪ੍ਰਸਿੱਧ ਸੁਤੰਤਰ ਰਿਆਸਤਾਂ ਸਨ – ਮੇਵਾੜ, ਮਾਰਵਾੜ, ਅੰਬਰ, ਜੈਸਲਮੇਰ, ਬੀਕਾਨੇਰ ਅਤੇ ਰਣਥੰਬੋਰ।

**ਮੇਵਾੜ** :– ਇਸ ਦੀ ਰਾਜਧਾਨੀ ਚਿਤੋੜ ਸੀ। ਰਾਣਾ ਸਾਂਗਾ (1509–1528 ਈ.) ਦੇ ਅਧੀਨ ਇਸ ਰਿਆਸਤ ਨੇ ਮਹਾਨ ਅਤੇ ਗੌਰਵਸ਼ਾਲੀ ਪਦਵੀ ਪ੍ਰਾਪਤ ਕੀਤੀ। ਰਾਣਾ ਸਾਂਗਾ ਨੇ ਮਾਲਵਾ, ਦਿੱਲੀ ਤੇ ਗੁਜਰਾਤ ਦੇ ਸ਼ਾਸਕਾਂ ਵਿਰੁੱਧ ਜਿੱਤਾਂ ਪ੍ਰਾਪਤ ਕੀਤੀਆਂ ਪਰ 1527 ਈ. ਵਿੱਚ ਕਨਵਾਹ ਦੀ ਲੜਾਈ ਵਿੱਚ ਬਾਬਰ ਤੋਂ ਹਾਰ ਗਿਆ। ਭਾਵੇਂ ਰਾਣਾ ਸਾਂਗਾ ਦੇ ਦੇਹਾਂਤ ਪਿਛੋਂ ਮੇਵਾੜ ਦਾ ਤਾਜ ਪ੍ਰਤਾਪ ਪਹਿਲਾਂ ਵਾਲਾ ਨਾ ਰਿਹਾ ਪਰ ਫੇਰ ਵੀ ਮੇਵਾੜ ਦੇ ਸਿਸੋਦੀਆ ਰਾਜੇ ਮੁਗਲਾਂ ਦਾ ਟੁੱਟ ਕੇ ਮੁਕਾਬਲਾ ਕਰਦੇ ਰਹੇ ਤੇ ਕਦੇ ਵੀ ਨਿਰਾਦਰੀ ਵਾਲੀਆਂ ਸ਼ਰਤਾਂ ਪ੍ਰਵਾਨ ਨਾ ਕੀਤੀਆਂ।

**ਮਾਰਵਾੜ** :–ਇਸ ਰਿਆਸਤ ਵਿੱਚ ਰਾਠੌਰ ਬੰਸੀ ਰਾਜੇ ਰਾਜ ਕਰਦੇ ਸਨ। ਇਸ ਦੀ ਰਾਜਧਾਨੀ ਜੋਧਪੁਰ ਸੀ ਜਿਸਨੂੰ ਰਾਜਾ ਜੋਧਾ (1438–98 ਈ.) ਨੇ ਵਸਾਇਆ ਸੀ। ਇਸ ਰਿਆਸਤ ਦਾ ਸਭ ਤੋਂ ਪ੍ਰਸਿੱਧ ਰਾਜ ਮਾਲਦੇਵ (1552–1562 ਈ. ਤੱਕ) ਸੀ ਜਿਸ ਦੇ ਸਮੇਂ ਇਹ ਸੱਤਾ ਆਪਣੇ ਸ਼ਿਖਰ ਤੇ ਪੁੱਜੀ। ਪਰੰਤੂ ਉਸ ਦੇ ਉਤਰਾਧਿਕਾਰੀਆਂ ਨੇ ਮੁਗਲਾਂ ਦੀ ਅਧੀਨਤਾ ਪ੍ਰਵਾਨ ਕਰ ਲਈ ਅਤੇ ਮੁਗਲ ਦਰਬਾਰ ਵਿੱਚ ਉਚੱਤਮ ਮਨਸੂਬੇ ਦੀ ਪਦਵੀ ਪ੍ਰਾਪਤ ਕੀਤੀ।

**ਅੰਬਰ** :– ਇਸ ਰਿਆਸਤ ਵਿੱਚ ਕਨਵਾਹ ਰਾਜਪੂਤ ਰਾਜ ਕਰਦੇ ਸਨ। ਇਹ ਰਿਆਸਤ ਕਸਵੀਂ ਸਦੀ ਵਿੱਚ ਸਥਾਪਿਤ ਹੋਈ। ਇਹ ਰਾਜਪੂਤਾਨੇ ਦੀ ਸਭ ਤੋਂ ਪਹਿਲੀ ਰਿਆਸਤ ਸੀ ਜਿਸ ਨੇ ਬਿਨਾਂ ਲੜਾਈ ਮੁਗਲਾਂ ਦੀ ਅਧੀਨਗੀ ਹੀ ਨਹੀਂ ਪ੍ਰਵਾਨ ਕੀਤੀ ਸਗੋਂ ਵਿਵਾਹਿਕ ਸੰਬੰਧ ਕਾਇਮ ਕਰਕੇ ਉਨ੍ਹਾਂ ਨਾਲ ਪੱਕੀ ਮਿੱਤਰਤਾ ਵੀ ਗੰਢ ਲਈ ਸੀ।

### ਅਭਿਆਸ ਲਈ ਪ੍ਰਸ਼ਨ

(i) ਅੰਬਰ ਰਿਆਸਤ ਵਿੱਚ ਕਿਹੜੇ ਵੰਸ਼ ਦਾ ਰਾਜ ਸੀ?

(ii) ਰਾਣਾ ਸਾਂਗਾ ਕਿਹੜੀ ਰਿਆਸਤ ਦਾ ਸ਼ਾਸਕ ਸੀ?

(iii) ਮਾਰਵਾੜੇ ਦੇ ਕਿਹੜੇ ਰਾਜੇ ਨੇ ਜੋਧਪੁਰ ਦਾ ਕਿਲ੍ਹਾ ਬਣਵਾਇਆ?

2. **ਬਾਬਰ ਦੀ ਰਾਜਪੂਤ ਨੀਤੀ :**

21 ਅਪ੍ਰੈਲ 1526 ਈ. ਨੂੰ ਪਾਨੀਪਤ ਦੀ ਪਹਿਲੀ ਲੜਾਈ ਵਿੱਚ ਇਬਰਾਹੀਮ ਲੋਧੀ ਨੂੰ ਹਰਾ ਕੇ ਬਾਬਰ ਨੇ ਹਿੰਦੋਸਤਾਨ ਵਿੱਚ ਮੁਗਲ ਵੰਸ਼ ਦੀ ਨੀਂਹ ਰੱਖੀ। ਆਪਣੇ ਰਾਜ ਨੂੰ ਪੂਰਨ ਤੌਰ ਤੇ ਸਥਾਪਿਤ ਕਰਨ ਲਈ, ਬਾਬਰ ਨੇ ਉਸ ਸਮੇਂ ਦੀ ਸ਼ਕਤੀਸ਼ਾਲੀ ਕੌਮ ਦੇ ਸਰਦਾਰ ਮੇਵਾੜ ਦੇ ਰਾਣਾ ਸੰਗ੍ਰਾਮ ਸਿੰਘ ਨਾਲ ਯੁੱਧ ਕਰਨਾ ਪਿਆ ਕਿਉਂਕਿ ਰਾਣਾ ਸਾਂਗਾ ਹਿੰਦੋਸਤਾਨ ਵਿੱਚ ਹਿੰਦੂ ਪਾਤਸ਼ਾਹੀ ਸਥਾਪਿਤ ਕਰਨਾ ਚਾਹੁੰਦਾ ਸੀ।

**ਕਨਵਾਹ ਦੀ ਲੜਾਈ (1527 ਈ.) :**

ਇਹ ਯੁੱਧ ਰਾਜਪੂਤ ਜਿਨ੍ਹਾਂ ਦੀ ਅਗਵਾਈ ਰਾਣਾ ਸਾਂਗਾ ਕਰ ਰਹੇ ਸਨ ਅਤੇ ਬਾਬਰ ਵਿੱਚਕਾਰ ਕਨਵਾਹ ਨਾਮਕ ਸਥਾਨ ਤੇ ਹੋਇਆ। ਰਾਣਾ ਸਾਂਗਾ ਹਿੰਦੋਸਤਾਨ ਵਿੱਚ ਹਿੰਦੂ ਸਾਮਰਾਜ ਜਾਂ ਹਿੰਦੂ ਪਾਦਸ਼ਾਹੀ ਸਥਾਪਤ ਕਰਨਾ ਚਾਹੁੰਦਾ ਸੀ। ਪਾਨੀਪਤ ਦੀ ਲੜਾਈ ਉਪਰੰਤ ਉਸਨੂੰ ਉਮੀਦ ਸੀ ਕਿ ਬਾਬਰ ਆਪਣੇ ਪੂਰਵਜ਼ ਤੈਮੂਰ ਅਤੇ ਉੱਤਰ–ਪੱਛਮ ਵਲੋਂ ਆਏ ਹਮਲਾਵਰਾਂ ਦੀ ਤਰ੍ਹਾਂ ਦਿੱਲੀ ਅਤੇ ਆਸ-ਪਾਸ ਦੇ ਪ੍ਰਦੇਸ਼ਾਂ ਵਿੱਚ ਲੁਟ-ਮਾਰ ਕਰਕੇ ਵਾਪਸ ਚਲਾ ਜਾਵੇਗਾ ਅਤੇ ਬਾਬਰ ਦੀ ਗੈਰ ਹਾਜ਼ਰੀ ਵਿੱਚ ਉਹ ਆਪਣੇ ਰਾਜ ਦਾ ਵਿਸਥਾਰ ਕਰ ਸਕਦਾ ਸੀ। ਪਰੰਤੂ ਜਦੋਂ ਬਾਬਰ ਨੇ ਦਿੱਲੀ ਅਤੇ ਆਗਰੇ ਉੱਤੇ ਅਧਿਕਾਰ ਕਰ ਲਿਆ ਅਤੇ ਹਿੰਦੋਸਤਾਨ ਵਿੱਚ ਮੁਗਲ ਰਾਜ ਸਥਾਪਿਤ ਕਰਨ ਦਾ ਐਲਾਨ ਕਰ ਦਿੱਤਾ ਤਾਂ ਉਹ ਭੜਕ ਗਿਆ। ਪਾਨੀਪਤ ਦੀ ਲੜਾਈ ਤੋਂ ਪਹਿਲਾਂ ਬਾਬਰ ਅਤੇ ਰਾਣਾ

ਸਾਂਗਾ ਵਿੱਚਕਾਰ ਸੰਧੀ ਹੋਈ ਜਿਸ ਅਨੁਸਾਰ ਰਾਣਾ ਨੇ ਆਗਰੇ ਵਲੋਂ ਇਬਰਾਹੀਮ ਦੇ ਪ੍ਰਦੇਸ਼ਾਂ ਉੱਤੇ ਰਾਣਾ ਦਾ ਵਚਨ ਦਿੱਤਾ ਅਤੇ ਬਾਬਰ ਨੇ ਕਾਲਪੀ, ਧੌਲਪੁਰ ਅਤੇ ਬਿਆਨਾ ਦੇ ਪ੍ਰਦੇਸ਼ਾਂ ਉੱਤੇ ਰਾਣਾ ਦਾ ਅਧਿਕਾਰ ਮੰਨ ਲਿਆ ਸੀ। ਪਰੰਤੂ ਰਾਣਾ ਸਾਂਗਾ ਨੇ ਬਾਬਰ ਦੀ ਸਹਾਇਤਾ ਨਾ ਕੀਤੀ ਅਤੇ ਬਾਅਦ ਵਿੱਚ ਬਾਬਰ ਨੇ ਵੀ ਇਨ੍ਹਾਂ ਪ੍ਰਦੇਸ਼ਾਂ ਉੱਤੇ ਅਧਿਕਾਰ ਕਰ ਲਿਆ। ਦੋਹਾਂ ਨੇ ਇਕ-ਦੂਜੇ ਉੱਤੇ ਵਚਨ ਭੰਗ ਕਰਨ ਦਾ ਦੋਸ਼ ਲਗਾਇਆ। ਮਾਰਗ 1527 ਦੇ ਆਰੰਭ ਵਿਚ ਮੁਗਲ ਅਤੇ ਰਾਜਪੂਤ ਫੌਜਾਂ ਨੇ ਕਨਵਾਹ (ਫਤਿਹਪੁਰ ਸੀਕਰੀ ਤੋਂ 16 ਕਿ.ਮੀ.) ਦੇ ਸਥਾਨ ਤੇ ਇੱਕ ਦੂਜੇ ਦਾ ਸਾਹਮਣਾ ਕੀਤਾ। ਬਾਬਰ ਦੀ ਸੈਨਿਕ ਸੰਖਿਆ 40,000 ਸੀ ਅਤੇ ਇੱਕ ਵਾਰ ਫਿਰ ਬਾਬਰ ਨੇ ਤੋਪਖਾਨੇ ਅਤੇ ਤੁਲੁਗਮਾ ਦੀ ਵਰਤੋਂ ਕੀਤੀ। ਰਾਜਪੂਤਾਂ ਦੀ ਸੈਨਿਕ ਸੰਖਿਆ ਲਗਭਗ ਇੱਕ ਲੱਖ ਸੀ। 17 ਮਾਰਚ 1527 ਈ. ਨੂੰ ਸਵੇਰੇ 9 ਵਜੇ ਲਗਭਗ ਲੜਾਈ ਆਰੰਭ ਹੋਈ। ਦੋਹੇ ਧਿਰਾਂ ਬਹਾਦਰੀ ਨਾਲ ਲੜੀਆਂ ਪਰੰਤੂ ਤੋਪਾਂ ਅੱਗੇ ਰਾਜਪੂਤ ਆਪਣੇ ਆਪ ਨੂੰ ਬੇਬਸ ਪਾਇਆ। ਇਸ ਤਰ੍ਹਾਂ ਦਸ ਘੰਟਿਆਂ ਦੇ ਯੁੱਧ ਤੋਂ ਬਾਅਦ ਬਾਬਰ ਨੂੰ ਇੱਕ ਸ਼ਾਨਦਾਰ ਜਿੱਤ ਪ੍ਰਾਪਤ ਹੋਈ। ਰਾਣਾ ਸੰਗ੍ਰਾਮ ਸਿੰਘ ਇਸ ਯੁੱਧ ਵਿੱਚ ਜ਼ਖ਼ਮੀ ਹੋ ਗਏ ਪਰ ਉਨ੍ਹਾਂ ਦੇ ਵਫ਼ਾਦਾਰ ਸੈਨਿਕ ਉਸਨੂੰ ਰਣਭੂਮੀ 'ਚੋਂ ਜੀਉਂਦੇ ਹੀ ਚੁੱਕ ਕੇ ਲੈ ਗਏ।

ਇਸ ਲੜਾਈ ਦੇ ਸਿੱਟੇ ਵਜੋਂ ਰਾਜਪੂਤ ਸ਼ਕਤੀ ਕਮਜ਼ੋਰ ਹੋ ਗਈ ਅਤੇ ਉਨ੍ਹਾਂ ਦਾ ਸੰਗਠਨ ਵੀ ਖ਼ਤਮ ਹੋ ਗਿਆ। ਇਹ ਹੀ ਨਹੀਂ ਰਾਜਪੂਤਾਂ ਦਾ ਹਿੰਦੂ ਸਾਮਰਾਜ ਸਥਾਪਿਤ ਕਰਨ ਦਾ ਸਪਨਾ ਵੀ ਕਮਜ਼ੋਰ ਪੈ ਗਿਆ।

### 4.2 ਚੰਦੇਰੀ ਦੀ ਲੜਾਈ 1528 ਈ. :

ਜਨਵਰੀ 1528 ਈ. ਵਿੱਚ ਬਾਬਰ ਨੂੰ ਇੱਕ ਵਾਰ ਫਿਰ ਰਾਜਪੂਤਾਂ ਨਾਲ ਲੜਾਈ ਕਰਨੀ ਪਈ। ਜਦੋਂ ਬਾਬਰ ਨੂੰ ਪਤਾ ਲੱਗਾ ਕਿ ਕਨਵਾਹ ਦੇ ਯੁੱਧ ਵਿੱਚ ਹਾਰੇ ਹੋਏ ਰਾਜਪੂਤ ਸੈਨਿਕ ਚੰਦੇਰੀ ਵਿਖੇ ਮੇਦਨੀ ਰਾਓ ਅਧੀਨ ਇੱਕਠੇ ਹੋ ਰਹੇ ਹਨ ਤਾਂ ਉਸਨੇ ਤੁਰੰਤ ਹੀ ਚੰਦੇਰੀ ਤੇ ਹਮਲਾ ਕਰ ਦਿੱਤਾ। ਮੇਦਨੀ ਰਾਓ ਨੇ 5000 ਰਾਜਪੂਤਾਂ ਸਹਿਤ ਆਪਣੇ ਆਪ ਨੂੰ ਕਿਲ੍ਹੇ ਵਿੱਚ ਬੰਦ ਕਰ ਲਿਆ ਅਤੇ ਮੁਗਲਾਂ ਦਾ ਡੱਟ ਕੇ ਮੁਕਾਬਲਾ ਕੀਤਾ। ਅਖੀਰ ਰਾਜਪੂਤਾਂ ਦੀ ਹਾਰ ਹੋਈ ਅਤੇ ਰਾਜਪੂਤ ਇਸਤਰੀਆਂ ਨੇ ਆਪਣੀ ਮਾਣ-ਮਰੀਆਦਾ ਦੀ ਰੱਖਿਆ ਲਈ ਜੌਹਰ ਦੀ ਰਸਮ ਅਦਾ ਕੀਤੀ। 29 ਜਨਵਰੀ 1528 ਈ. ਨੂੰ ਚੰਦੇਰੀ ਤੇ ਬਾਬਰ ਦਾ ਅਧਿਕਾਰ ਹੋ ਗਿਆ।

ਬਾਬਰ ਦੀ ਰਾਜਪੂਤਾਂ ਵਿਰੁੱਧ ਯੁੱਧ ਦੀ ਨੀਤੀ ਨੇ ਰਾਜਪੂਤ ਸ਼ਕਤੀ ਨੂੰ ਕਮਜ਼ੋਰ ਕਰ ਦਿੱਤਾ ਸੀ ਅਤੇ ਬਾਬਰ ਨੇ ਸਫ਼ਲਤਾਪੂਰਵਕ ਉਤੱਰੀ ਭਾਰਤ ਵਿੱਚ ਮੁਗਲ ਸਾਮਰਾਜ ਦੀ ਨੀਂਹ ਰੱਖ ਲਈ ਸੀ। ਪਰੰਤੂ ਬਾਬਰ ਪੂਰਨ ਰੂਪ ਵਿੱਚ ਰਾਜਪੂਤ ਸ਼ਕਤੀ ਨੂੰ ਨਸ਼ਟ ਕਰਨ ਵਿੱਚ ਸਫ਼ਲ ਨਾ ਹੋਇਆ ਅਤੇ ਉਸਦੇ ਉਤੱਰਾਧਿਕਾਰੀਆਂ ਨੂੰ ਰਾਜਪਤਾਂ ਦੀ ਵੱਧਦੀ ਸ਼ਕਤੀ ਤੇ ਰੋਕ ਲਗਾਉਣ ਲਈ ਯੁੱਧ ਕਰਨਾ ਪਿਆ।

### ਅਭਿਆਸ ਲਈ ਪ੍ਰਸ਼ਨ

1. ਕਨਵਾਹ ਦਾ ਯੁੱਧ ਕਦੋਂ ਅਤੇ ਕਿਸ ਵਿੱਚਕਾਰ ਹੋਇਆ?
2. ਚੰਦੇਰੀ ਦੇ ਯੁੱਧ ਵਿੱਚ ਕਿਸ ਦੀ ਜਿੱਤ ਹੋਈ?
3. ਬਾਬਰ ਨੇ ਹਿੰਦੋਸਤਾਨ ਵਿੱਚ ਕਦੋਂ ਮੁਗਲ ਰਾਜ ਦੀ ਸਥਾਪਨਾ ਕੀਤੀ?

### 3. ਹੁਮਾਯੂੰ ਦੀ ਰਾਜਪੂਤ ਨੀਤੀ :

ਬਾਬਰ ਦੇ ਦੇਹਾਂਤ ਪਿਛੋਂ ਉਸਦਾ ਪੁੱਤਰ ਹੁਮਾਯੂੰ ਦਸੰਬਰ 1530 ਈ. ਵਿੱਚ ਰਾਜਗੱਦੀ ਤੇ ਬੈਠਿਆ। ਹੁਮਾਯੂੰ ਦਾ ਰਾਜਪੂਤਾਂ ਨਾਲ ਸਿੱਧਾ ਵਾਹ ਨਾ ਪਿਆ ਕਿਉਂਕਿ ਉਸਨੂੰ ਬਹੁਤ ਸਾਰੀਆਂ ਔਕੜਾ ਦਾ ਸਾਹਮਣਾ ਕਰਨਾ ਪਿਆ। ਉਸਨੂੰ ਮਹਿਮੂਦ ਲੋਧੀ ਬਹਾਦਰ ਸ਼ਾਹ ਅਤੇ ਸ਼ੇਰ ਸ਼ਾਹ ਸੂਰੀ ਵਰਗੇ ਅਫਗਾਨਾਂ ਨਾਲ ਯੁੱਧ ਲੜਨਾ ਪਿਆ। ਜਦੋਂ ਹੁਮਾਯੂੰ ਨੇ ਗੁਜਰਾਤ ਦੇ ਹਾਕਮ ਬਹਾਦਰ ਸ਼ਾਹ ਵਿਰੁੱਧ ਚੜ੍ਹਾਈ ਕੀਤੀ ਅਤੇ ਉਸ ਦੀਆਂ ਸੈਨਾਵਾਂ ਸਾਰੰਗਪੁਰ ਵਿਖੇ ਪਹੁੰਚੀਆਂ ਤਾਂ ਮੇਵਾੜ ਦੇ ਸ਼ਾਸਕ ਦੀ ਮਾਤਾ ਰਾਣੀ ਕਰਣਵਤੀ ਨੇ ਉਸ ਤੋਂ ਬਹਾਦਰ ਸ਼ਾਹ ਦੇ ਵਿਰੁੱਧ ਸਹਾਇਤਾ ਦੀ ਮੰਗ ਕੀਤੀ। ਰਾਣੀ ਨੇ ਮੁਗਲ ਸਮਰਾਟ ਨਾਲ ਮਿਤਰੱਤਾ ਸਥਾਪਿਤ ਕਰਨ ਲਈ ਉਸਨੂੰ ਆਪਣਾ

ਭਰਾ ਸਮਝ ਕੇ ਰੱਖੜੀ ਵੀ ਭੇਜੀ। ਪਰੰਤੂ ਹੁਮਾਯੂੰ ਨੇ ਉਸ ਦੀ ਮੰਗ ਨੂੰ ਸਵੀਕਾਰ ਨਾ ਕੀਤਾ। ਆਪਣੀ ਧਾਰਮਿਕ ਕੱਟੜਤਾ ਦੇ ਕਾਰਣ ਉਹ ਇੱਕ ਮੁਸਲਮਾਨ ਹਾਕਮ ਦੇ ਵਿਰੁੱਧ ਰਾਜਪੂਤਾਂ ਦੀ ਸਹਾਇਤਾ ਨਹੀਂ ਕਰਨਾ ਚਾਹੁੰਦਾ ਸੀ। ਇਸ ਤਰ੍ਹਾਂ ਹੁਮਾਯੂੰ ਨੇ ਮੇਵਾੜ ਰਾਜ ਨਾਲ ਮਿਤੱਰਤਾ ਸਥਾਪਿਤ ਕਰਨ ਦਾ ਸਨੁਹਿਰੀ ਮੌਕਾ ਗੁਆ ਦਿੱਤਾ।

**4. ਅਕਬਰ ਦੀ ਰਾਜਪੂਤ ਨੀਤੀ :**

ਅਕਬਰ ਇੱਕ ਸੁਲਝਿਆ ਹੋਇਆ ਨੀਤੀਵਾਨ ਸੀ। ਉਸਨੇ ਰਾਜਪੂਤਾਂ ਪ੍ਰਤੀ ਸੋਚੀ-ਸਮਝੀ ਨੀਤੀ ਅਪਨਾਈ। ਉਹ ਚੰਗੀ ਤਰ੍ਹਾਂ ਸਮਝਦਾ ਸੀ ਕਿ ਸ਼ਕਤੀਸ਼ਾਲੀ ਰਾਜਪੂਤ ਸੈਨਾਵਾਂ ਦੇ ਪੂਰੇ ਸਹਿਯੋਗ ਤੋਂ ਬਿਨਾਂ ਮੁਗਲ ਸਾਮਰਾਜ ਕਦੇ ਵੀ ਸੁਰੱਖਿਅਤ ਨਹੀਂ ਹੋ ਸਕਦਾ। ਇਸ ਲਈ ਜਿਥੋਂ ਤੱਕ ਹੋ ਸਕਿਆ ਉਸ ਨੇ ਰਾਜਪੂਤਾਂ ਨੂੰ ਆਪਣੇ ਸਾਮਰਾਜ ਦੇ ਪ੍ਰਤਿਸ਼ਠਿਤ ਮ੍ਰਿਤ ਬਣਾਉਣ ਦਾ ਯਤਨ ਕੀਤਾ। ਜਿਥੇ ਰਜ਼ਾਮੰਦੀ ਨਾਲ ਮਿਤ੍ਰਤਾ ਸਥਾਪਤ ਨਾ ਹੋ ਸਕੀ, ਉਥੇ ਤਲਵਾਰ ਦੇ ਜ਼ੋਰ ਨਾਲ ਦਬਾਉਣ ਦੀ ਵਿੱਧੀ ਵਰਤੀ।

**4.1 ਅਕਬਰ ਦੀ ਨੀਤੀ ਪਿਛੇ ਕਾਰਣ :**

ਅਕਬਰ ਦੀ ਰਾਜਪੂਤਾਂ ਪ੍ਰਤੀ ਨੀਤੀ ਅਪਨਾਉਣ ਪਿਛੇ ਕਈ ਕਾਰਣ ਸਨ :-

1. **ਸ਼ਕਤੀਸ਼ਾਲੀ ਰਾਜਪੂਤਾਂ ਨਾਲ ਮਿਤਰਤਾ ਦੀ ਜ਼ਰੂਰਤ** :- ਜਦੋਂ ਅਕਬਰ ਨੇ ਸਮਾਰਾਜ ਦੀ ਵਾਗਡੋਰ ਆਪਣੇ ਹੱਥਾਂ ਵਿੱਚ ਲਈ ਤਾਂ ਉਸ ਨੇ ਇਹ ਮਹਿਸੂਸ ਕੀਤਾ ਕਿ ਇਸ ਕੌਮ ਪ੍ਰਤੀ ਅਪਣਾਈ ਗਈ ਯੁੱਧ ਦੀ ਨੀਤੀ ਠੀਕ ਨਹੀਂ ਸੀ। ਕਿਉਂਕਿ ਅਜਿਹੀ ਨੀਤੀ ਨਾਲ ਉਹ ਰਾਜਪੂਤ ਨੂੰ ਸਥਾਈ ਰੂਪ ਵਿੱਚ ਸਾਮਰਾਜ ਅਧੀਣ ਨਹੀਂ ਕਰ ਸਕਦਾ। ਰਾਜਪੂਤ ਇਕ ਬਹਾਦਰ, ਨਿਡਰ ਅਤੇ ਮਾਣ ਮਰਯਾਦਾ ਲਈ ਮਰ ਮਿਟਣ ਵਾਲੇ ਲੋਕਾਂ ਨੂੰ ਯੁੱਧ ਵਿਚ ਹਰਾਉਣਾ ਸੌਖਾ ਕੰਮ ਨਹੀਂ ਸੀ। ਇਸ ਲਈ ਅਕਬਰ ਨੇ ਰਾਜਪੂਤਾਂ ਨਾਲ ਤਲਵਾਰ ਦੀ ਨਹੀਂ ਬਲਕਿ ਦੀ ਨਹੀਂ ਬਲਕਿ ਮਿਤਰਤਾ ਦੀ ਨੀਤੀ ਆਪਣਾਈ।

2. **ਅਕਬਰ ਵਿਰੁੱਧ ਵਿਦਰੋਹ** :- ਅਕਬਰ ਨੂੰ ਆਪਣੇ ਸ਼ਾਸਨ ਕਾਲ ਦੇ ਆਰੰਭਿਕ ਸਾਲਾਂ ਵਿੱਚ ਕਈ ਸਰਦਾਰਾਂ ਅਤੇ ਰਿਸ਼ਤੇਦਾਰਾਂ ਦੇ ਵਿਦਰੋਹ ਦਾ ਸਾਹਮਣਾ ਕਰਨਾ ਪਿਆ। ਅਕਬਰ ਨੂੰ ਮੁਗਲਾਂ ਦੇ ਪੁਰਾਣੇ ਦੁਸ਼ਮਣ ਅਫਗਾਨਾਂ ਤੋਂ ਵੀ ਖਤਰਾ ਸੀ। ਉਤੱਰ-ਪਛੱਮੀ ਸਰਹਦੀ ਪ੍ਰਦੇਸ਼ਾਂ ਤੋਂ ਇਲਾਵਾ ਬਿਹਾਰ, ਬੰਗਾਲ ਅਤੇ ਉੜੀਸਾ ਵਿੱਚ ਉਸ ਸਮੇਂ ਤੱਕ ਅਫਗਾਨ ਸਰਦਾਰ ਬਹੁਤ ਸ਼ਕਤੀਸ਼ਾਲੀ ਹੋ ਗਏ ਸਨ। ਸ਼ਾਹ ਅਬਦੁਲ ਮਾਲੀ, ਬੈਰਾਮ ਖਾਂ, ਅਦਮ ਖਾਂ, ਆਸਫ ਖਾਂ ਅਤੇ ਅਬਦੁੱਲਾ ਖਾਂ, ਉਜ਼ਬੇਗ, ਖਾਨ ਜਮਾਨ ਅਤੇ ਮਿਰਜ਼ਿਆ ਨੇ ਬਗਾਵਤ ਕਰ ਦਿੱਤੀ। ਇਨ੍ਹਾਂ ਵਿਦਰੋਹਾਂ ਤੋਂ ਅਕਬਰ ਨੇ ਸਬਕ ਸਿੱਖਿਆ ਕਿ ਆਪਣੇ ਵੰਸ਼ ਅਤੇ ਰਾਜ ਨੂੰ ਸੁਰੱਖਿਅਤ ਰਖੱਣ ਲਈ ਉਸਨੂੰ ਬਹਾਦਰ ਰਾਜਪੂਤ ਜਾਤੀ ਦਾ ਸਹਿਯੋਗ ਪ੍ਰਾਪਤ ਕਰਨਾ ਚਾਹੀਦਾ ਹੈ।

3. **ਅਕਬਰ ਦੀ ਸਾਮਰਾਜਵਾਦੀ ਤੰਮਨਾ** :- ਅਕਬਰ ਹਿੰਦੋਸਤਾਨ ਵਿੱਚ ਵੱਖ-ਵੱਖ ਪ੍ਰਦੇਸ਼ਾਂ ਨੂੰ ਜਿੱਤ ਕੇ ਮੁਗਲ ਸਾਮਰਾਜ ਦਾ ਵਿਸਤਾਰ ਕਰਨ ਦਾ ਚਾਹਵਾਨ ਸੀ। ਆਪਣੀ ਅਭਿਲਾਸ਼ਾ ਨੂੰ ਪੂਰਾ ਕਰਨ ਲਈ ਉਸਨੂੰ ਰਾਜਪੂਤਾਂ ਵਰਗੇ ਯੋਧਿਆਂ ਦੀਆਂ ਸੇਵਾਵਾਂ ਦੀ ਲੋੜ ਮਹਿਸੂਸ ਹੋਈ।

4. **ਸਾਮਰਾਜ ਦੀ ਸਥਿਰਤਾ ਲਈ ਆਵਸ਼ਕ** :- ਜਿਥੇ ਅਕਬਰ ਸੁਦ੍ਰਿੜ੍ਹ ਸਾਮਰਾਜ ਸਥਾਪਿਤ ਕਰਨ ਲਈ ਰਾਜਪੂਤਾਂ ਦੇ ਸਹਿਯੋਗ ਦੀ ਲੋੜ ਸੀ ਉਥੇ ਸਾਮਰਾਜ ਦੀ ਸਥਿਰਤਾ ਲਈ ਵੀ ਰਾਜਪੂਤਾਂ ਦੇ ਸਹਿਯੋਗ ਦੀ ਲੋੜ ਸੀ। ਜੇਕਰ ਅਕਬਰ ਨੂੰ ਰਾਜਪੂਤਾਂ ਦਾ ਸਾਥ ਪ੍ਰਾਪਤ ਹੋ ਜਾਂਦਾ ਤਾਂ ਉਨ੍ਹਾਂ ਰਾਹੀਂ ਹਿੰਦੋਸਤਾਨ ਦੇ ਕਰੋੜਾਂ ਹਿੰਦੂ ਵੀ ਮੁਗਲ ਸਾਮਰਾਜ ਦੇ ਪੱਖ ਵਿੱਚ ਹੋ ਜਾਣਗੇ।

**4.2 ਅਕਬਰ ਦੀ ਨੀਤੀ ਦੀਆਂ ਵਿਸ਼ੇਸ਼ਤਾਈਆਂ ਤੇ ਵਿਕਾਸ :**

**(i)** **ਰਾਜਪੂਤਾਂ ਨਾਲ ਵਿਵਾਹਿਕ-ਸੰਬੰਧ** :- ਅਕਬਰ ਨੇ ਰਾਜਪੂਤਾਂ ਹਾਕਮਾਂ ਨਾਲ ਵਿਵਾਹਿਕ ਸੰਬੰਧ ਕਾਇਮ ਕੀਤੇ। 1562 ਈ. ਵਿੱਚ ਉਸਨੇ ਅੰਬਰ ਦੇ ਰਾਜਾਂ ਬਿਹਾਰੀ ਮਲ ਦੀ ਪੁੱਤਰੀ ਜੋਧਾ ਬਾਈ ਨਾਲ ਵਿਆਹ ਕੀਤਾ। ਉਸਨੇ ਬਿਹਾਰੀ ਮਲ ਨੂੰ ਮੁਗਲ ਸਾਮਰਾਜ ਦੀ ਸੇਵਾ ਵਿੱਚ 5000 ਦਾ ਮਨਸਬਦਾਰ ਅਤੇ ਉਸ

ਦੇ ਪੁੱਤਰ ਭਗਵਾਨ ਦਾਸ ਦੇ ਪੋਤਰੇ ਮਾਨ ਸਿੰਘ ਨੂੰ ਮੁਗਲ ਸੇਨਾ ਵਿੱਚ ਉੱਚ-ਪਦਵੀਆਂ ਤੇ ਨਿਯੁਕਤ ਕੀਤਾ। ਬਿਹਾਰੀ ਮਲ ਦੀ ਰੀਸ ਨਾਲ ਜੈਸਲਮੇਰ ਦੇ ਰਾਵਲ ਹਰ ਰਾਏ ਜੇ ਆਪਣੀ ਪੁੱਤਰੀ ਅਤੇ ਬੀਕਾਨੇਰ ਦੇ ਸ਼ਾਸਕ ਰਾਏ ਕਿਲਆਣ ਮਲ ਨੇ ਰਾਜਕੁਮਾਰੀ ਦਾ ਵਿਆਹ ਅਕਬਰ ਨਾਲ ਕੀਤਾ। ਬਾਅਦ ਵਿੱਚ ਭਗਵਾਨ ਦਾਸ ਨੇ ਆਪਣੀ ਪੁੱਤਰੀ ਮਾਨ ਬਾਈ ਦਾ ਵਿਆਹ ਸ਼ਹਿਜ਼ਾਦਾ ਸਲੀਮ ਨਾਲ ਕਰ ਦਿੱਤਾ। ਇਸ ਤਰ੍ਹਾਂ ਰਾਜਪੂਤ ਲੋਕ ਅਕਬਰ ਦੇ ਸਕੇ ਸੰਬੰਧੀ ਬਣ ਗਏ ਅਤੇ ਮੁਗਲ ਸਾਮਰਾਜ ਦੇ ਸੱਚੇ ਸੇਵਕ ਬਣੇ।

**(ii)** **ਰਾਜਪੂਤਾਂ ਨੂੰ ਉੱਚੇ ਅਹੁਦੇ** :– ਅਕਬਰ ਤੋਂ ਪਹਿਲਾਂ ਮੁਸਲਿਮ ਸ਼ਾਸਕ ਹਿੰਦੂਆਂ ਨੂੰ ਉੱਚੀਆਂ ਪਦਵੀਆਂ ਤੇ ਨਿਯੁਕਤ ਨਹੀਂ ਕਰਦੇ ਸਨ। ਪਰੰਤੂ ਅਕਬਰ ਨੇ ਰਾਜਾ ਭਗਵਾਨ ਦਾਸ, ਰਾਜਾ ਮਾਨ ਸਿੰਘ, ਰਾਏ ਸਿੰਘ, ਭੀਮ ਸੇਨ, ਉਦੈ ਸਿੰਘ, ਬੀਰਬਲ ਅਤੇ ਟੋਡਰ ਮਲ ਆਦਿ ਨੂੰ ਉੱਚ-ਪਦਵੀਆਂ ਅਤੇ ਮਨਸਬ ਦਿੱਤੇ। ਅਕਬਰ ਦਾ ਇਹ ਯਤਨ ਸ਼ਲਾਘਾਯੋਗ ਸੀ, ਇਸ ਨਾਲ ਰਾਸ਼ਟਰੀ ਏਕਤਾ ਦੇ ਵਾਤਾਵਰਣ ਲਈ ਲਾਭਵੰਦ ਸਾਬਤ ਹੋਇਆ।

**(iii)** **ਰਾਜਪੂਤਾਂ ਅਤੇ ਹਿੰਦੂਆਂ ਨੂੰ ਧਾਰਮਿਕ ਸੁਤੰਤਰਤਾ** :– ਅਕਬਰ ਨੇ ਆਪਣੇ ਰਾਜ ਕਾਲ ਦੌਰਾਨ ਹਿੰਦੂਆਂ ਅਤੇ ਰਾਜਪੂਤਾਂ ਨੂੰ ਪੂਰੀ ਧਾਰਮਿਕ ਅਜ਼ਾਦੀ ਦਿੱਤੀ। ਉਸਨੇ ਪਿਛਲੇ ਮੁਸਲਿਮ ਸ਼ਾਸਕਾਂ ਦੁਆਰਾ ਲਗਾਏ ਗਏ ਜਜ਼ੀਆ ਅਤੇ ਤੀਰਥ-ਯਾਤਰਾ ਕਰ ਹੱਟਾ ਦਿੱਤੇ, ਮੰਦਰਾਂ ਵਿੱਚ ਪਾਠ-ਪੂਜਾ ਕਰਨ, ਧਾਰਮਿਕ ਉਤਸਵ ਮਨਾਉਣ ਅਤੇ ਦੂਜੀਆਂ ਧਾਰਮਿਕ ਰੀਤੀਆਂ ਦੀ ਪਾਲਣਾ ਆਦਿ ਦੀ ਪੂਰੀ ਖੂਲ ਦਿੱਤੀ।

**(iv)** **ਰਾਜਪੂਤ ਰਾਜਾ ਨੂੰ ਅੰਦਰੂਨੀ ਸੁਤੰਤਰਤਾ** :– ਬੁਧੀਮਾਨ ਮੁਗਲ ਬਾਦਸ਼ਾਹ ਅਕਬਰ ਨੇ ਮੁਗਲਾਂ ਦੀ ਪ੍ਰਭੂਸੱਤਾ ਸਵੀਕਾਰ ਕਰਨ ਵਾਲੇ ਰਾਜਪੂਤ ਰਾਜਾ ਦੇ ਅੰਦਰੂਨੀ ਮੁਆਮਲਿਆਂ ਵਿੱਚ ਦਖਲ-ਅੰਦਾਜ਼ੀ ਨਾ ਕੀਤੀ। ਬੇਸ਼ਕ ਇਹ ਰਾਜਪੂਤ ਰਾਜੇ ਮੁਗਲ ਬਾਦਸ਼ਾਹ ਨੂੰ ਸਲਾਨਾ ਕਰ, ਸ਼ਾਹੀ ਸੈਨਾ ਲਈ ਸੈਨਿਕ, ਮੁਗਲ ਦਰਬਾਰ ਵਿੱਚ ਹਾਜ਼ਰ ਹੁੰਦੇ ਸਨ ਫਿਰ ਵੀ ਅਕਬਰ ਨੇ ਉਨ੍ਹਾਂ ਦੇ ਸ਼ਾਸਨ-ਪ੍ਰਬੰਧ ਅਤੇ ਰਾਜ ਅਧਿਕਾਰ ਸੰਬੰਧੀ ਮੁਆਮਲਿਆਂ ਵਿੱਚ ਕਿਸੇ ਕਿਸਮ ਦੀ ਦਖਲ ਅੰਦਾਜ਼ੀ ਨਾ ਕੀਤੀ।

**(v)** **ਸਮਾਜਿਕ ਸੁਧਾਰ** :– ਅਕਬਰ ਨੇ ਰਾਜਪੂਤ ਸਮਾਜ ਵਿੱਚ ਕਈ ਸੁਧਾਰ ਕੀਤੇ। ਸਭ ਤੋਂ ਪਹਿਲਾਂ ਸਤੀ ਪ੍ਰਥਾ ਸਮਾਪਤ ਕਰਨ ਦਾ ਯਤਨ ਕੀਤਾ ਅਤੇ ਆਦੇਸ਼ ਜਾਰੀ ਕੀਤਾ ਕਿ ਕਿਸੇ ਵੀ ਇਸਤਰੀ ਨੂੰ ਉਸਦੀ ਇੱਛਾ ਵਿਰੁੱਧ ਸਤੀ ਨਾ ਕੀਤਾ ਜਾਏ। ਅਕਬਰ ਨੇ ਕੰਨਿਆ ਹੱਤਿਆ ਅਤੇ ਬਾਲ-ਵਿਆਹ ਵਰਗੀਆਂ ਬੁਰਾਈਆਂ ਨੂੰ ਰੋਕਣ ਲਈ ਫਰਮਾਨ ਜਾਰੀ ਕੀਤੇ ਕਿ 16 ਸਾਲ ਤੋਂ ਘੱਟ ਉਮਰ ਦੇ ਲੜਕਿਆਂ ਅਤੇ 14 ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ ਦੇ ਵਿਆਹ ਨਹੀਂ ਹੋ ਸਕਦੇ। ਵਿੱਧਵਾ-ਵਿਆਹ ਨੂੰ ਵੀ ਉਤਸ਼ਾਹਿਤ ਕੀਤਾ।

**(vi)** **ਵਿਰੋਧੀ ਰਾਜਪੂਤ ਰਿਆਸਤਾਂ ਨਾਲ ਯੁੱਧ** :– ਅੰਬਰ, ਬੀਕਾਨੇਰ, ਜੈਸਲਮੇਰ, ਜੋਧਪੁਰ ਆਦਿ ਰਿਆਸਤਾਂ ਨੇ ਅਕਬਰ ਦੀ ਅਧੀਨਤਾ ਸਵੀਕਾਰ ਕਰ ਲਈ ਪਰੰਤੂ ਮੇਵਾੜ, ਰਣਥੰਭੋਰ ਅਤੇ ਕਲਿੰਜਰ ਦੀਆਂ ਰਿਆਸਤਾਂ ਨੇ ਨਾ ਕੀਤੀ। ਇਸ ਲਈ ਅਕਬਰ ਨੇ ਇਨ੍ਹਾਂ ਰਿਆਸਤਾਂ ਪ੍ਰਤੀ ਯੁੱਧ ਦੀ ਨੀਤੀ ਅਪਨਾਈ।

**(i)** **ਮੇਵਾੜ** :– ਉਦੈ ਸਿੰਘ ਮੇਵਾੜ ਦਾ ਮਹਾਰਾਣਾ ਸੀ। ਅਕਬਰ ਨੇ 1567 ਈ. ਵਿੱਚ ਚਿਤੌੜ ਦੇ ਪ੍ਰਸਿੱਧ ਕਿਲ੍ਹੇ ਤੇ ਚੜ੍ਹਾਈ ਕਰ ਦਿੱਤੀ। ਮਹਾਰਾਣਾ ਆਪਣੇ ਮੰਤਰੀਆਂ ਦੀ ਸਲਾਹ ਨਾਲ ਪਹਾੜੀਟਾ ਵਿੱਚ ਜਾ ਕੇ ਲੁਕ ਗਿਆ। ਕਿਲ੍ਹੇ ਦੀ ਰੱਖਿਆ ਦਾ ਕੰਮ ਜੈਮਲ ਅਤੇ ਫਤਹਿ ਸਿੰਘ ਨੂੰ 8000 ਦੀ ਰਾਜਪੂਤ ਸੈਨਾ ਸਮੇਤ ਸੌਂਪ ਦਿੱਤਾ। ਚਾਰ ਮਹੀਨਿਆ ਤੱਕ ਕਿਲ੍ਹੇ ਤੋਂ ਦੁਸ਼ਮਣਾਂ ਦਾ ਮੁਕਾਬਲਾ ਕੀਤਾ। ਅਕਬਰ ਦੀ ਖੁਸ਼ਕਿਸਮਤੀ ਨਾਲ ਕੈਮਲ ਨੂੰ ਗੋਲੀ ਲੱਗ ਗਈ ਅਤੇ ਯੁੱਧ ਦਾ ਪਾਸਾ ਮੁਗਲਾਂ ਦੇ ਹੱਕ ਵਿੱਚ ਬਦਲ ਗਿਆ। ਰਾਜਪੂਤਾਂ ਨੇ ਕਿਲ੍ਹੇ ਦਾ ਦਰਵਾਜ਼ਾ ਖੋਲ੍ਹ ਦਿੱਤਾ ਅਤੇ ਦੁਸ਼ਮਣਾਂ ਤੇ ਟੁੱਟ ਕੇ ਪਏ ਪਰੰਤੂ ਸਾਰੇ

ਰਾਜਪੂਤ ਲੜਦੇ ਹੋਏ ਸ਼ਹੀਦ ਹੋ ਗਏ। ਅਕਬਰ ਚਿਤੌੜ ਦੇ ਕਿਲ੍ਹੇ ਉੱਤੇ ਜਿੱਤ ਪ੍ਰਾਪਤ ਕਰਨ ਵਿੱਚ ਸਫ਼ਲ ਹੋ ਗਿਆ। 1527 ਈ. ਵਿੱਚ ਉਦੈ ਸਿੰਘ ਤੋਂ ਬਾਅਦ ਮਹਾਰਾਣਾ ਪ੍ਰਤਾਪ ਸਿੰਘ ਮੇਵਾੜ ਦੀ ਗੱਦੀ ਉੱਤੇ ਬੈਠਾ। ਉਹ ਕਿਸੇ ਕੀਮਤ ਤੇ ਵੀ ਮੁਗਲਾਂ ਦੀ ਅਧੀਨਤਾ ਸਵੀਕਾਰ ਕਰਨ ਲਈ ਤਿਆਰ ਨਹੀਂ ਸੀ। ਅਕਬਰ ਵੀ ਅਜਿਹੇ ਅਭਿਮਾਨ ਪੂਰਣ ਅਤੇ ਸੁਤੰਤਰਤਾ ਦੇ ਵਿਹਾਰ ਨੂੰ ਪਸੰਦ ਨਹੀਂ ਕਰਦਾ ਸੀ। ਇਸ ਲਈ ਅਕਬਰ ਨੇ 1576 ਈ. ਵਿੱਚ ਮਾਨ ਸਿੰਘ ਅਤੇ ਆਸਫ ਖਾਂ ਦੀ ਅਗਵਾਈ ਹੇਠ ਵੱਡੀ ਸੈਨਾ ਭੇਜੀ। 18 ਜੂਨ 1576 ਈ. ਨੂੰ ਹਲਦਘਾਟੀ ਦੇ ਸਥਾਨ ਤੇ ਘਮਾਸਾਨ ਲੜਾਈ ਹੋਈ। ਮੁਗਲ ਇਸ ਲੜਾਈ ਵਿੱਚ ਜਿੱਤ ਗਏ ਅਤੇ ਮਹਾਰਾਣਾ ਆਪਣੀ ਜਾਨ ਦੀ ਰੱਖਿਆ ਲਈ ਰਣ-ਖੇਤਰ ਤੋਂ ਭੱਜ ਨਿਕਲਿਆ। 1576 ਈ. ਤੱਕ ਮਹਾਰਾਣਾ ਮੁਗਲਾਂ ਦੇ ਹਮਲਿਆਂ ਦਾ ਮੁਕਾਬਲਾ ਕਰਦਾ ਰਿਹਾ। ਉਹ 1597 ਤੱਕ ਆਪਣੀ ਮੌਤ ਤੋਂ ਪਹਿਲਾਂ ਆਪਣੇ ਕੁੱਝ ਇਲਾਕੇ ਮੁਗਲਾਂ ਤੋਂ ਵਾਪਸ ਜਿੱਤਣ ਵਿੱਚ ਸਫਲ ਹੋ ਗਿਆ ਸੀ।

**(ii)** **ਰਣਥੰਭੋਰ** :- ਫਰਵਰੀ 1569 ਈ. ਵਿੱਚ ਅਕਬਰ ਨੇ ਰਣਥੰਭੋਰ ਤੇ ਹਮਲਾ ਕਰ ਦਿੱਤਾ। ਉਸ ਸਮੇ ਸੁਰਜਨ ਰਾਏ ਉਥੋਂ ਦਾ ਰਾਜਾ ਸੀ। ਰਾਜਪੂਤਾਂ ਨੇ ਡੱਟ ਕੇ ਮੁਕਾਬਲਾ ਕੀਤਾ। ਪਰੰਤੂ ਅੰਤ ਵਿੱਚ ਮਜਬੂਰ ਹੋ ਕੇ ਮੁਗਲ ਸਮਰਾਟ ਦੀ ਪ੍ਰਭੂਸੱਤਾ ਮੰਨੀ ਪਈ। ਅਕਬਰ ਨੇ ਉਸ ਨਾਲ ਸਨਮਾਨ ਭਰਿਆ ਸਲੂਕ ਕੀਤਾ।

**(iii)** **ਕਾਲਿੰਜਰ** :- ਕਾਲਿੰਜਰ ਨੂੰ ਫਤਹਿ ਕਰਨ ਲਈ ਅਕਬਰ ਨੇ ਅਗਸਤ 1569 ਈ. ਮਜਨੂੰ ਖਾਂ ਦੀ ਅਗਵਾਈ ਹੇਠ ਸੈਨਾ ਭੇਜੀ। ਉਸ ਸਮੇਂ ਉਥੋਂ ਦਾ ਰਾਜਾ ਰਾਮ ਚੰਦਰ ਸੀ। ਉਹ ਅਕਬਰ ਦੀਆਂ ਚਿਤੌੜ ਅਤੇ ਰਣਥੰਭੋਰ ਦੀਆਂ ਜਿੱਤਾਂ ਸੁਣਕੇ ਘਬਰਾ ਗਿਆ ਸੀ। ਉਸਨੇ ਬਿਨਾਂ ਕਿਸੇ ਵਿਰੋਧ ਦੇ ਮੁਗਲ ਸਮਰਾਟ ਦੀ ਅਧੀਨਤਾ ਸਵੀਕਾਰ ਕਰ ਲਈ।

### ਅਭਿਆਸ ਲਈ ਪ੍ਰਸ਼ਨ

1. ਹੁਮਾਯੂੰ ਦੇ ਰਾਜਪੂਤਾਂ ਨਾਲ ਕਿਹੋ ਜਿਹੇ ਸੰਬੰਧ ਸਨ?
2. ਅਕਬਰ ਨੇ ਰਾਜਪੂਤਾਂ ਪ੍ਰਤੀ ਕਿਸ ਪ੍ਰਕਾਰ ਦੀ ਨੀਤੀ ਅਪਣਾਈ?
3. ਕਿਹੜੀ ਰਿਆਸਤਾਂ ਨੇ ਅਕਬਰ ਨਾਲ ਵਿਵਾਹਿਕ ਸੰਬੰਧ ਕਾਇਮ ਕੀਤੇ?
4. ਮੇਵਾੜ ਦੀ ਰਿਆਸਤ ਵਿੱਚ ਕਿਹੜੇ ਵੰਸ਼ ਦਾ ਰਾਜ ਸੀ?

5. **ਜਹਾਂਗੀਰ ਦੀ ਰਾਜਪੂਤ ਨੀਤੀ** :

1605 ਈ. ਵਿੱਚ ਅਕਬਰ ਦਾ ਦੇਹਾਂਤ ਹੋ ਗਿਆ ਅਤੇ ਜਹਾਂਗੀਰ ਰਾਜਗੱਦੀ ਉੱਤੇ ਬੈਠਿਆ। ਉਸਨੇ ਮੇਵਾੜ ਨੂੰ ਅਧੀਨ ਕਰਨ ਦਾ ਜਿਹੜਾ ਕੰਮ ਅਕਬਰ ਸਿਰੇ ਨਾ ਚਾੜ੍ਹ ਸਕਿਆ, ਉਸਨੂੰ ਨੇਪਰੇ ਚਾੜਿਆ। ਉਸ ਸਮੇਂ ਮੇਵਾੜ ਦਾ ਰਾਜਾ ਰਾਣਾ ਅਮਰ ਸਿੰਘ ਸੀ। ਜਹਾਂਗੀਰ ਨੇ 1606 ਈ. ਵਿੱਚ ਆਪਣੇ ਪੁੱਤਰ ਸ਼ਹਿਜ਼ਾਦਾ ਪਰਵੇਜ਼ ਦੀ ਕਮਾਨ ਹੇਠ 20,000 ਘੋੜਸਵਾਰ ਦੀ ਸੈਨਾ ਮੇਵਾੜ ਦੇ ਰਾਣਾ ਅਮਰ ਸਿੰਘ ਵਿਰੁੱਧ ਭੇਜੀ। ਦੇਵਰ ਘਾਟੀ ਵਿੱਚ ਪਰਵੇਜ਼ ਅਤੇ ਅਮਰ ਸਿੰਘ ਦੇ ਵਿੱਚਕਾਰ ਯੁੱਧ ਹੋਇਆ। ਰਾਜਕੁਮਾਰ ਖੁਸਰੋ ਦੀ ਇਸ ਸਮੇਂ ਬਗਾਵਤ ਹੋ ਜਾਣ ਕਾਰਣ ਜਹਾਂਗੀਰ ਨੇ ਮੁਗਲ ਸੈਨਾ ਨੂੰ ਵਾਪਸ ਬੁਲਾ ਲਿਆ। 1608 ਤੋਂ 1611 ਈ. ਤੱਕ ਜਹਾਂਗੀਰ ਨੇ ਦੂਸਰੀ ਮੁਹਿੰਮ ਭੇਜੀ। ਮੁਹਾਬਤ ਖਾਂ ਦੇ ਅਧੀਨ 12,000 ਘੋੜਸਵਾਰ, 500 ਅਹਾਦੀਆਂ, 2000 ਬੰਦੂਕਚੀ, 60 ਹਾਥੀ ਅਤੇ 80 ਤੋਪਾਂ ਭੇਜੀਆਂ ਪਰੰਤੂ ਉਹ ਹਾਰ ਗਿਆ। ਉਸ ਪਿਛੋਂ ਰਾਜਾ ਬਸੂ ਅਤੇ ਮਿਰਜ਼ਾ ਅਜ਼ੀਜ਼ ਕੋਕਾ ਨੂੰ ਭੇਜਿਆ ਅਤੇ ਉਹ ਵੀ ਅਸਫ਼ਲ ਰਹੇ। ਅੰਤ 1613 ਈ. ਵਿੱਚ ਜਹਾਂਗੀਰ ਨੇ ਸ਼ਹਿਜ਼ਾਦਾ ਖੁਰਮ ਨੇ ਰਾਣੇ ਦੇ ਰਾਸ਼ਨ ਪਾਣੀ ਦੇ ਰਸਤੇ ਰੋਕ ਦਿੱਤੇ ਤੇ ਪਿੰਡਾਂ ਤੇ ਸ਼ਹਿਰਾਂ ਮੰਦਰਾਂ ਨੂੰ ਨਸ਼ਟ ਕਰ ਦਿੱਤਾ। ਰਾਜਪੂਤਾਂ ਦੀਆਂ ਇਸਤਰੀਆਂ ਅਤੇ ਬੱਚਿਆਂ ਨੂੰ ਕੈਦ ਕਰ ਲਿਆ ਗਿਆ। ਰਾਜਪੂਤ ਭੁੱਖ ਨਾਲ ਤੰਗ ਆ ਗਏ। ਅੰਤ

ਰਾਣਾ ਅਮਰ ਸਿੰਘ ਨੂੰ ਸੁਲਾਹ ਕਰਨੀ ਪਈ। 1615 ਈ. ਵਿੱਚ ਮੇਵਾੜ ਦੇ ਰਾਣਾ ਨਾਲ ਸੰਧੀ ਕੀਤੀ ਜਿਸ ਅਨੁਸਾਰ :-

1. ਰਾਣਾ ਨੇ ਮੁਗਲ ਸਮਰਾਟ ਦੀ ਪ੍ਰਭੁਸੱਤਾ ਸਵੀਕਾਰ ਕਰ ਲਈ।
2. ਮੇਵਾੜ ਦੇ ਸਭ ਇਲਾਕੇ ਜੋ ਅਕਬਰ ਦੇ ਸਮੇਂ ਤੋਂ ਉਸ ਸਮੇਂ ਤੱਕ ਮੁਗਲਾਂ ਨੇ ਫਤਹਿ ਕੀਤੇ ਸਨ, ਰਾਣਾ ਨੂੰ ਵਾਪਸ ਕਰ ਦਿੱਤੇ।
3. ਰਾਣਾ ਚਿਤੌੜ ਦੇ ਕਿਲ੍ਹੇ ਦੀ ਨਾ ਹੀ ਮੁੜ ਉਸਾਰੀ ਕਰੇਗਾ ਅਤੇ ਨਾ ਹੀ ਇਸ ਦੀ ਕਿਸੇ ਤਰ੍ਹਾਂ ਮੁਰੰਮਤ ਕਰੇਗਾ।
4. ਰਾਣਾ ਮੁਗਲ ਸਮਰਾਟ ਨੂੰ ਕੋਈ ਇਲਾਕਾ ਜਾਂ ਧਨਰਾਸ਼ੀ ਨਹੀਂ ਦੇਵੇਗਾ ਅਤੇ ਨਾ ਹੀ ਉਸਨੂੰ ਮੁਗਲ ਸ਼ਾਹੀ ਪਰਿਵਾਰ ਨਾਲ ਵਿਆਹ ਸੰਬੰਧ ਸਥਾਪਿਤ ਕਰਨ ਲਈ ਕਿਹਾ ਜਾਵੇਗਾ।
5. ਰਾਣਾ ਮੁਗਲ ਦਰਬਾਰ ਵਿੱਚ ਆਪ ਹਾਜ਼ਰ ਨਹੀਂ ਹੋਵੇਗਾ ਅਤੇ ਉਦਾ ਪੁੱਤਰ ਰਾਜਕੁਮਾਰ ਕਰਣ ਸਿੰਘ ਮੁਗਲ ਦਰਬਾਰ ਵਿੱਚ ਉਸਦੀ ਪ੍ਰਤਿਨਿਧਤਾ ਕਰੇਗਾ।

   ਇਸ ਸੰਧੀ ਨਾਲ ਬਾਬਰ ਦੇ ਕਾਲ ਤੋਂ ਚਲੀ ਆ ਰਹੀ ਦੁਸ਼ਮਣੀ ਸਮਾਪਤ ਹੋ ਗਈ ਅਤੇ ਦੋਹਾਂ ਵਿੱਚ ਮਿਤੱਤਰਤਾਪੂਰਣ ਸੰਬੰਧ ਕਾਇਮ ਹੋ ਗਏ। ਜਹਾਂਗੀਰ ਨੇ ਮੇਵਾੜ ਦੇ ਰਾਣਾ ਨਾਲ ਸਮਝੌਤਾ ਕਰਕੇ ਆਪਣੇ ਪਿਤਾ ਵਰਗੀ ਰਾਜਨੀਤਿਕ ਸਿਆਣਪ ਦਾ ਸਬੂਤ ਦਿੱਤਾ।

### ਅਭਿਆਸ ਲਈ ਪ੍ਰਸ਼ਨ

1. ਜਹਾਂਗੀਰ ਦੇ ਰਾਜਪੂਤਾਂ ਨਾਲ ਕਿਹੋ ਜਿਹੇ ਸੰਬੰਧ ਸਨ?
2. ਜਹਾਂਗੀਰ ਨੇ ਕਿਹੜੀਆਂ ਰਾਜਪੂਤ ਰਿਆਸਤਾਂ ਨੂੰ ਆਪਣੇ ਅਧੀਨ ਕੀਤਾ?

### 6. ਸ਼ਾਹਜਹਾਂ ਦੀ ਰਾਜਪੂਤ ਨੀਤੀ :

ਸ਼ਾਹਜਹਾਂ (1627-1657) ਆਪਣੇ ਸ਼ਾਸਨ ਕਾਲ ਵਿੱਚ ਰਾਜਪੂਤ ਹਾਕਮਾਂ ਨਾਲ ਮਿਤਰਤਾ-ਪੂਰਣ ਸੰਬੰਧ ਸਥਾਪਿਤ ਕੀਤੇ। ਪਰ ਰਾਜਪੂਤਾਂ ਦਾ ਮਹੱਤਵ ਪਹਿਲਾਂ ਨਾਲੋਂ ਘੱਟ ਗਿਆ ਸੀ ਅਤੇ ਉਚੀਆਂ ਪਦਵੀਆਂ ਉੱਤੇ ਬਹੁਤ ਥੋੜ੍ਹੀ ਗਿਣਤੀ ਵਿੱਚ ਰਾਜਪੂਤ ਨਿਯੁਕਤ ਸਨ। ਸਿਰਫ਼ ਇੱਕ ਵਾਰ 1654 ਈ. ਵਿੱਚ ਸ਼ਾਹਜਹਾਂ ਨੇ ਮੇਵਾੜ ਦੇ ਸ਼ਾਸਕ ਰਾਣਾ ਜਗਤ ਸਿੰਘ ਵਿਰੁੱਧ ਸੈਨਾ ਭੇਜੀ ਜਦੋਂ ਉਸਨੇ ਚਿਤੌੜ ਦੇ ਕਿਲ੍ਹੇ ਨੂੰ ਫੇਰ ਮੁਰੰਮਤ ਕਰਨ ਦਾ ਯਤਨ ਕੀਤਾ। ਰਾਣਾ ਨੇ ਮੁਗਲ ਸਮਰਾਟ ਤੋਂ ਇੱਕ ਚਿੱਠੀ ਰਾਹੀਂ ਮੁਆਫੀ ਮੰਗ ਲਈ ਅਤੇ ਛੇ ਸਾਲ ਦੇ ਪੁੱਤਰ ਨੂੰ ਕਈ ਸਰਦਾਰਾਂ ਸਹਿਤ ਮੁਗਲ ਦਰਬਾਰ ਵਿੱਚ ਭੇਜਿਆ। ਸ਼ਾਹਜਹਾਂ ਨੇ ਉਸਨੂੰ ਮੁਆਫ਼ ਕਰ ਦਿੱਤਾ ਅਤੇ ਸੈਨਾ ਵਾਪਿਸ ਬੁਲਾ ਲਈ।

### 7. ਔਰੰਗਜ਼ੇਬ ਦੀ ਰਾਜਪੂਤ ਨੀਤੀ :

ਔਰੰਗਜ਼ੇਬ ਪੱਕਾ ਸੁੰਨੀ ਮੁਸਲਮਾਨ ਸੀ। ਉਸਨੇ ਆਪਣੇ ਸ਼ਾਸਨ ਕਾਲ ਦੇ ਪਹਿਲੇ ਵੀਹ ਸਾਲ (1658-78 ਈ.) ਵਿੱਚ ਰਾਜਪੂਤ ਸੰਬੰਧੀ ਈਰਖਾ ਭਾਵ ਨੂੰ ਪ੍ਰਗਟ ਨਾ ਕੀਤਾ ਅਤੇ ਨਾ ਹੀ ਉਨ੍ਹਾਂ ਦੇ ਵਿਰੁੱਧ ਕੋਈ ਸਖ਼ਤ ਕਦਮ ਉਠਾਇਆ। ਉਹ ਆਪਣੀ ਸ਼ਕਤੀ ਦ੍ਰਿੜ ਕਰਨਾ ਚਾਹੁੰਦਾ ਸੀ ਅਤੇ ਮਰਾਠਿਆਂ ਵਿਰੁੱਧ ਰਾਜਪੂਤਾਂ ਦਾ ਸਹਿਯੋਗ ਚਾਹੁੰਦਾ ਸੀ। ਪਰੰਤੂ ਵੀਹ ਸਾਲਾਂ ਬਾਅਦ ਉਸਨੇ ਰਾਜਪੂਤਾਂ ਪ੍ਰਤੀ ਕਠੋਰ ਨੀਤੀ ਅਪਨਾਈ। ਉਸਨੇ ਜੈ ਸਿੰਘ ਨੂੰ ਜ਼ਹਿਰ ਦੇ ਕੇ ਮਰਵਾ ਦਿੱਤਾ ਅਤੇ ਜਸਵੰਤ ਸਿੰਘ ਨੂੰ ਅਟਕ ਤੋਂ ਪਾਰ ਮੌਤ ਦੇ ਮੂੰਹ ਵੱਲ ਭੇਜ ਦਿੱਤਾ।

**(i)** **ਮਾਰਵਾੜ** :- ਜਸਵੰਤ ਸਿੰਘ ਦਾ 10 ਦਸੰਬਰ 1678 ਈ. ਨੂੰ ਜਮਰੌਦ ਵਿਖੇ ਦੇਹਾਂਤ ਹੋ ਗਿਆ। ਔਰੰਗਜ਼ੇਬ ਇਹ ਖਬਰ ਸੁਣ ਕੇ ਖੁਸ਼ ਹੋਇਆ ਅਤੇ ਉਸਨੇ ਮਾਰਵਾੜ ਤੇ ਕਬਜ਼ਾ ਕਰਨ ਦੀ ਤਿਆਰੀਆਂ ਕਰ ਲਈਆਂ। 9 ਜਨਵਰੀ 1679 ਈ. ਨੂੰ ਔਰੰਗਜ਼ੇਬ ਆਪ ਅਜਮੇਰ ਗਿਆ ਅਤੇ 7 ਫਰਵਰੀ ਨੂੰ

ਉਸ ਨੇ ਖਾਨ ਜਹਾਨ ਬਹਾਦਰ ਦੀ ਅਗਵਾਈ ਹੇਠ ਮਾਰਵਾੜ ਉੱਤੇ ਅਧਿਕਾਰ ਕਰਨ ਲਈ ਸੈਨਾ ਭੇਜੀ। ਮੁਗਲ ਸੈਨਾ ਨੇ ਜੋਧਪੁਰ ਅਤੇ ਮਰਵਾੜ ਦੇ ਮੰਦਰਾਂ ਨੂੰ ਨਸ਼ਟ ਕਰ ਦਿੱਤਾ। ਖਾਨ ਜਹਾਨ ਨੇ ਸਵਰਗਵਾਸੀ ਜਸਵੰਤ ਸਿੰਘ ਦੀ ਸਾਰੀ ਜਾਇਦਾਦ ਉੱਤੇ ਕਬਜ਼ਾ ਕਰ ਲਿਆ। ਨਾਗੌਰ ਰਿਆਸਤ ਦੇ ਸਰਦਾਰ ਇੰਦਰ ਸਿੰਘ ਤੋਂ 36 ਲੱਖ ਰੁਪਏ ਲੈ ਕੇ ਮਾਰਵਾੜ ਦਾ ਨਾਂ ਮਾਤਰ ਸ਼ਾਸਨ ਘੋਸ਼ਿਤ ਕਰ ਦਿੱਤਾ। ਔਰੰਗਜ਼ੇਬ ਨੇ ਰਾਜਪੂਤਾਂ ਅਤੇ ਹਿੰਦੂਆਂ ਤੋਂ ਜ਼ਜ਼ੀਆ ਵਸੂਲਣਾ ਸ਼ੁਰੂ ਕਰ ਦਿਤਾ। ਇਸੇ ਸਮੇਂ ਦੌਰਾਨ ਜਸਵੰਤ ਸਿੰਘ ਦੀਆਂ ਦੋ ਵਿਧਵਾ ਰਾਣੀਆਂ ਨੇ ਜਮਰੌਦ ਤੋਂ ਲਾਹੌਰ ਪਹੁੰਚਣ ਤੇ ਦੋ ਪੁੱਤਰਾਂ ਨੂੰ ਜਨਮ ਦਿੱਤਾ। ਇਨ੍ਹਾਂ ਵਿੱਚ ਇੱਕ ਦਾ ਤਾਂ ਦੇਹਾਂਤ ਹੋ ਗਿਆ ਅਤੇ ਦੂਜਾ ਅਜੀਤ ਸਿੰਘ ਜੀਉਂਦਾ ਰਿਹਾ। ਉਸ ਸਮੇਂ ਕੁਝ ਰਾਜਪੂਤ ਦੋਹਾਂ ਰਾਣੀਆਂ ਅਤੇ ਅਜੀਤ ਸਿੰਘ ਨੂੰ ਦਿੱਲੀ ਲੈ ਗਏ। ਜਿੱਥੇ ਔਰੰਗਜ਼ੇਬ ਅੱਗੇ ਬੇਨਤੀ ਕੀਤੀ ਕਿ ਅਜੀਤ ਸਿੰਘ ਨੂੰ ਮਾਰਵਾੜ ਦਾ ਸ਼ਾਸਕ ਮੰਨ ਲਿਆ ਜਾਏ। ਪਰੰਤੂ ਬਾਦਸ਼ਾਹ ਨੇ ਦੋਹਾਂ ਰਾਣੀਆਂ ਅਤੇ ਅਜੀਤ ਸਿੰਘ ਨੂੰ ਕੈਦ ਕਰ ਲਿਆ। ਉਹ ਚਾਹੁੰਦਾ ਸੀ ਕਿ ਅਜੀਤ ਸਿੰਘ ਦਾ ਪਾਲਣ-ਪੋਸ਼ਣ ਮੁਗਲ ਰਾਜਕੁਮਾਰਾਂ ਵਾਂਗ ਕੀਤਾ ਜਾਏ। ਪਰੰਤੂ ਰਾਜਪੂਤ ਕ੍ਰੋਧਿਤ ਹੋ ਉਠੇ, ਉਹ ਚਾਹੁੰਦੇ ਸਨ ਕਿ ਦੋਹਾਂ ਰਾਣੀਆਂ ਅਤੇ ਅਜੀਤ ਸਿੰਘ ਨੂੰ ਰਿਹਾ ਕਰਵਾਇਆ ਜਾਏ। ਇਹ ਕੰਮ ਦੁਰਗਾ ਦਾਸ ਰਾਠੌਰ ਜੋ ਜਸਵੰਤ ਸਿੰਘ ਦੇ ਮੰਤਰੀ ਅਸਕਰਣ ਦਾ ਪੁੱਤਰ ਸੀ ; ਨੂੰ ਸੌਂਪਿਆ ਗਿਆ। ਦੁਰਗਾ ਦਾਸ ਨੇ ਯੋਜਨਾ ਬਣਾਈ ਜਿਸ ਅਧੀਨ ਰਘੂਨਾਥ ਭੱਦੀ ਦੀ ਅਗਵਾਈ ਹੇਠ ਇੱਕ ਸੌ ਬਹਾਦਰ ਰਾਜਪੂਤ ਸੈਨਿਕਾਂ ਨੇ ਕੈਦ ਖਾਨੇ ਤੇ ਹਲੱਾ ਬੋਲ ਦਿੱਤਾ। ਇਸ ਗੜਬੜ ਦੀ ਹਾਲਤ ਦਾ ਫਾਇਦਾ ਉਠਾਂਦਿਆਂ ਦੁਰਗਾ ਦਾਸ ਨੇ ਦੋਹਾਂ ਰਾਣੀਆਂ ਅਤੇ ਅਜੀਤ ਸਿੰਘ ਨੂੰ ਪੁਰਸ਼ਾਂ ਦੇ ਜੋਧਾ ਅਤੇ ਉਸਦੇ ਬਹਾਦਰ ਸਾਥੀਆਂ ਨੇ ਮੁਗਲ ਸੈਨਿਕਾਂ ਦਾ ਟਾਕਰਾ ਕੀਤਾ ਜੋ ਪਿੱਛਾ ਕਰ ਰਹੇ ਸਨ। 23 ਜੁਲਾਈ 1679 ਨੂੰ ਅਜੀਤ ਸਿੰਘ ਅਤੇ ਦੋਨੋਂ ਰਾਣੀਆਂ ਨਾਲ ਦੁਰਗਾ ਦਾਸ ਜੋਧਪੁਰ ਪਹੁੰਚਿਆ। ਜਦੋਂ ਬਾਦਸ਼ਾਹ ਨੂੰ ਇਸ ਘਟਨਾ ਦਾ ਪੱਤਾ ਲਗੱਾ ਤਾਂ ਉਸਨੂੰ ਬੜੀ ਨਿਰਾਸ਼ਾ ਹੋਈ। ਉਸਨੇ ਐਲਾਨ ਕੀਤਾ ਕਿ ਅਸਲੀ ਪੁੱਤਰ ਸ਼ਾਹੀ ਹਰਮ ਵਿੱਚ ਸੀ ਅਤੇ ਦੁਰਗਾ ਦਾਸ ਨਕਲੀ ਬਚੱਾ ਲੈ ਗਿਆ ਹੈ। ਪਰੰਤੂ ਮਾਰਵਾੜ ਦੀ ਪਰਜਾ ਨੇ ਅਜੀਤ ਸਿੰਘ ਨੂੰ ਆਪਣਾ ਸ਼ਾਸਕ ਮੰਨਿਆ ਅਤੇ ਮੁਗਲਾਂ ਵਿਰੁੱਧ ਹਥਿਆਰ ਚੁੱਕ ਲਏ। ਸਤੰਬਰ 1679 ਈ. ਵਿੱਚ ਸ਼ਹਿਜ਼ਾਦਾ ਅਕਬਰ ਦੀ ਅਗਵਾਈ ਹੇਠ ਇੱਕ ਵਿਸ਼ਾਲ ਸੈਨਾ ਭੇਜੀ। ਅਜਮੇਰ ਦੇ ਸੂਬੇਦਾਰ ਤਹਿਵੂਰ ਖਾਂ ਨੂੰ ਸ਼ਹਿਜ਼ਾਦੇ ਦੀ ਸਹਾਇਤਾ ਲਈ ਭੇਜਿਆ। ਪੁਸ਼ਕਰ ਦੇ ਨੇੜੇ ਇੱਕ ਘਮਾਸਾਨ ਲੜਾਈ ਹੋਈ ਜਿਸ ਵਿੱਚ ਰਾਜਪੂਤ ਹਾਰ ਗਏ। ਮਾਰਵਾੜ ਦੇ ਸਾਰੇ ਇਲਾਕਿਆਂ ਉੱਤੇ ਮੁਗਲਾਂ ਦਾ ਅਧਿਕਾਰ ਹੋ ਗਿਆ। ਪਰੰਤੂ ਔਰੰਗਜ਼ੇਬ ਨੂੰ ਇਹ ਜਾਣ ਕੇ ਨਿਰਾਸ਼ਾ ਹੋਈ ਕਿ ਦੁਰਗਾ ਦਾਸ ਅਤੇ ਅਜੀਤ ਸਿੰਘ ਭਜੱਣ ਵਿੱਚ ਸਫ਼ਲ ਹੋ ਗਏ ਸਨ। ਮਾਰਵਾੜ ਦੇ ਰਾਜਪੂਤ ਆਲੇ-ਦੁਆਲੇ ਦੇ ਪਹਾੜਾਂ ਤੇ ਜੰਗਲਾਂ ਵਿੱਚ ਛਿਪ ਗਏ ਤੇ ਦੁਸ਼ਮਣਾਂ ਨਾਲ ਗੁਰੀਲਾ-ਯੁੱਧ ਕਰਦੇ ਰਹੇ।

**(ii)** **ਮੇਵਾੜ ਦਾ ਯੁੱਧ ਵਿੱਚ ਭਾਗ ਲੈਣਾ** :- ਮਾਰਵਾਨ ਉੱਤੇ ਮੁਗਲਾਂ ਦੁਆਰਾ ਕੀਤੇ ਗਏ ਜ਼ੁਲਮਾਂ ਦੀ ਖ਼ਬਰ ਸੁਣਕੇ ਮੇਵਾੜ ਦੇ ਸ਼ਾਸਕ ਮਹਾਰਾਣਾ ਰਾਜ ਸਿੰਘ ਨੂੰ ਇਹ ਡਰ ਸਤਾਉਣ ਲਗੱਾ ਕਿ ਔਰੰਗਜ਼ੇਬ ਦਾ ਅਗਲਾ ਨਿਸ਼ਾਨਾ ਮੇਵਾੜ ਹੋਵੇਗਾ। ਉਸਨੇ ਇਹ ਅਨੁਭਵ ਕੀਤਾ ਕਿ ਇਸ ਹਾਲਤ ਵਿੱਚ ਜੇਕਰ ਸਿਸੋਦੀਆਂ ਨੇ ਰਾਠੌਰਾਂ ਦਾ ਸਾਥ ਨਾ ਦਿੱਤਾ ਤਾਂ ਮਾਰਵਾੜ ਤੇ ਮੇਵਾੜ ਦੋਵਾਂ ਨੂੰ ਹੀ ਇੱਕ-ਇੱਕ ਕਰਕੇ ਕੁਚਲ ਦਿੱਤਾ ਜਾਏਗਾ ਅਤੇ ਰਾਜਪੂਤਾਨੇ ਤੇ ਮੁਗਲਾਂ ਦਾ ਅਧਿਕਾਰ ਹੋ ਜਾਏਗਾ। ਇਸ ਸਮੇਂ ਮਾਰਵਾੜ ਦੀ ਰਾਣੀ ਜੋ ਮੇਵਾੜ ਦੀ ਰਾਜਕੁਮਾਰੀ ਵੀ ਸੀ ਨੇ ਰਾਣਾ ਰਾਜ ਸਿੰਘ ਤੋਂ ਸਹਾਇਤਾ ਦੀ ਮੰਗ ਕੀਤੀ। ਔਰੰਗਜ਼ੇਬ ਨੇ ਰਾਣਾ ਤੋਂ ਜ਼ਜ਼ੀਆ ਮੰਗਿਆ ਸੀ ਅਤੇ ਅਨੇਕਾਂ ਹਿੰਦੂ ਮੰਦਰ ਢਾਹ ਕੇ ਉਨ੍ਹਾਂ ਦੇ ਜਜ਼ਬਾਤ ਉੱਤੇ ਹੋਰ ਵੀ ਕੜੀ ਸੱਟ ਮਾਰੀ ਸੀ। ਇਸ ਲਈ ਇੱਕ ਖਰੇ ਸਿਸੋਦੀਏ ਵਾਂਗ ਉਸ ਨੇ ਰਾਠੌਰਾਂ ਨਾਲ ਮਿਲ ਕੇ ਸਾਂਝਾ ਮੁਹਾਜ਼ ਬਣਾ ਲਿਆ। ਔਰੰਗਜ਼ੇਬ ਨੇ ਹਸਨ ਅਲੀ ਖਾਂ ਦੀ ਅਗਵਾਈ ਹੇਠ 7000 ਦੀ ਸੈਨਾ ਮੇਵਾੜ ਵਿਰੁੱਧ ਭੇਜ ਦਿੱਤੀ ਅਤੇ ਰਾਣਾ ਨੇ ਅਤੇ ਚਿਤੌੜ ਦੇ ਪ੍ਰਸਿੱਧ ਕਿਲ੍ਹੇ ਉੱਤੇ ਕਬਜ਼ਾ ਕਰ

ਲਿਆ। ਸ਼ਹਿਜ਼ਾਦਾ ਅਕਬਰ ਨੂੰ ਚਿਤੌੜ ਵਿੱਚ 12,000 ਸੈਨਿਕਾਂ ਸਹਿਤ ਛੱਡ ਕੇ, ਔਰੰਗਜ਼ੇਬ 22 ਮਾਰਚ 1680 ਈ. ਨੂੰ ਅਜਮੇਰ ਚਲਾ ਗਿਆ। ਇਸ ਨਾਲ ਰਾਜਪੂਤਾਂ ਤੇ ਹੌਸਲੇ ਵੱਧ ਗਏ। ਮਹਾਰਾਣਾ ਰਾਜ ਸਿੰਘ ਅਤੇ ਉਸਦੇ ਪੁੱਤਰ ਭੀਮ ਸਿੰਘ ਨੇ ਕਈ ਮੁਗਲ ਸੈਨਿਕ ਚੌਕੀਆਂ ਉੱਤੇ ਕਬਜ਼ਾ ਕੀਤਾ ਅਤੇ ਸ਼ਹਿਜ਼ਾਦਾ ਅਕਬਰ ਨੂੰ ਵੀ ਹਰਾਇਆ। ਜਦੋਂ ਔਰੰਗਜ਼ੇਬ ਨੂੰ ਸਥਿਤੀ ਬਾਰੇ ਪਤਾ ਲਗਾ ਤਾਂ ਸ਼ਹਿਜ਼ਾਦਾ ਮੁਅਜ਼ਮ ਨੂੰ ਮੇਵਾੜ ਦੀ ਹਾਲਤ ਸੁਧਾਰਨ ਲਈ ਭੇਜ ਦਿੱਤਾ ਅਤੇ ਅਕਬਰ ਨੂੰ ਮਾਰਵਾੜ ਵਿੱਚ ਬਦਲ ਦਿੱਤਾ। ਸ਼ਹਿਜ਼ਾਦਾ ਅਕਬਰ ਨੂੰ ਮਾਰਵਾੜ ਵਿੱਚ ਵੀ ਵਿਸ਼ੇਸ਼ ਸਫ਼ਲਤਾ ਪ੍ਰਾਪਤ ਨਾ ਹੋਈ। ਰਾਠੌਰ ਰਾਜਪੂਤ ਉਸਨੂੰ ਗੁਰੀਲਾ ਯੁੱਧ ਪ੍ਰਣਾਲੀ ਨਾਲ ਤੰਗ ਕਰਦੇ ਰਹੇ। ਅੰਤ ਸ਼ਹਿਜ਼ਾਦਾ ਅਕਬਰ ਨੇ ਰਾਜਪੂਤਾਂ ਨਾਲ ਗੱਠਜੋੜ ਕਰ ਲਿਆ ਅਤੇ ਆਪਣੇ ਆਪ ਨੂੰ 11 ਜਨਵਰੀ 1681 ਈ. ਨੂੰ ਸਮਰਾਟ ਘੋਸ਼ਿਤ ਕਰ ਦਿੱਤਾ ਅਤੇ ਤਹਿਵੂਰ ਖਾਂ ਨੂੰ ਆਪਣਾ ਪ੍ਰਧਾਨ ਮੰਤਰੀ ਨਿਯੁਕਤ ਕੀਤਾ। ਔਰੰਗਜ਼ੇਬ ਤੋਂ ਬਾਦਸ਼ਾਹ ਦਾ ਤਾਜ ਖੋਹਣ ਲਈ ਅਕਬਰ ਨੇ ਅਜਮੇਰ ਵੱਲ ਕੂਚ ਕੀਤਾ। ਪਰੰਤੂ ਸ਼ਹਿਜ਼ਾਦੇ ਨੇ ਅਜਮੇਰ ਪਹੁੰਚਣ ਵਿੱਚ ਹੀ 15 ਦਿਨ ਲਗਾ ਦਿੱਤੇ ਜਿਸ ਨਾਲ ਔਰੰਗਜ਼ੇਬ ਨੂੰ ਸਮਾਂ ਮਿਲ ਗਿਆ ਤੇ ਉਸਨੇ ਵਿਸ਼ਾਲ ਸੈਨਾ ਇਕੱਠ ਕਰ ਲਈ। ਔਰੰਗਜ਼ੇਬ ਨੇ ਤਹਿਵੂਰ ਖਾਂ ਨੂੰ ਸ਼ਾਹੀ ਕੈਂਪ ਵਿੱਚ ਬੁਲਵਾ ਕੇ ਕਤਲ ਕਰਵਾ ਦਿੱਤਾ ਅਤੇ ਰਾਜਪੂਤਾਂ ਤੇ ਸ਼ਹਿਜ਼ਾਦੇ ਵਿੱਚ ਸ਼ਕ ਅਤੇ ਗਲਤਫ਼ਹਿਮੀ ਪੈਦਾ ਕਰਨ ਲਈ ਚਾਲ ਚਲੀ। ਔਰੰਗਜ਼ੇਬ ਨੇ ਸ਼ਹਿਜ਼ਾਦਾ ਅਕਬਰ ਨੂੰ ਇੱਕ ਚਿੱਠੀ ਭੇਜੀ ਜਿਸ ਵਿੱਚ ਉਸਨੂੰ ਵਧਾਈ ਦਿੱਤੀ ਕਿ ਤੂੰ ਬੜੀ ਚੁਤਰਾਈ ਕੀਤੀ ਹੈ ਜੋ ਰਾਜਪੂਤਾਂ ਨੂੰ ਮੌਤ ਦੇ ਮੂੰਹ ਵਿੱਚ ਘੇਰ ਲਿਆਂਦਾ ਹੈ ਔਰੰਗਜ਼ੇਬ ਦੀ ਚਲੀ ਹੋਈ ਚਾਲ ਮੁਤਾਬਿਕ ਇਹ ਚਿੱਠੀ ਰਾਜਪੂਤਾਂ ਦੇ ਹੱਥ ਲੱਗ ਗਈ। ਇਸ ਨਾਲ ਬਹੁਤ ਸਾਰੇ ਰਾਜਪੂਤ ਸ਼ਹਿਜ਼ਾਦੇ ਦੇ ਸਾਥ ਛੱਡ ਗਏ। ਛੇਤੀ ਹੀ ਪਿਛੋ ਦੁਰਗਾ ਦਾਸ ਨੂੰ ਪਤਾ ਲੱਗ ਗਿਆ ਕਿ ਇਹ ਸਾਰੀ ਔਰੰਗਜ਼ੇਬ ਦੀ ਚਾਲ ਸੀ। ਉਹ ਸ਼ਹਿਜ਼ਾਦੇ ਅਕਬਰ ਦੀ ਰੱਖਿਆ ਲਈ ਉਸ ਨੂੰ ਮਹਾਰਾਸ਼ਟਰ ਵਿੱਚ ਸ਼ਿਵਾਜੀ ਦੇ ਪੁੱਤਰ ਸ਼ੰਭਾਜੀ ਦੀ ਸ਼ਰਨ ਵਿੱਚ ਲੈ ਗਿਆ। ਉਥੋ ਉਹ ਦੱਖਣ ਤੋਂ ਈਰਾਨ ਨੂੰ ਨੱਸ ਗਿਆ ਤੇ 1704 ਈ ਵਿੱਚ ਉਸ ਦੀ ਮੌਤ ਹੋ ਗਈ।

**(iii)** **ਮੇਵਾੜ ਨਾਲ ਸੰਧੀ** :– ਸ਼ਹਿਜ਼ਾਦਾ ਆਜ਼ਮ ਨੇ ਮੇਵਾੜ ਦੀ ਸ਼ਕਤੀ ਨੂੰ ਕੁਚਲ ਦੇਣ ਦਾ ਫੈਸਲਾ ਕੀਤਾ। ਉਸਨੇ ਦਿਆਲ ਦਾਸ ਦੀ ਅਗਵਾਈ ਹੇਠ ਮੇਵਾੜ ਦੀ ਸੈਨਾ ਨੂੰ ਕਰਾਰੀ ਹਾਰ ਦਿੱਤੀ ਪਰੰਤੂ ਇਸੇ ਸਮੇਂ ਸ਼ਹਿਜ਼ਾਦਾ ਅਕਬਰ ਦੀ ਬਗਾਵਤ ਦੀ ਖ਼ਬਰ ਮਿਲੀ। ਸਾਰਾ ਧਿਆਨ ਬਗਾਵਤ ਵੱਲ ਹੋ ਗਿਆ ਅਤੇ ਮੇਵਾੜ ਵਿਰੁੱਧ ਕਾਰਵਾਈ ਵਿੱਚ ਢਿੱਲ ਆ ਗਈ। ਮਹਾਰਾਣਾ ਰਾਜ ਸਿੰਘ ਦੀ 1 ਨਵੰਬਰ 1680 ਈ. ਨੂੰ ਮੌਤ ਹੋ ਗਈ ਸੀ ਅਤੇ ਉਸਦੇ ਪੁੱਤਰ ਜੈ ਸਿੰਘ ਨੇ ਮੁਗਲਾਂ ਨਾਲ ਸਮਝੌਤਾ ਕਰਨ ਦੀ ਇੱਛਾ ਪ੍ਰਗਟ ਕੀਤੀ। ਸਿੱਟੇ ਵਜੋਂ 24 ਜੂਨ 1681 ਈ. ਨੂੰ ਦੋਹਾਂ ਪਖਾਂ ਵਿੱਚ ਉਦੈਪੁਰ ਦੀ ਸੰਧੀ ਜਿਸ ਅਨੁਸਾਰ :–

1. ਜੈ ਸਿੰਘ ਨੂੰ ਮੇਵਾੜ ਦਾ ਮਹਾਰਾਣਾ ਮੰਨ ਲਿਆ ਗਿਆ।
2. ਮਹਾਰਾਣਾ ਨੇ ਮੁਗਲ ਬਾਦਸ਼ਾਹ ਦੀ ਅਧੀਨਤਾ ਸਵੀਕਾਰ ਕਰ ਲਈ ਅਤੇ ਉਸਨੂੰ ਮੁਗਲ ਸੇਵਾ ਵਿੱਚ 5000 ਦਾ ਮਨਸਬਦਾਰ ਬਣਾ ਦਿੱਤਾ।
3. ਮੁਗਲਾਂ ਨੇ ਮੇਵਾੜ ਦੇ ਇਲਾਕਿਆਂ ਤੋਂ ਆਪਣੀਆਂ ਸਾਰੀਆਂ ਸੈਨਾਵਾਂ ਹੱਟਾ ਲਈਆਂ।
4. ਮਹਾਰਾਣਾ ਨੇ ਜਜ਼ੀਆਂ ਕਰ ਦੇ ਬਦਲੇ ਮੁਗਲਾਂ ਨੂੰ ਮੰਡਲਪੁਰ ਅਤੇ ਬੇਦਨੋਰ ਦੇ ਦੋ ਪਰਗਨੇ ਦੇ ਦਿੱਤੇ।
5. ਮਹਾਰਾਣਾ ਚਿਤੌੜ ਦੇ ਕਿਲ੍ਹੇ ਦੀ ਮੁਰੰਮਤ ਨਹੀਂ ਕਰੇਗਾ।
6. ਮਹਾਰਾਣਾ ਨੇ ਵਚਨ ਦਿੱਤਾ ਕਿ ਉਹ ਮੁਗਲ ਸਾਮਰਾਜ ਵਿਰੁੱਧ ਰਾਠੌਰ ਰਾਜਪੂਤਾਂ ਦੀ ਮਦਦ ਨਹੀਂ ਕਰੇਗਾ।

ਮਾਰਵਾੜ ਦੀ ਰਿਆਸਤ ਦੇ ਦੁਰਗਾ ਦਾਸ ਅਤੇ ਅਜੀਤ ਸਿੰਘ ਦਾ ਮੁਗਲਾਂ ਵਿਰੁੱਧ ਸੰਘਰਸ਼ ਜ਼ਾਰੀ ਰਿਹਾ। 1698 ਈ. ਵਿੱਚ ਮੁਗਲਾਂ ਨੇ ਰਾਠੌਰ ਰਾਜਪੂਤਾਂ ਨਾਲ ਸਮਝੌਤਾ ਕਰ ਲਿਆ। ਪਰੰਤੂ 1701 ਈ. ਵਿੱਚ

ਦੁਰਗਾ ਦਾਸ ਅਤੇ ਅਜੀਤ ਸਿੰਘ ਨੇ ਵਿਦਰੋਹ ਕਰ ਦਿੱਤਾ ਅਤੇ ਇਹ ਵਿਦਰੋਹ 1707 ਈ. ਵਿੱਚ ਔਰੰਗਜ਼ੇਬ ਦੀ ਮੌਤ ਤੱਕ ਚਲਿਆ। 16 ਮਾਰਚ 1707 ਈ. ਨੂੰ ਜੋਧਪੁਰ ਦੇ ਮੁਗਲ ਸੂਬੇਦਾਰ ਜ਼ਾਫਰ ਕੁਲੀ ਨੂੰ ਹਰਾ ਕੇ ਭਜਾ ਦਿੱਤਾ ਅਤੇ ਅਜੀਤ ਸਿੰਘ ਆਪਣੇ ਪਿਤਾ ਦੀ ਰਾਜਗੱਦੀ ਉੱਤੇ ਬੈਠਾ।

**ਅਭਿਆਸ ਲਈ ਪ੍ਰਸ਼ਨ**

(i) ਸ਼ਾਹਜਹਾਂ ਦੇ ਰਾਜਪੂਤਾਂ ਨਾਲ ਕਿਹੋ ਜਿਹੇ ਸੰਬੰਧ ਸਨ?

(ii) ਔਰੰਗਜ਼ੇਬ ਨੇ ਆਪਣੇ ਰਾਜਕਾਲ ਦੌਰਾਨ ਰਾਜਪੂਤਾਂ ਨਾਲ ਕਿਹੋ ਜਿਹੀ ਨੀਤੀ ਅਪਣਾਈ?

(iii) ਉਦੈਪੁਰ ਦੀ ਸੰਧੀ ਕਦੋਂ ਅਤੇ ਕਿਸ ਵਿੱਚਕਾਰ ਹੋਈ?

(iv) ਦੁਰਗਾ ਦਾਸ ਕੌਣ ਸੀ?

8. **ਸਾਰਾਂਸ਼** :

ਹਿੰਦੋਸਤਾਨ ਵਿੱਚ ਮੁਗਲ ਸਾਮਰਾਜ ਦੀ ਨੀਂਹ ਬਾਬਰ ਨੇ ਪਾਨੀਪਤ ਦੀ ਪਹਿਲੀ ਲੜਾਈ ਉਪਰੰਤ ਰੱਖੀ। ਉਸ ਸਮੇਂ ਹਿੰਦੋਸਤਾਨ ਵੱਖ-ਵੱਖ ਭਾਗਾਂ ਵਿੱਚ ਵੰਡਿਆ ਹੋਇਆ ਸੀ ਅਤੇ ਰਿਆਸਤਾਂ ਆਪਣੇ ਸਵਾਰਥੀ ਹਿੱਤਾਂ ਲਈ ਆਪਸ ਵਿੱਚ ਲੜ ਰਹੀਆਂ ਸਨ। ਰਾਜਪੂਤਾਨਾਂ ਦੇ ਰਾਜਪੂਤ ਜੋ ਆਪਣੀ ਦਲੇਰੀ ਅਤੇ ਬਹਾਦਰੀ ਤੇ ਗੁਣਾਂ ਲਈ ਪ੍ਰਸਿੱਧ ਸਨ ਮੇਵਾੜ ਦੇ ਰਾਣਾ ਸਾਂਗਾ ਅਧੀਨ ਹਿੰਦੂ ਰਾਜ ਸਥਾਪਿਤ ਕਰਨਾ ਚਾਹੁੰਦੇ ਸਨ। ਪਰੰਤੂ ਜਦੋਂ ਕੇਂਦਰ ਵਿੱਚ ਮੁਸਲਿਮ ਰਾਜ ਸਥਾਪਿਤ ਹੋ ਗਿਆ ਤਾਂ ਉਨ੍ਹਾਂ ਮੁਗਲਾਂ ਨਾਲ ਟੱਕਰ ਲਈ। ਬਾਬਰ ਨੇ ਕਨਵਾਹ ਅਤੇ ਚੰਦੇਰੀ ਦੀ ਲੜਾਈ ਵਿੱਚ ਰਾਜਪੂਤਾਂ ਨੂੰ ਹਰਾਇਆ। ਹੁਮਾਯੂੰ ਨੇ ਵੀ ਆਪਣੇ ਪਿਤਾ ਦੀ ਨੀਤੀ ਜਾਰੀ ਰੱਖੀ। ਪਰੰਤੂ ਜਦੋਂ ਅਕਬਰ ਨੇ ਮੁਗਲ ਸਾਮਰਾਜ ਦੀ ਵਾਗਡੋਰ ਆਪਣੇ ਹਥੱਾਂ ਵਿੱਚ ਲਈ ਤਾਂ ਉਸਨੂੰ ਆਪਣੇ ਹੀ ਸਕੇ -ਸੰਬੰਧੀਆਂ ਦੇ ਵਿਦਰੋਹ ਦਾ ਸਾਹਮਣਾ ਕਰਨਾ ਪਿਆ। ਉਹ ਚੰਗੀ ਤਰ੍ਹਾਂ ਸਮਝਦਾ ਸੀ ਕਿ ਸ਼ਕਤੀਸ਼ਾਲੀ ਰਾਜਪੂਤ ਸੈਨਾਵਾਂ ਦੇ ਸਹਿਯੋਗ ਤੋਂ ਬਿਨਾਂ ਮੁਗਲ ਸਾਮਰਾਜ ਦਾ ਵਿਸਥਾਰ ਅਤੇ ਸੁਰੱਖਿਆ ਸੰਭਵ ਨਹੀਂ। ਇਸ ਲਈ ਅਕਬਰ ਨੇ ਜਿਥੋਂ ਤੱਕ ਹੋ ਸਕਿਆ ਰਾਜਪੂਤਾਂ ਨਾਲ ਮਿਤਰਤਾਪੂਰਣ ਸੰਬੰਧ ਕਾਇਮ ਕੀਤੇ। ਜਹਾਂਗੀਰ ਅਤੇ ਸ਼ਾਹਜ਼ਹਾਂ ਨੇ ਵੀ ਅਕਬਰ ਦੁਆਰਾ ਅਪਣਾਈ ਗਈ ਨੀਤੀ ਤੇ ਹੀ ਚਲਕੇ ਰਾਜ ਕੀਤਾ। ਪਰੰਤੂ ਔਰੰਗਜ਼ੇਬ ਕਟੱੜ ਸੁਨੀ ਮੁਸਲਮਾਨ ਸੀ। ਉਹ ਹਿੰਦੋਸਤਾਨ ਵਿੱਚ ਇਸਲਾਮ ਦਾ ਪ੍ਰਚਾਰ ਕਰਨਾ ਚਾਹੁੰਦਾ ਸੀ। ਉਸਨੇ ਆਪਣੇ ਸ਼ਾਸਨ ਕਾਲ ਦੇ ਪਹਿਲੇ ਵੀਹ ਸਾਲ ਰਾਜਪੂਤਾਂ ਨਾਲ ਚੰਗੇ ਸੰਬੰਧ ਸਥਾਪਿਤ ਰੱਖੇ ਪਰੰਤੂ ਆਪਣੀ ਸ਼ਕਤੀ ਦ੍ਰਿੜ ਕਰਨ ਤੋਂ ਬਾਅਦ ਰਾਜਪੂਤਾਂ ਵਿਰੁੱਧ ਕਠੋਰ ਨੀਤੀ ਅਪਣਾਈ। ਉਸ ਸਮੇਂ ਦੇ ਦੋ ਪ੍ਰਸਿੱਧ ਰਾਜਪੂਤ ਸਰਦਾਰ ਰਾਜਾ ਜੈ ਸਿੰਘ ਨੂੰ ਜ਼ਹਿਰ ਦੇ ਕੇ ਮਰਵਾ ਦਿੱਤਾ ਅਤੇ ਮਾਰਵਾੜ ਦੇ ਜਸਵੰਤ ਸਿੰਘ ਨੂੰ ਅਟਕ ਤੋ ਪਾਰ ਮੌਤ ਦੇ ਮੂੰਹ ਵੱਲ ਭੇਜ ਦਿੱਤਾ। ਉਸਨੇ ਰਾਜਪੂਤਾਨਾਂ ਦੀਆਂ ਰਿਆਸਤਾਂ ਪ੍ਰਤੀ ਯੁੱਧ ਦੀ ਨੀਤੀ ਅਪਣਾਈ ਜਿਸ ਦੇ ਕਈ ਭਿਆਨਕ ਸਿੱਟੇ ਵੀ ਨਿਕਲੇ। ਇਸ ਯੁੱਧ ਨੀਤੀ ਕਾਰਨ ਰਾਜਪੂਤ ਔਰੰਗਜ਼ੇਬ ਵਿਰੁਧ ਹੋ ਗਏ ਅਤੇ ਜਿਥੇ ਉਨ੍ਹਾਂ ਨੇ ਅਕਬਰ ਨੂੰ ਸਾਮਰਾਜ ਦੇ ਵਿਸਥਾਰ ਵਿੱਚ ਯੋਗਦਾਨ ਪਾਇਆ ਸੀ ਹੁਣ ਉਹ ਮੁਗਲਾਂ ਦਾ ਸਾਥ ਛੱਡ ਗਏ। ਉਨ੍ਹਾਂ ਮੁਗਲਾਂ ਪ੍ਰਤੀ ਅਪਣਾ ਸੰਘਰਸ਼ ਜ਼ਾਰੀ ਰੱਖਿਆ ਜਿਸ ਨਾਲ ਮਾਲਵਾ ਤੇ ਗੁਜਰਾਤ ਦੇ ਇਲਾਕਿਆਂ ਵਿੱਚ ਅਸ਼ਾਂਤੀ ਬਣੀ ਰਹੀ। ਆਰਥਿਕ ਪੱਖ ਤੋਂ ਵੀ ਮੁਗਲਾਂ ਨੂੰ ਨੁਕਸਾਨ ਉਠਾਣਾ ਪਿਆ। ਰਾਜਪੂਤਾਂ ਵਿਰੁੱਧ ਮੁਹਿੰਮਾ ਉੱਤੇ ਸ਼ਾਹੀ ਖਜ਼ਾਨੇ ਵਿਚੋਂ ਅਪਾਰ ਧਨ ਖਰਚ ਹੋਣ ਲਗੱਾ। ਔਰੰਗਜ਼ੇਬ ਦੀ ਇਹ ਯੁੱਧ ਨੀਤੀ ਮੁਗਲ ਸਾਮਰਾਜ ਦੇ ਵਿਘਟਨ ਦਾ ਵੀ ਕਾਰਣ ਸਿੱਧ ਹੋਈ।

9. **ਅਭਿਆਸ ਲਈ ਛੋਟੇ ਪ੍ਰਸ਼ਨ** :

(i) ਪਾਨੀਪਤ ਦੀ ਪਹਿਲੀ ਲੜਾਈ ਕਦੋਂ ਅਤੇ ਕਿਸ ਵਿਚਕਾਰ ਹੋਈ?

(ii) ਹਲਦੀਘਾਟੀ ਦੀ ਲੜਾਈ ਕਦੋਂ ਅਤੇ ਕਿਸ ਵਿੱਚਕਾਰ ਹੋਈ?

(iii) ਅਕਬਰ ਨੇ ਕਿਹੜੀਆਂ ਰਾਜਪੂਤ ਰਿਆਸਤਾਂ ਨੂੰ ਯੁੱਧ ਨੀਤੀ ਨਾਲ ਆਪਣੇ ਸਾਮਰਾਜ ਵਿੱਚ ਸ਼ਾਮਿਲ ਕੀਤਾ?

(iv) ਸ਼ਹਿਜ਼ਾਦਾ ਅਕਬਰ ਨੇ ਕਿਸ ਮੁਗਲ ਬਾਦਸ਼ਾਹ ਦੇ ਕਾਲ ਵਿੱਚ ਬਗਾਵਤ ਕੀਤੀ ਅਤੇ ਕਿਉਂ?

(v) ਔਰੰਗਜ਼ੇਬ ਦੀ ਰਾਜਪੂਤ ਨੀਤੀ ਦਾ ਕੀ ਪਰੀਣਾਮ ਨਿਕਲਿਆ?

10. **ਅਭਿਆਸ ਲਈ ਵੱਡੇ ਪ੍ਰਸ਼ਨ :–**

(i) ਅਕਬਰ ਦੀ ਰਾਜਪੂਤ ਨੀਤੀ ਦੀ ਪੜਚੋਲ ਕਰੋ।

(ii) 1527 ਤੋਂ 1615 ਈ. ਤੱਕ ਮੁਗਲ ਬਾਦਸ਼ਾਹਾਂ ਦੀ ਰਾਜਪੂਤ ਨੀਤੀ ਦਾ ਵੇਰਵਾ ਦਿਉ।

(iii) ਮੁਗਲ ਸਮਰਾਟਾਂ ਦੀ ਰਾਜਪੂਤ ਨੀਤੀ ਦਾ ਸੰਖਿਪਤ ਪਰੰਤੂ ਆਲੋਚਨਾਤਮਕ ਵਰਣਨ ਕਰੋ।

(iv) ਹੇਠ ਲਿਖਿਆਂ ਤੇ ਨੋਟ ਲਿਖੋ :–

- (i) ਜ਼ਜ਼ੀਆ
- (ii) ਦੁਰਗਾ ਦਾਸ
- (iii) ਮਹਾਰਾਣਾ ਪ੍ਰਤਾਪ ਸਿੰਘ
- (iv) ਔਰੰਗਜ਼ੇਬ

**Suggested Readings :-**

1. A.L.Srivastava - The Mughal Empire.

2. R.P.Tripathi - Rise and Fall of The Mughal Empire

3. J.N. Saikar - The Cambridge History of India Voi.iv

4. Dr. A.C.Arora - Madhkalin Bharat da Itihas.

**ਪਾਠ ਨੰਬਰ : 2.4**

# ਮੁਗਲਾਂ ਦੀ ਧਾਰਮਿਕ ਨੀਤੀ

ਉਦੇਸ਼
ਜਾਣ-ਪਛਾਣ
1. ਬਾਬਰ ਦੀ ਧਾਰਮਿਕ ਨੀਤੀ
2. ਹੁਮਾਯੂੰ ਦੀ ਧਾਰਮਿਕ ਨੀਤੀ
3. ਅਕਬਰ ਦੀ ਧਾਰਮਿਕ ਨੀਤੀ
   3.1 ਸ਼ਾਹੀ ਖੁਤਬਾ ਅਤੇ ਅਭੁਲਤਾ ਆਗਿਆ-ਪੱਤਰ, 1579 ਈ.
   3.2 ਦੀਨ-ਏ-ਇਲਾਹੀ, 1582 ਈ.
4. ਜਹਾਂਗੀਰ ਦੀ ਧਾਰਮਿਕ ਨੀਤੀ
5. ਸ਼ਾਹਜਹਾਂ ਦੀ ਧਾਰਮਿਕ ਨੀਤੀ
6. ਔਰੰਗਜ਼ੇਬ ਦੀ ਧਾਰਮਿਕ ਨੀਤੀ
7. ਸਾਰਾਂਸ਼
8. ਅਭਿਆਸ ਲਈ ਛੋਟੇ ਪ੍ਰਸ਼ਨ
9. ਅਭਿਆਸ ਲਈ ਵੱਡੇ ਪ੍ਰਸ਼ਨ

**ਉਦੇਸ਼ :**

ਇਸ ਪਾਠ ਨੂੰ ਪੜ੍ਹਨ ਨਾਲ ਹੇਠ ਲਿਖੀ ਜਾਣਕਾਰੀ ਪ੍ਰਾਪਤ ਹੋਵੇਗੀ :

- ਮੁਗਲ ਬਾਦਸ਼ਾਹ ਬਾਬਰ ਤੇ ਹੁਮਾਯੂੰ ਦੁਆਰਾ ਅਪਣਾਈ ਧਾਰਮਿਕ ਨੀਤੀ
- ਅਕਬਰ ਮਹਾਨ ਦੁਆਰਾ ਅਪਣਾਈ ਗਈ ਨਵੀਂ ਧਾਰਮਿਕ ਨੀਤੀ ਜਿਸ ਅਧੀਨ ਸ਼ਾਹੀ ਖੁਤਬਾ, ਅਭੁਲਤਾ ਆਗਿਆ ਪੱਤਰ ਅਤੇ ਦੀਨ-ਏ-ਇਲਾਹੀ ਸ਼ੁਰੂ ਕੀਤਾ ਗਿਆ।
- ਅਕਬਰ ਤੋਂ ਬਾਅਦ ਜਹਾਂਗੀਰ, ਸ਼ਾਹਜਹਾਂ ਅਤੇ ਔਰੰਗਜ਼ੇਬ ਦੁਆਰਾ ਅਪਣਾਈ ਧਾਰਮਿਕ ਨੀਤੀ।

**ਜਾਣ-ਪਛਾਣ :**

ਹਿੰਦੋਸਤਾਨ ਵਿੱਚ ਮੁਗਲ ਵੰਸ਼ ਦੀ ਸਥਾਪਨਾ ਤੋਂ ਪਹਿਲਾਂ ਦਿੱਲੀ ਸਲਤਨਤ ਦੇ ਅਫਗਾਨ ਰਾਜ ਕਰਦੇ ਸਨ। ਉਨ੍ਹਾਂ ਨੇ ਹਿੰਦੂਆਂ ਤੇ ਜਜ਼ੀਆ, ਤੀਰਥ ਕਰ ਆਦਿ ਲਗਾਏ ਹੋਏ ਸਨ। ਪਾਨੀਪਤ ਦੀ ਪਹਿਲੀ ਲੜਾਈ (21 ਅਪ੍ਰੈਲ, 1526) ਤੋਂ ਬਾਅਦ ਮੁਗਲ ਵੰਸ਼ ਦੀ ਹਿੰਦੋਸਤਾਨ ਵਿੱਚ ਨੀਂਹ ਰੱਖੀ ਗਈ। ਇਸ ਵੰਸ਼ ਦੇ ਅਨੁਯਾਈ ਇਸਲਾਮ ਧਰਮ ਦੇ ਆਗੂ ਸਨ। ਬਾਬਰ ਅਤੇ ਹੁਮਾਯੂੰ ਨੇ ਤਾਂ ਕਾਫ਼ੀ ਹੱਦ ਤੱਕ ਅਫਗਾਨਾਂ ਦੀ ਹੀ ਨੀਤੀ ਨੂੰ ਅਪਣਾਇਆ ਪਰ ਉਨ੍ਹਾਂ ਨੇ ਹਿੰਦੂਆਂ ਅਤੇ ਸ਼ੀਆ ਲੋਕਾਂ ਉੱਤੇ ਕੋਈ ਜ਼ੁਲਮ ਨਾ ਕੀਤੇ। ਹੁਮਾਯੂੰ ਦੇ ਪਿਛੋ ਅਫਗਾਨ

ਸ਼ੇਰ ਸ਼ਾਹ ਨੇ ਜਦੋਂ ਕੁਝ ਦੇਰ ਲਈ ਰਾਜ ਭਾਗ ਸੰਭਾਲਿਆ ਤਾਂ ਉਸ ਨੇ ਉਦਾਰ ਨੀਤੀ ਅਪਣਾਈ। ਸ਼ੇਰ ਸ਼ਾਹ ਦੀ ਨੀਤੀ ਤੇ ਚਲਦੇ ਹੋਏ ਅਕਬਰ ਨੇ ਸ਼ਹਿਣਸ਼ੀਲਤਾ ਅਤੇ ਉਦਾਰਤਾ ਦੀ ਨੀਤੀ ਅਪਣਾਈ ਜਿਸ ਨੂੰ ਜਹਾਂਗੀਰ ਅਤੇ ਸ਼ਾਹਜਹਾਂ ਨੇ ਅਪਣਾਇਆ। ਔਰੰਗਜ਼ੇਬ ਨੇ ਇਸ ਨੀਤੀ ਦੇ ਵਿਪਰੀਤ ਨੀਤੀ ਅਪਣਾਈ ਜੋ ਬਾਅਦ ਵਿੱਚ ਵਿਕਾਸਕਾਰੀ ਸਿੱਧ ਹੋਈ।

**(i)** **ਬਾਬਰ (1526–1530) ਦੀ ਧਾਰਮਿਕ ਨੀਤੀ** :– ਬਾਬਰ ਕਟੱੜ ਸੁੰਨੀ ਮੁਸਲਮਾਨ ਸੀ। ਇਸ ਵਿੱਚ ਕੋਈ ਸ਼ਕ ਨਹੀਂ ਕਿ ਉਸਨੇ ਸ਼ੁਰੂ ਵਿੱਚ ਕਨਵਾਹ ਅਤੇ ਚੰਦੇਰੀ ਦੇ ਯੁਧੱਾਂ ਵਿੱਚ ਜੋ ਰਾਜਪੂਤਾਂ ਵਿਰੁੱਧ ਸਨ 'ਜਹਾਦ' (ਧਰਮ-ਯੁੱਧ) ਘੋਸ਼ਿਤ ਕੀਤਾ। ਪਰੰਤੂ ਹਿੰਦੋਸਤਾਨ ਦਾ ਰਾਜ ਸੰਭਾਲਣ ਮਗਰੋਂ ਬਾਬਰ ਨੇ ਧਾਰਮਿਕ ਦਮਨ ਦੀ ਨੀਤੀ ਕਾਫ਼ੀ ਹੱਦ ਤੱਕ ਛੱਡ ਦਿੱਤੀ ਸੀ। ਸ਼ੁਰੂ ਵਿੱਚ ਬਾਬਰ ਨੇ ਹਿੰਦੂਆਂ ਅਤੇ ਮੁਸਲਮਾਨਾਂ ਉੱਤੇ ਇੱਕੋ ਜਿਹੇ ਕਰ ਨਾ ਲਗਾਏ। ਉਸਨੇ ਹਿੰਦੂਆਂ ਤੋਂ ਜ਼ਜ਼ੀਆ ਅਤੇ ਤਮਗ਼ਾ ਕਰ (Stamp duty) ਵਸੂਲਿਆ ਜਾਂਦਾ ਸੀ ਪਰੰਤੂ ਮੁਸਲਮਾਨਾਂ ਤੋਂ ਨਹੀਂ। ਉਸਨੇ ਹਿੰਦੂਆਂ ਦੇ ਮੰਦਰ ਵੀ ਢਾਹੁਣ ਦਾ ਹੁਕਮ ਦਿੱਤਾ। ਜਿਵੇਂ – ਬਾਬਰ ਦੇ ਸਦਰ ਸ਼ੇਖ ਜੈਨ ਨੇ ਚੰਦੇਰੀ ਵਿੱਚ ਹਿੰਦੂਆਂ ਦੇ ਕਈ ਮੰਦਰ ਨਸ਼ਟ ਕੀਤੇ। ਇਸੇ ਤਰ੍ਹਾਂ ਸੰਭਲ ਵਿਖੇ ਹਿੰਦੂ ਬੇਗ ਨਾਮੀ ਮੁਗਲ ਅਧਿਕਾਰੀ ਨੇ ਮੰਦਰ ਦੀ ਥਾਂ ਮਸੀਤ ਦਾ ਨਿਰਮਾਣ ਕੀਤਾ ਆਦਿ। ਪਰੰਤੂ ਆਪਣੇ ਰਾਜ ਦੇ ਅੰਤਲੇ ਵਰ੍ਹਿਆਂ ਵਿੱਚ ਉਸਨੇ ਧਾਰਮਿਕ ਸਹਿਣਸ਼ੀਲਤਾ ਦੀ ਨੀਤੀ ਅਪਣਾਈ। ਉਸਨੇ ਆਣੇ ਪੁੱਤਰ ਹੁਮਾਯੂੰ ਨੂੰ ਸਮਝਾ ਦਿੱਤਾ ਸੀ ਕਿ ਉਹ ਹਰ ਕਿਸਮ ਦੇ ਧਾਰਮਿਕ ਕਟੱੜ ਪੁਣੇ ਤੋਂ ਸਾਫ਼ ਰਹਿ ਕੇ ਹਰ ਇੱਕ ਸੰਦਰਦਾਇਕ ਦੇ ਨਿਯਮਾਂ ਅਨੁਸਾਰ ਨਿਆਂ ਕਰੇ ਅਤੇ ਵਿਸ਼ੇਸ਼ ਕਰਕੇ ਗਊ ਦੀ ਕੁਰਬਾਣੀ ਤੋਂ ਪਰਹੇਜ਼ ਕਰੇ ਅਤੇ ਪਵਿੱਤਰ ਸਥਾਨਾਂ ਨੂੰ ਹਾਨੀ ਨਾ ਪਹੁੰਚਾਵੇ। ਸੰਖੇਪ ਵਿੱਚ ਬੇਸ਼ਕ ਬਾਬਰ ਮੁਸਲਮਾਨ ਸੀ ਪਰ ਉਹ ਕੱਟੜ-ਪੰਥੀ ਤੋਂ ਮੁਕਤ ਸੀ।

### ਅਭਿਆਸ ਲਈ ਪ੍ਰਸ਼ਨ :

1. 'ਜਹਾਦ' ਤੋਂ ਕੀ ਭਾਵ ਹੈ?
2. ਬਾਬਰ ਦੀ ਧਾਰਮਿਕ ਨੀਤੀ ਬਾਰੇ ਨੋਟ ਲਿਖੋ।
3. ਤਮਗਾ ਕਰ ਤੋਂ ਕੀ ਭਾਵ ਹੈ?

**(ii)** **ਹੁਮਾਯੂੰ (1530–1540) ਦੀ ਧਾਰਮਿਕ ਨੀਤੀ** :– ਹੁਮਾਯੂੰ ਇਸਲਾਮ ਦਾ ਸੱਚਾ ਪੈਰੋਕਾਰ ਸੀ ਪਰੰਤੂ ਉਹ ਆਪਣੇ ਪਿਤਾ ਵਾਂਗ ਸੰਪ੍ਰਦਾਇ ਕਟੱੜਪਾਣੇ ਤੋਂ ਨਿਰਲੇਪ ਸੀ। ਉਸਨੇ ਸ਼ੀਆ ਮਤੇ ਦੇ ਵਿਰੁੱਧ ਕੋਈ ਬੁਰੀ ਭਾਵਨਾ ਨਹੀਂ ਸੀ ਅਤੇ ਉਸਨੇ ਉਨ੍ਹਾਂ ਪ੍ਰਤੀ ਉਦਾਰ ਅਤੇ ਸਹਿਣਸ਼ੀਲਤਾ ਦੀ ਨੀਤੀ ਅਪਣਾਈ। ਹੁਮਾਯੂੰ ਨੇ ਹਿੰਦੂਆਂ ਪ੍ਰਤੀ ਅਜਿਹੀ ਉਦਾਰ ਨੀਤੀ ਨਾ ਅਪਣਾਈ। ਉਸਨੇ ਰਾਣੀ ਕਰਣਾਵਤੀ ਦੀ ਭੇਜੀ ਰੱਖੜੀ ਨਾ ਸਵੀਕਾਰ ਕੀਤੀ ਅਤੇ ਉਸਦੀ ਬਹਾਦਰ ਸ਼ਾਹ ਵਿਰੁੱਧ ਸਹਾਇਤਾ ਕਰਨਾ ਵੀ ਸਵੀਕਾਰ ਨਾ ਕੀਤਾ। ਹੁਮਾਯੂੰ ਨੇ ਕਾਲਿੰਜਰ ਦੇ ਮੰਦਰਾਂ ਨੂੰ ਵੀ ਢਾਹ ਢੇਰੀ ਦਰ ਦਿੱਤਾ। ਅਸਲ ਵਿੱਚ ਹੁਮਾਯੂੰ ਆਪਣੇ ਸ਼ਾਸਨ-ਕਾਲ ਵਿੱਚ ਆਪਣੇ ਦੁਸ਼ਮਣਾਂ ਵਿਰੁੱਧ ਹੀ ਰੁਝਿਆ ਰਿਹਾ ਅਤੇ ਅਮਨ ਸਮੇਂ ਉਸਨੂੰ ਹਿੰਦੂਆਂ ਨਾਲ ਨਿਸ਼ਚਿਤ ਨੀਤੀ ਅਪਣਾਉਣ ਦਾ ਸਮਾਂ ਹੀ ਨਹੀਂ ਮਿਲਿਆ।

### ਅਭਿਆਸ ਲਈ ਪ੍ਰਸ਼ਨ

1. ਕਿਸ ਰਿਆਸਤ ਦੀ ਰਾਣੀ ਨੇ ਹੁਮਾਯੂੰ ਤੋਂ ਮਦਦ ਮੰਗੀ?
2. ਹੁਮਾਯੂੰ ਦੀ ਧਾਰਮਿਕ ਨੀਤੀ ਬਾਰੇ ਲਿਖੋ।

**(iii)** **ਅਕਬਰ (1556–1605) ਦੀ ਧਾਰਮਿਕ ਨੀਤੀ** :– ਹਿੰਦੋਸਤਾਨ ਦੇ ਇਤਿਹਾਸ ਵਿੱਚ ਅਕਬਰ ਨਿਰਸੰਦੇਹ ਸੱਭ ਤੋਂ ਵੱਧ ਉਦਾਰ ਸਮਰਾਟ ਸੀ। ਉਸਨੇ ਆਪਣੇ ਯੁਗ ਦੀ ਕਟੱੜਤਾ ਤੋਂ ਉੱਚੇ ਉਠਦਿਆਂ ਹੋਇਆ ਹਿੰਦੂਆਂ, ਮੁਸਲਮਾਨਾਂ ਅਤੇ ਦੂਸਰੇ ਧਰਮਾਂ ਨਾਲ ਇੱਕੋ ਜਿਹਾ ਵਰਤਾਵਾ ਕੀਤਾ। ਅਕਬਰ ਨੇ

ਉਦਾਰ ਅਤੇ ਸਹਿਨਸ਼ੀਲਤਾ ਦੀ ਧਾਰਮਿਕ ਨੀਤੀ ਅਪਨਾਈ। ਅਕਬਰ ਦੀ ਇਸ ਨੀਤੀ ਨੂੰ ਸ਼ਾਸਨ ਦੀ ਵਾਗਡੋਰ ਸੰਭਾਲਣ ਉਪਰੰਤ ਅਪਨਾਇਆ। 1560 ਈ. ਵਿੱਚ ਅਕਬਰ ਦੇ ਸ਼ਾਸਨ ਆਪਣੇ ਹੱਥਾਂ ਵਿੱਚ ਲੈ ਲਿਆ। ਪਹਿਲੇ ਦੋ ਸਾਲ ਤਾਂ ਉਹ ਕਟੱੜ ਸੁੰਨੀ ਮੁਸਲਮਾਨ ਵਾਂਗ ਕੰਮ ਕਰਦਾ ਰਿਹਾ ਪਰੰਤੂ 1562 ਈ. ਵਿੱਚ ਉਸਨੇ ਆਪਣੀ ਨੀਤੀ ਵਿੱਚ ਪਰਿਵਰਤਣ ਲੈ ਆਂਦਾ। 1562 ਈ. ਤੋਂ 1575 ਈ. ਤੱਕ ਅਕਬਰ ਨੇ ਕਈ ਅਜਿਹੇ ਕਦਮ ਉਠਾਏ ਜਿਵੇਂ –

(i) ਰਾਜਪੂਤ ਇਸਤਰੀਆਂ ਨਾਲ ਵਿਵਾਹਿਕ ਸੰਬੰਧ ਕਾਇਮ ਕਰਨਾ, 1562 ਈ. ਵਿੱਚ

(ii) 1562 ਈ. ਵਿੱਚ ਹੀ ਅਕਬਰ ਨੇ ਯੁੱਧ ਦੇ ਕੈਦੀਆਂ ਨੂੰ ਦਾਸ ਬਣਾਉਣ ਦੀ ਅਸੱਭਯ ਪ੍ਰਥਾ ਨੂੰ ਬੰਦ ਕਰ ਦਿੱਤਾ ਕਿਉਂਕਿ ਮੁਸਲਿਮ ਹਾਕਮ ਅਜਿਹੇ ਦਾਸਾਂ ਨੂੰ ਇਸਲਾਮ ਕਬੂਲ ਕਰਨ ਲਈ ਮਜਬੂਰ ਕਰਦੇ ਸਨ।

(iii) 1563 ਈ. ਵਿੱਚ ਅਕਬਰ ਬਾਦਸ਼ਾਹ ਨੇ ਤੀਰਥ-ਯਾਤਰਾ ਕਰ ਨੂੰ ਹੱਟਾ ਦਿੱਤਾ। ਹੁਣ ਹਿੰਦੂ ਲੋਕ ਬਿਨਾਂ ਕੋਈ ਕਰ ਦਿੱਤੇ ਤੀਰਥ-ਸਥਾਨਾਂ ਦੀ ਯਾਤਰਾ ਕਰ ਸਕਦੇ ਸਨ।

(iv) 1564 ਈ. ਵਿੱਚ ਅਕਬਰ ਨੇ ਹਿੰਦੂਆਂ ਤੋਂ ਜ਼ਜ਼ੀਆ ਕਰ ਵੀ ਹਟੱਾ ਦਿੱਤਾ। ਇਸ ਕਰ ਨੂੰ ਮੁਸਲਿਮ ਹਾਕਮ ਬੜੀ ਸਖ਼ਤਾਈ ਨਾਲ ਵਸੂਲਦੇ ਸਨ ਅਤੇ ਹਿੰਦੂਆਂ ਦਾ ਅਪਮਾਨ ਕਰਦੇ ਸਨ। ਇਸ ਕਰ ਨੂੰ ਹਟਾਉਣਾ ਸਭ ਤੋਂ ਮਹਤਵਪੂਰਨ ਕਦਮ ਸੀ ਜੋ ਅਕਬਰ ਨੇ ਉਠਾਇਆ।

(v) ਅਕਬਰ ਦੇ ਕਾਲ ਵਿੱਚ ਬਿਨਾਂ ਕਿਸੇ ਜਾਤੀ, ਧਰਮ ਦੇ ਭੇਦ-ਭਾਵ ਤੇ ਉੱਚ ਪਦਵੀਆਂ ਦੇਣੀਆਂ ਆਰੰਭ ਕਰ ਦਿੱਤੀਆਂ। ਅਕਬਰ ਨੇ ਆਪਣੇ ਕਾਲ ਵਿੱਚ ਬੀਰਬਲ, ਟੋਡਰ ਮਲ, ਮਾਨ ਸਿੰਘ ਆਦਿ ਵਰਗੇ ਹਿੰਦੂਆਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਉਚੀਆਂ ਪਦਵੀਆਂ ਦਿੱਤੀਆਂ।

(vi) ਮੁਗਲ ਸਮਰਾਟ ਨੇ ਆਪਣੇ ਸਾਮਰਾਟ ਵਿੱਚ ਅਵਾਮ ਨੂੰ ਧਾਰਮਿਕ ਸੁਤੰਤਰਤਾ ਵੀ ਪ੍ਰਦਾਨ ਕੀਤੀ। ਹੁਣ ਲੋਕ ਮੰਦਰ ਬਣਾਉਣ, ਪੂਜਾ-ਪਾਠ ਕਰਨ, ਤਿਉਹਾਰਾਂ ਨੂੰ ਆਪਣੀ ਇੱਛਾ ਅਨੁਸਾਰ ਮਨਾਉਣ ਦੀ ਖੁਲ ਸੀ। ਰਾਜ ਵਲੋਂ ਉਨ੍ਹਾਂ ਤੇ ਕਿਸੇ ਕਿਸਮ ਦੀ ਰੋਕ ਟੋਕ ਨਹੀਂ ਸੀ। ਇਥੇ ਤੱਕ ਕਿ ਅਕਬਰ ਖੁਦ ਹਿੰਦੂਆਂ ਦੇ ਅਨੇਕਾਂ ਤਿਉਹਾਰਾਂ ਵਿੱਚ ਹਿੱਸਾ ਲੈਣ ਲੱਗ ਪਿਆ ਸੀ।

(vii) 1575 ਈ. ਵਿੱਚ ਅਕਬਰ ਨੇ ਫਤਿਹਪੁਰ ਸੀਕਰੀ ਵਿੱਚ ਭਵਨ ਬਣਵਾਇਆ ਜਿਸ ਨੂੰ 'ਇਬਾਦਤਖਾਨਾ' ਭਾਵ ਪ੍ਰਾਰਥਨਾ ਦਾ ਘਰ ਕਿਹਾ ਜਾਂਦਾ ਸੀ। ਇੱਥੇ ਅਕਬਰ ਨੇ ਸਭ ਧਰਮਾਂ ਦੇ ਆਗੂਆਂ ਨੂੰ ਸੱਦਿਆ। ਸ਼ੁਰੂ ਵਿੱਚ ਮੁਸਲਿਮ ਸ਼ੇਖਾ ਅਤੇ ਉਲਮਾ ਨੂੰ ਹੀ ਸਦਿਆ ਪਰੰਤੂ ਬਾਅਦ ਵਿੱਚ ਦੂਜੇ ਧਰਮਾਂ ਦੇ ਆਗੂਆਂ ਤੇ ਵਿਦਵਾਨ ਨੂੰ ਵੀ ਬੁਲਾਇਆ। ਜਿਵੇਂ – ਪਾਰਸੀ ਧਰਮ ਦੀ ਪ੍ਰਤਿਨਿਧਤਾ ਦਸਦੂਰ ਮਿਹਰਜੀ ਰਾਣਾ, ਜੈਨ ਧਰਮ ਦੀ ਹੀਰਾ ਵਿਜੈ ਸੂਰੀ, ਵਿਜੈ ਸੈਨ ਸੂਰੀ, ਹਿੰਦੂ ਧਰਮ ਦੀ ਪਰਸ਼ੋਤਮ ਅਤੇ ਦੇਬੀ ਅਤੇ ਇਸਾਈ ਧਰਮ ਦੇ ਰੁਡੋਲਫ ਐਕੂਆਵਿਵਵਾ ਅਤੇ ਮੋਣਸੇਰੇਟ ਨੇ ਕੀਤੀ। ਇਥੇ ਸਭ ਧਰਮਾਂ ਦੇ ਆਗੂਆਂ ਵਿੱਚ ਬਹਿਸ ਹੋਈ ਜਿਸ ਵਿੱਚ ਸਮਰਾਟ ਨੇ ਵੀ ਹਿਸੱਾ ਲਿਆ। ਅੰਤ ਇਹ ਨਤੀਜਾ ਨਿਕਲਿਆ ਕਿ ਸਭ ਧਰਮਾਂ ਦੇ ਮੌਲਿਕ ਸਿਧਾਂਤ ਇੱਕ ਹੀ ਹਨ।

3.1

**(i)** **ਸ਼ਾਹੀ ਖੁਤਬਾ** :– 22 ਜੂਨ 1579 ਈ. ਨੂੰ ਅਕਬਰ ਨੇ ਧਾਰਮਿਕ ਕਦਮ ਉਠਾਇਆ ਜਿਸ ਅਨੁਸਾਰ ਫਤਹਿਪੁਰ ਸਿਕਰੀ ਦੀ ਜਾਮਾ ਮਸਜਿਦ ਦੇ ਮੁਖ ਅਮਾਮ ਨੂੰ ਹਟਾ ਕੇ ਆਪ ਖੁਤਬਾ ਪੜ੍ਹਿਆ। ਇਸਦਾ ਉਦੇਸ਼ ਮੌਲਵੀਆਂ ਦੇ ਅਨੁਚਿਤ ਪ੍ਰਭਾਵ ਨੂੰ ਘੱਟ ਕਰਨਾ ਅਤੇ ਸਮਰਾਟ ਦੀ ਸ਼ਕਤੀ ਵਧਾਉਣਾ ਸੀ। ਅਕਬਰ ਦੇ ਇਸ ਕਾਰਜ ਨਾਲ ਕੱਟੜ ਮੁਸਲਮਾਨਾਂ ਦੇ ਸੀਨੇ ਵਿੱਚ ਅੱਗ ਭੜਕ ਉੱਠੀ ਅਤੇ ਉਹ ਸਮਰਾਟ ਦੇ ਬਹੁਤ ਵਿਰੁੱਧ ਹੋ ਗਏ।

**(ii)** **ਅਭੁਲਤਾ ਆਗਿਆ ਪੱਤਰ** :– ਅਕਬਰ ਨੇ ਸਤੰਬਰ 1579 ਈ. ਵਿੱਚ ਇੱਕ ਫਰਮਾਨ ਜਾਰੀ ਕੀਤਾ ਜਿਸਨੂੰ 'ਮਹਜ਼ਰ' ਜਾਂ ਅਤੁਲਤਾ ਆਗਿਆ ਪਤੱਰ ਕਿਹਾ ਜਾਂਦਾ ਹੈ। ਇਸ ਪਤੱਰ ਨੂੰ ਸ਼ੇਖ ਮੁਬਾਰਕ ਨੇ ਸਮਰਾਟ ਵਲੋਂ ਤਿਆਰ ਕੀਤਾ ਸੀ। ਇਸ ਪਤੱਰ ਤੇ ਇਸਲਾਮ ਧਰਮ ਦੇ ਵੱਡੇ-ਵੱਡੇ ਆਗੂਆਂ ਨੇ ਦਸਤਖ਼ਤ ਕਰਕੇ ਹੇਠ ਲਿਖੀਆਂ ਗੱਲਾਂ ਦੀ ਪ੍ਰਵਾਨਗੀ ਦਿੱਤੀ :–

1. ਅੱਲਾਹ, ਪੈਗੰਬਿਰ ਅਤੇ ਅਕਬਰ ਦੀ ਆਗਿਆ ਦਾ ਪਾਲਣ ਕਰੋ।
2. ਅੱਲਾਹ ਦੀ ਨਜ਼ਰ ਵਿੱਚ ਸੁਲਤਾਨ-ਏ-ਆਦਿਲ ਭਾਵ ਬਾਦਸ਼ਾਹ ਦਾ ਕਰਜਾ ਬਹੁਤ ਉੱਚਾ ਹੈ। ਜੋ ਬਾਦਸ਼ਾਹ ਦੀ ਆਗਿਆ ਦਾ ਪਾਲਣ ਕਰਦਾ ਹੈ, ਉਹ ਅਸਲ ਵਿੱਚ ਰੱਬ ਦੀ ਆਗਿਆ ਦਾ ਪਾਲਣ ਕਰਦਾ ਹੈ, ਜੋ ਬਾਦਸ਼ਾਹ ਦੇ ਵਿਰੁੱਧ ਵਿਦਰੋਹ ਕਰਦਾ ਹੈ, ਉਹ ਅਸਲ ਵਿੱਚ ਰੱਬ ਦੇ ਵਿਰੁੱਧ ਵਿਦਰੋਹ ਕਰਦਾ ਹੈ।
3. ਅਕਬਰ ਸਭ ਤੋਂ ਨਿਆਂਸ਼ੀਲ, ਬੁੱਧੀਮਾਨ ਅਤੇ ਅਲੱਾਹ ਤੋਂ ਡਰਨ ਵਾਲਾ ਬਾਦਸ਼ਾਹ ਹੈ।
4. ਜੇਕਰ ਇਸਲਾਮ ਧਰਮ ਦੇ ਆਗੂਆਂ ਵਿੱਚ ਕਿਸੇ ਧਾਰਮਿਕ ਪ੍ਰਸ਼ਨ ਤੇ ਮਤ-ਭੇਦ ਹੋ ਜਾਏ ਤਾਂ ਉਸ ਦਾ ਫੈਸਲਾ ਅਕਬਰ ਹੀ ਕਰੇਗਾ।

**ਆਲੋਚਨਾ** :– ਕੁਝ ਇਤਿਹਾਸਕਾਰਾਂ ਨੇ ਅਕਬਰ ਦੇ ਇਸ ਪਤੱਰ ਦੀ ਸਖ਼ਤ ਆਲੋਚਨਾ ਕੀਤੀ ਹੈ। ਉਨ੍ਹਾਂ ਅਨੁਸਾਰ ਇਸ ਪਤੱਰ ਰਾਹੀਂ ਅਕਬਰ ਨੇ ਸਮਰਾਟ ਹੋਣ ਦੇ ਨਾਲ-ਨਾਲ ਇਸਲਾਮ ਧਰਮ ਦੇ ਸਭ ਤੋਂ ਵੱਡੇ ਆਗੂ ਦੀ ਪਦਵੀ ਵੀ ਪ੍ਰਾਪਤ ਕਰ ਲਈ। ਪਰੰਤੂ ਅਗਰ ਇਸ ਨੂੰ ਧਿਆਨਪੂਰਵਕ ਦੇਖਿਆ ਜਾਏ ਤਾਂ ਇਹ ਵਿਚਾਰ ਪੂਰੀ ਤਰ੍ਹਾਂ ਠੀਕ ਨਹੀਂ। ਇਸ ਪਤੱਰ ਰਾਹੀਂ ਅਕਬਰ ਨੇ ਉਲਮਾ ਅਤੇ ਧਾਰਮਿਕ ਵਰਗ ਦੇ ਦੂਜੇ ਆਗੂਆਂ ਦੇ ਨਜਾਇਜ਼ ਪ੍ਰਭਾਵ ਨੂੰ ਘੱਟ ਕਰਨ ਦੀ ਕੋਸ਼ਿਸ਼ ਕੀਤੀ ਸੀ।

### 3.2 ਦੀਨ-ਏ-ਇਲਾਹੀ 1582 ਈ. :

(ਫਰਵਰੀ 1582 ਈ. ਵਿੱਚ), (ਮੁਗਲ ਸਮਰਾਟ ਅਕਬਰ ਨੇ), ਧਾਰਮਿਕ ਵਾਦ-ਵਿਵਾਦ ਤੋਂ ਬਾਅਦ ਸਭ ਧਰਮਾਂ ਦੇ ਚੰਗੇ ਸਿਧਾਂਤਾਂ ਨੂੰ ਇੱਕਠਿਆਂ ਕਰਕੇ ਨਵਾਂ ਧਰਮ ਸਥਾਪਿਤ ਕੀਤਾ ਜਿਸ ਨੂੰ ਦੀਨ-ਏ-ਇਲਾਹੀ ਕਿਹਾ ਜਾਂਦਾ ਹੈ। ਇਸ ਧਰਮ ਨੂੰ ਸਥਾਪਿਤ ਕਰਨ ਦਾ ਉਦੇਸ਼ ਮੁਗਲ ਸਮਰਾਟ ਦੇ ਆਪਣੇ ਸ਼ਬਦਾਂ ਵਿੱਚ ਹੀ ਸੀ, ''ਅਜਿਹਾ ਕਰਨ ਨਾਲ ਰੱਬ ਦਾ ਸਤਿਕਾਰ ਹੋਵੇਗਾ, ਲੋਕਾਂ ਨੂੰ ਸ਼ਾਂਤੀ ਪ੍ਰਾਪਤ ਹੋਵੇਗੀ ਅਤੇ ਸਾਮਰਾਜ ਨੂੰ ਸੁਰੱਖਿਆ।''

**ਮੁੱਖ ਸਿਧਾਂਤ** :

(i) ਜੋ ਕੋਈ ਵੀ ਦੀਨ-ਏ-ਇਲਾਹੀ ਦਾ ਮੈਂਬਰ ਬਣਨਾ ਚਾਹੁੰਦਾ ਸੀ, ਉਹ ਐਤਵਾਰ ਦੇ ਦਿਨ ਆਪਣੀ ਪਗੜੀ ਹੱਥਾਂ ਵਿੱਚ ਲੈ ਕੇ ਸਮਰਾਟ ਦੇ ਚਰਨਾਂ ਵਿੱਚ ਆਪਨਾ ਸਿਰ ਰੱਖ ਦਿੰਦਾ ਸੀ। ਸਮਰਾਟ ਉਹ ਪਰੜੀ ਉਸਦੇ ਸਿਰ ਉੱਤੇ ਬੰਨ ਦਿੰਦਾ ਸੀ ਅਤੇ ਉਸ ਨੂੰ ਇੱਕ ਸ਼ਸਤ' (ਇੱਕ ਤਰ੍ਹਾਂ ਦੀ ਅੰਗੂਠੀ) ਦੇ ਦਿੰਤਾ ਸੀ। ਜਿਸ ਉੱਤੇ ਅਲ੍ਹਾ-ਹੂ-ਅਕਬਰ ਦੇ ਸ਼ਬਦ ਲਿਖੇ ਹੁੰਦੇ ਸਨ।

(ii) ਇਸ ਦੇ ਮੈਂਬਰ ਕੇਵਲ ਇੱਕ ਅਲੱਾਹ ਦੀ ਦੇਵੀ ਸ਼ਕਤੀ ਵਿੱਚ ਵਿਸ਼ਵਾਸ ਰਖਦੇ ਸਨ।

(iii) ਇਸ ਧਰਮ ਨੂੰ ਮੰਨਣ ਵਾਲੇ ਇੱਕ ਦੂਜੇ ਦਾ ਸਵਾਗਤ ਅਲ੍ਹਾਂ-ਹੂ-ਅਕਬਰ ਕਹਿ ਕੇ ਕਰਦੇ ਸਨ ਅਤੇ ਉਤੱਰ ਵਿੱਚ ਜੱਲੇ-ਜਲ੍ਹਾਲਹੂ ਆਖਦੇ ਸਨ।

(iv) ਹਰ ਇੱਕ ਮੈਂਬਰ ਨੂੰ ਆਪਣਾ ਜਨਮ ਦਿਨ ਮਨਾਉਣਾ ਪੈਂਦਾ ਸੀ ਅਤੇ ਉਸ ਦਿਨ ਸਹਿ-ਧਰਮੀਆਂ ਨੂੰ ਭੋਜ ਦੇਣਾ ਪੈਂਦਾ ਸੀ।

(v) ਉਨ੍ਹਾਂ ਨੂੰ ਜੀਵਨ ਕਾਲ ਵਿੱਚ ਇੱਕ ਭੋਜ ਦੇਣਾ ਪੈਂਦਾ ਸੀ, ਜੋ ਸਾਧਾਰਣ ਤੌਰ ਤੇ ਇੱਕ ਮਨੁਖ ਦੇ ਮਰਨ ਤੋਂ ਬਾਅਦ ਉਸਦੇ ਨਾਂ ਤੇ ਦਿੱਤਾ ਜਾਂਦਾ ਸੀ।

(vi) ਉਨ੍ਹਾਂ ਲਈ ਮਾਸ ਖਾਣਾ ਮਨ੍ਹਾ ਸੀ ਅਤੇ ਮਾਸ ਖੁਾਣ ਵਾਲਿਆਂ ਤੋਂ ਨਫ਼ਰਤ ਕਰਨ ਦੀ ਵੀ ਮਨਾਹੀ ਸੀ। ਆਪਣੇ ਜਨਮ ਦੇ ਮਹੀਨੇ ਵਿੱਚ ਤਾਂ ਉਹ ਮਾਸ ਨੂੰ ਛੂਹ ਹੀ ਨਹੀਂ ਸਕਦੇ ਸਨ।

(vii) ਉਨ੍ਹਾ ਨੂੰ ਬੁੱਢੀਆਂ ਇਸਤਰੀਆਂ ਅਤੇ ਛੋਟੀ ਉਮਰ ਦੀਆਂ ਲੜਕੀਆਂ ਨਾਲ ਵਿਆਹ ਕਰਨ ਦੀ ਆਗਿਆ ਨਹੀਂ ਸੀ।

(viii) ਉਨ੍ਹਾਂ ਨੂੰ ਆਪਣੀ ਮੌਤ ਤੋਂ ਬਾਅਦ ਇੱਛਾ ਅਨੁਸਾਰ ਜਲਾਇਆ ਜਾਂ ਦਫ਼ਨਾਇਆ ਜਾਂਦਾ ਸੀ।

(ix) ਜਿੱਥੇ ਸੰਭਵ ਹੋ ਸਕੇ ਉਨ੍ਹਾਂ ਨੂੰ ਆਪਣਾ ਆਚਰਣ ਸ਼ੁੱਧ ਰਖੱਣਾ ਹੁੰਦਾ ਸੀ ਅਤੇ ਨੈਤਿਕਤਾ ਦੇ ਨਿਯਮਾਂ ਦਾ ਪਾਲਣ ਕਰਨਾ ਹੁੰਦਾ ਸੀ।

(x) ਉਨ੍ਹਾਂ ਨੂੰ ਦੂਸਰੇ ਧਰਮਾਂ ਪ੍ਰਤੀ ਸਹਿਣਸ਼ੀਲਤਾ ਅਤੇ ਸਤਿਕਾਰ-ਪੂਰਵ ਵਰਤਾਓ ਆਪਣਾਉਣਾ ਹੁੰਦਾ ਸੀ।

(xi) ਉਨ੍ਹਾਂ ਨੂੰ ਅੱਗ ਨੂੰ ਪਵਿੱਤਰ ਮੰਨਣਾ ਹੁੰਦਾ ਸੀ ਅਤੇ ਸੂਰਜ ਦੀ ਪੂਜਾ ਕਰਨੀ ਚਾਹੀਦੀ ਹੁੰਦੀ ਸੀ।

(xii) ਉਨ੍ਹਾਂ ਨੂੰ ਸਮਰਾਟ ਸਾਹਮਣੇ ਜ਼ਮੀਨ-ਬੋਧ ਹੋਣਾ ਪੈਂਦਾ ਸੀ ਭਾਵ ਜ਼ਮੀਨ ਨੂੰ ਚੁੰਮ ਕੇ ਸਮਰਾਟ ਨੂੰ ਪ੍ਰਣਾਮ ਕਰਨਾ ਪੈਂਦਾ ਸੀ।

**(iii) ਦੀਨ-ਏ-ਇਲਾਹੀ ਦੇ ਚਾਰ ਪੜਾਅ** – ਇਸ ਧਰਮ ਦੇ ਮੈਂਬਰ ਚਾਰ ਪੜਾਵਾਂ ਵਿੱਚ ਸਨ।

**ਪਹਿਲਾ ਪੜਾਅ** – ਉਨ੍ਹਾਂ ਵਿਅਕਤੀਆਂ ਦਾ ਸੀ ਜੋ ਕਿ ਸਮਰਾਟ ਲਈ ਆਪਣਾ ਧਨ ਕੁਰਬਾਨ ਕਰਨ ਵਾਸਤੇ ਤਿਆਰ ਰਹਿੰਦੇ ਸਨ।

**ਦੂਜਾ ਪੜਾਅ** – ਉਨ੍ਹਾਂ ਵਿਆਕਤੀਆਂ ਦਾ ਸੀ ਜੋ ਕਿ ਆਪਣੇ ਧਨ ਅਤੇ ਜੀਵਨ ਨੂੰ ਕੁਰਬਾਨ ਕਰਨ ਲਈ ਤਿਆਰ ਰਹਿੰਦੇ ਸਨ।

**ਤੀਜਾ ਪੜਾਅ** – ਉਨ੍ਹਾਂ ਵਿਅਕਤੀਆਂ ਦਾ ਸੀ ਜੋ ਧਨ, ਜੀਵਨ ਤਐ ਮਾਣ-ਮਰਯਾਦਾ ਦਾ ਬਲਿਦਾਨ ਦੇਣ ਲਈ ਤਿਆਰ ਰਹਿੰਦੇ ਸਨ।

**ਚੌਥਾ ਪੜਾਅ** – ਉਨ੍ਹਾਂ ਵਿਅਕਤੀਆਂ ਦਾ ਸੀ ਜੋ ਸਮਰਾਟ ਲਈ ਧਲ, ਜੀਵਨ, ਮਾਣ-ਮਰਯਾਦਾ ਅਤੇ ਧਰਮ ਸਭ ਕੁਝ ਤਿਆਗਣ ਨੂੰ ਤਿਆਰ ਸਨ। ਇਹ ਸਭ ਤੋਂ ਵੱਡਾ ਪੜਾਅ ਸੀ।

ਦੀਨ-ਏ-ਇਲਾਹੀ ਦੇ ਮੈਂਬਰਾਂ ਦੀ ਗਿਣਤੀ ਕੁਝ ਹਜਾਰਾਂ ਤੋਂ ਨਾ ਵੱਧੀ। ਉੱਚ ਵਰਗ ਦੇ ਲੋਕ ਤਾਂ ਇਸ ਵਿੱਚ ਕੇਵਲ 18 ਹੀ ਸਨ ਅਤੇ ਕੇਵਲ ਇੱਕ ਹੀ ਹਿੰਦੂ ਸੀ, ਬੀਰਬਲ ਇਸਦੀ ਸੰਖਿਆ ਥੋੜੀ ਹੋਣ ਦਾ ਕਾਰਣ ਇਹ ਸੀ ਕਿ ਅਕਬਰ ਨੇ ਕਿਸੇ ਨੂੰ ਵੀ ਇਸ ਧਰਮ ਨੂੰ ਮਨਣ ਲਈ ਮਜ਼ਬੂਰ ਨਾ ਕੀਤਾ। ਉਸ ਸਮੇਂ ਦੇ ਲੋਕ ਵੀ ਬੜੇ ਕਟੱੜ ਸਨ। ਹਿੰਦੂ ਲੋਕ ਤਾਂ ਦੀਨ-ਏ-ਇਲਾਹੀ ਨੂੰ ਇਸਲਾਮ ਧਰਮ ਦਾ ਹੀ ਇੱਕ ਨਵਾਂ ਰੂਪ ਸਮਝਦੇ ਸਨ। ਇਸ ਲਈ ਇਹ ਧਰਮ ਇਨ੍ਹਾਂ ਹਰਮਨ-ਪਿਆਰਾ ਨਾ ਹੋ ਸਕਿਆ ਅਤੇ ਅਕਬਰ ਦੀ ਮੌਤ ਨਾਲ ਹੀ ਸਮਾਪਤ ਹੋ ਗਿਆ।

**ਆਲੋਚਨਾ** :– ਵੀ.ਏ. ਸਮਿੱਥ, ਵਲਜ਼ਲੇ ਹੇਗ ਵਰਗੇ ਇਤਿਹਾਸਕਾਰਾਂ ਨੇ ਇਸ ਦੀ ਕਰੜੀ ਆਲੋਚਨਾ ਕੀਤੀ ਹੈ। ਉਨ੍ਹਾਂ ਦੇ ਅਨੁਸਾਰ ਸ਼ਕਤੀ ਅਤੇ ਧਨ ਦੌਲਤ ਨੇ ਅਕਬਰ ਨੂੰ ਅਭਿਮਾਨੀ ਅਤੇ ਤਾਨਸ਼ਾਹ ਬਣਾ ਦਿੱਤਾ। ਪਰੰਤੂ ਡਾ. ਇਸ਼ਿਵਰੀ ਪ੍ਰਸਾਦ, ਐਸ.ਆਰ.ਸ਼ਰਮਾ ਇਸ ਨਾਲ ਸਹਿਮਤ ਨਹੀਂ ਹਨ। ਉਨ੍ਹਾਂ ਅਨੁਸਾਰ ਇਹ ਧਰਮ ਅਭਿਮਾਨ ਅਤੇ ਤਾਨ ਸ਼ਾਂਹ ਦੀ ਉਪਜ ਨਹੀਂ। ਉਸਨੇ ਕਿਸੇ ਵੀ ਵਿਅਕਤੀ ਨੂੰ ਇਸ ਨਵੇਂ ਧਰਮ ਨੂੰ ਕਬੂਲ ਕਰਨ ਲਈ ਮਜਬੂਰ ਨਹੀਂ ਸੀ ਕੀਤਾ ਅਤੇ ਨਾ ਹੀ ਇਸ ਧਰਮ ਦੇ ਪ੍ਰਚਾਰ ਲਈ ਸਰਕਾਰੀ ਤਾਕਤ ਦੀ ਵਰਤੋ ਕੀਤੀ। ਇਸ ਧਰਮ ਲਈ ਤੇ ਪ੍ਰਚਲਿਤ ਕਰਨ ਵਿੱਚ ਅਕਬਰ ਦਾ ਮੁੱਖ ਉਦੇਸ਼ ਰਾਜਨੀਤਿਕ ਸੀ। ਅਕਬਰ ਹਿੰਦੋਸਤਾਨ ਵਿੱਚ ਏਕਤਾ ਸਥਾਪਿਤ ਕਰਨ ਲਈ ਦੀਨ-ਏ-ਇਲਾਹੀ ਨੂੰ ਇੱਕ ਸਾਧਨ ਬਣਾਉਣਾਂ ਚਾਹੁੰਦਾ ਸੀ।

**ਅਭਿਆਸ ਲਈ ਪ੍ਰਸ਼ਨ**

1. ਅਕਬਰ ਦੀ ਧਾਰਮਿਕ ਨੀਤੀ ਦੀਆਂ ਕੀ ਵਿਸ਼ੇਸ਼ਤਾਈਆਂ ਸਨ?
2. ਇਬਾਦਤਖਾਨਾ ਤੋਂ ਕੀ ਭਾਵ ਹੈ?
3. ਦੀਨ-ਏ-ਇਲਾਹੀ ਤੋਂ ਕੀ ਭਾਵ ਹੈ?

4. **ਜਹਾਂਗੀਰ (1605-1627) ਦੀ ਧਾਰਮਿਕ ਨੀਤੀ** :- ਮਗਲ ਸਮਰਾਟ ਜਹਾਂਗੀਰ ਨੇ ਆਪਣੇ ਪਿਤਾ ਵਾਂਗ ਸਹਿਣਸ਼ੀਲਤਾ ਦੀ ਨੀਤੀ ਜਾਰੀ ਰਹੀ। ਉਸਨੇ ਹਿੰਦੂਆਂ ਉੱਤੇ ਜ਼ਜ਼ੀਆ ਅਤੇ ਤੀਰਥ-ਯਾਤਰਾ ਕਰ ਨਾ ਲਗਾਏ। ਨਾ ਹੀ ਉਨ੍ਹਾਂ ਨੂੰ ਤਿਓਹਾਰ ਮਨਾਉਣ ਤੇ ਕੋਈ ਪਾਬੰਦੀ ਲਗਾਈ। ਜਹਾਂਗੀਰ ਦੇ ਕਾਲ ਵਿੱਚ ਵੀ ਹਿੰਦੂਆਂ ਨੂੰ ਉੱਚ-ਪਦਵੀਆਂ ਪ੍ਰਾਪਤ ਸਨ। ਸਰ ਥੋਮਸ ਰੋ ਲਿਖਦਾ ਹੈ ਕਿ ਜਹਾਂਗੀਰ ਮੁਮਾਈ, ਇਸਾਈ ਅਤੇ ਮੁਹੰਮਦੀ ਸ਼ਰ੍ਹਾ ਦੀਆਂ ਗੱਲਾਂ ਸੁਣਿਆ ਕਰਦਾ ਸੀ ਅਤੇ ਆਪਣੀ ਹਜ਼ੂਰੀ ਵਿੱਚ ਇਹਨਾਂ ਦੀ ਚਰਚਾ ਕਰਾਉਂਦਾ ਸੀ, ਧਾਰਮਿਕ ਵਿਚਾਰਾਂ ਕਰਕੇ ਉਹ ਕਿਸੇ ਨੂੰ ਪੀੜਿਤ ਨਹੀਂ ਹੋਣ ਦੇਂਦਾ ਸੀ। ਉਸਨੇ ਇਸਾਈਆਂ ਨੂੰ ਵੀ ਆਪਣੇ ਧਰਮ ਦਾ ਪ੍ਰਚਾਰ ਕਰਨ ਦੀ ਪੂਰੀ ਖੁਲ ਦਿੱਤੀ।

ਪਰੰਤੂ ਕਿਤੇ-ਕਿਤੇ ਆਪਣੇ ਸ਼ਾਸਨ ਕਾਲ ਦੌਰਾਨ ਜਹਾਂਗੀਰ ਨੇ ਅਸਹਿਣਸ਼ੀਲਤਾ ਦੇ ਵੀ ਸਬੂਤ ਦਿੱਤੇ। ਉਸਨੇ ਸਿਖਾਂ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰਨ ਦਾ ਆਦੇਸ਼ ਦਿੱਤਾ ਕਿਉਂਕਿ ਉਹ ਸਿੱਖ ਧਰਮ ਦਾ ਹਰਮਨ-ਪਿਆਰਾ ਹੋਣਾ ਸਹਿਣ ਨਾ ਕਰ ਸਕਿਆ।ਉਸਨੇ ਆਪਣੇ ਰਾਜ-ਕਾਲ ਦੇ ਬਾਹਰਵੇਂ ਸਾਲ ਵਿੱਚ ਸਾਰੇ ਜੈਨੀਆਂ ਨੂੰ ਗੁਜਰਾਤ ਵਿੱਚ ਬਾਹਰ ਕਢੱਣ ਦਾ ਹੁਕਮ ਦਿੱਤਾ।

5. **ਸ਼ਾਹਜਹਾਂ ਦੀ ਧਾਰਮਿਕ ਨੀਤੀ** :- ਸ਼ਾਹਜਹਾਂ (1628-1658) ਦੇ ਅਧੀਨ ਧਾਰਮਿਕ ਨੀਤੀ ਵਿੱਚ ਪਰਿਵਰਤਨ ਆਇਆ। ਉਹ ਆਪਣੇ ਵੱਡੇ-ਵੱਡੇਰਿਆਂ ਨਾਲੋਂ ਵਧੇਰੇ ਕਟੱੜ ਅਤੇ ਤੰਗ ਦਿਲ ਸੀ। ਉਸਨੇ ਹਿੰਦੂਆਂ ਨੂੰ ਨਵੇਂ ਮੰਦਰ ਬਣਾਉਣ ਦੀ ਆਗਿਆ ਨਾ ਦਿੱਤੀ ਅਦੇ ਕੁਝ ਸਮੇਂ ਬਾਅਦ ਪੁਰਾਣੇ ਮੰਦਰ ਢਾਹੁਣ ਦਾ ਵੀ ਹੁਕਮ ਦੇ ਦਿੱਤਾ। ਉਸਨੇ ਬਨਾਰਸ ਵਿੱਚ 72 ਮੰਦਰ, 4 ਮੰਦਰ ਇਲਾਹਬਾਦ ਪ੍ਰਾਂਤ ਅਤੇ 3 ਮੰਦਰ ਗੁਜਰਾਤ ਅਤੇ ਕਈ ਦੂਜੇ ਪ੍ਰਦੇਸ਼ਾਂ ਵਿੱਚ ਨਸ਼ਟ ਕੀਤੇ ਗਏ। ਉਸਨੇ ਹੁਕਮ ਜਾਰੀ ਕਰ ਦਿੱਤਾ ਕਿ ਹਿੰਦੂ ਮੁਸਲਿਮ ਲੜਕਿਆਂ ਨਾਲ ਵਿਆਹ ਨਹੀਂ ਕਰ ਸਕਦੇ ਅਤੇ ਜਿਨ੍ਹਾਂ ਪਹਿਲੇ ਅਜਿਹਾ ਕੀਤਾ ਹੈ ਉਹ ਆਪਣੇ ਧਰਮ (ਇਸਲਾਮ) ਵਿੱਚ ਮੁੜ ਲਿਆਂਦਾ ਜਾਵੇ। ਬਹੁਤ ਸਾਰੇ ਪੁਰਤਗਾਲੀ ਇਸਾਈਆਂ ਨੂੰ ਵੀ ਇਸਲਾਮ ਧਰਮ ਅਪਣਾਉਣ ਲਈ ਮਜਬੂਰ ਕੀਤਾ ਗਿਆ। ਸ਼ਾਹਜਹਾਂ ਦੇ ਕਾਲ ਵਿੱਚ ਮੁੜ ਤੀਰਥਯਾਤਰਾ ਕਰ ਲਗਾ ਦਿੱਤਾ ਗਿਆ ਪਰੰਤੂ ਕੁਝ ਸਮੇਂ ਬਾਅਦ ਬਨਾਰਸ ਦੇ ਕਵਿੰਦਰਾਚਾਰੀਆ ਦੀ ਪ੍ਰਾਰਥਨਾ ਤੇ ਇਹ ਹੱਟਾ ਵੀ ਦਿੱਤਾ ਗਿਆ।

ਉਪਰੋਤਕ ਦੱਸੇ ਕਾਰਜਾਂ ਦੇ ਬਾਵਜੂਦ ਸ਼ਾਹਜਹਾਂ ਨੇ ਅਕਬਰ ਅਤੇ ਜਹਾਂਗੀਰ ਦੀ ਧਾਰਮਿਕ ਨੀਤੀ ਨੂੰ ਕਾਫ਼ੀ ਹੱਦ ਤੱਕ ਜਾਰੀ ਰੱਖਿਆ। ਉਸਦੇ ਕਾਲ ਦੌਰਾਨ ਵੀ ਹਿੰਦੂ ਅਤੇ ਰਾਜਪੂਤ ਉਚੀਆਂ ਪਦਵੀਆਂ ਤੇ ਨਿਯੁਕਤ ਸਨ। ਉਸਨੇ ਕਈ ਹਿੰਦੂ ਕਲਾਕਾਰਾਂ ਵਿਦਵਾਨਾਂ ਦੀ ਸਰਪ੍ਰਸਤੀ ਕੀਤੀ। ਫਾਰਸੀ ਭਾਸ਼ਾ ਦੇ ਨਾਲ ਹਿੰਦੀ ਅਤੇ ਸੰਸਕ੍ਰਿਤ ਭਾਸ਼ਾ ਦਾ ਵੀ ਅਸਾਧਾਰਣ ਵਿਕਾਸ ਹੋਇਆ।

**ਅਭਿਆਸ ਲਈ ਪ੍ਰਸ਼ਨ :**

1. ਜਹਾਂਗੀਰ ਦੀ ਧਾਰਮਿਕ ਨੀਤੀ ਬਾਰੇ ਨੋਟ ਲਿਖੋ।
2. ਸ਼ਾਹਜਹਾਂ ਦੀ ਧਾਰਮਿਕ ਨੀਤੀ ਬਾਰੇ ਕੀ ਜਾਣਦੇ ਹੋ?
3. ਜਹਾਂਗੀਰ ਨੇ ਸਿੱਖ ਦੇ ਕਿਹੜੇ ਗੁਰੂ ਨੂੰ ਸ਼ਹੀਦ ਕਰਵਾਇਆ?

6. **ਔਰੰਗਜ਼ੇਬ (1658-1707) ਦੀ ਧਾਰਮਿਕ ਨੀਤੀ** :- ਔਰੰਗਜ਼ੇਬ ਦੀ ਧਾਰਮਿਕ ਨੀਤੀ ਦਮਨ ਅਤੇ ਕੱਟੜਪੁਣੇ ਵਾਲੀ ਸੀ। ਉਸਦੇ ਸ਼ਾਸਨ ਕਾਲ ਦੌਰਾਨ ਨਾ ਕੇਵਲ ਹਿੰਦੂਆਂ ਉੱਤੇ ਸਗੋਂ ਸ਼ੀਆ ਮੁਸਲਮਾਨਾਂ ਤੇ ਵੀ ਸਖ਼ਤ ਜ਼ੁਲਮ ਹੋਇਆ। ਉਸਦੇ ਦਿਲ ਵਿੱਚ ਇਸਲਾਮੀ ਸਿਧਾਂਤਾ ਲਈ ਇੰਨੀ ਸ਼ਰਧਾ ਸੀ ਕਿ ਉਹ ਉਸਦੀ ਤੁਲਨਾ

ਵਿੱਚ ਜੀਵਨ ਦੀਆਂ ਹੋਰ ਸਾਰੀਆਂ ਵਸਤਾਂ ਨੂੰ ਤੁੱਛ ਸਮਝਦਾ ਸੀ। ਇੱਕ ਕਟੱੜ ਮੁਸਲਮਾਨ ਹੁੰਦਿਆ ਹੋਇਆ ਉਹ ਹਿੰਦੋਸਤਾਨ ਨੂੰ ਦਰ-ਉਲ-ਇਸਲਾਮ ਦੀ ਧਰਤੀ ਬਣਾਉਣਾ ਚਾਹੁੰਦਾ ਸੀ। ਰਾਜ ਗੱਦੀ ਤੇ ਬੈਠਦਿਆਂ ਹੀ ਔਰੰਗਜ਼ੇਬ ਨੇ ਉਹਨਾਂ ਰੀਤਾਂ ਨੂੰ ਖ਼ਤਮ ਕਰਨਾ ਆਰੰਭ ਕਰ ਦਿੱਤਾ ਜੋ ਇਸਲਾਮ ਦੇ ਸਿਧਾਂਤਾ ਦੇ ਪ੍ਰਤੀਕੂਲ ਸਨ। ਉਸਨੇ ਸੂਰਜ ਇਲਾਹੀ ਸਾਲ ਦੀ ਥਾਂ ਤੇ ਰਮਜ਼ਾਨ ਦੀ ਪਹਿਲੀ ਮਿਤੀ 1068 ਹਿਜਰੀ (23 ਮਈ 1658 ਈ.) ਤੋਂ ਆਪਣੇ ਸ਼ਾਸਨ ਕਾਲ ਦੇ ਸ਼ੁਰੂ ਹੋਣ ਦਾ ਐਲਾਨ ਕਰ ਦਿੱਤੀ, ਝਰੋਖੇ ਦੀ ਪ੍ਰਥਾ ਬੰਦ ਕਰ ਦਿੱਤੀ, ਤੁਲਾ-ਦਾਨ ਦੀ ਪ੍ਰਥਾ ਵੀ ਖ਼ਤਮ ਕਰ ਦਿੱਤੀ। ਸ਼ਾਹੀ ਦਰਬਾਰ ਵਿੱਚ ਸੰਗੀਤ ਦੀ ਮਨਾਹੀ ਕਰ ਦਿੱਤੀ ਅਤੇ ਜੋਤਸ਼ੀਆਂ ਨੂੰ ਨੌਕਰੀ ਤੋਂ ਹਟਾ ਦਿੱਤਾ। ਉਸਨੇ ਮੁਹਰੱਮ ਦੇ ਦਿਨਾਂ, ਵਿੱਚ ਗਲੀ-ਬਜਾਰਾਂ ਵਿੱਚ ਜਲੂਸ ਅਤੇ ਤਾਜ਼ੀਏ ਕਢੱਣ ਦੀ ਮਨਾਹੀ ਕਰ ਦਿੱਤੀ।

ਔਰੰਗਜ਼ੇਬ ਨੇ ਹਿੰਦੂਆਂ ਵਿਰੋਧੀ ਨੀਤੀ ਅਪਣਾਈ। ਉਸਨੇ ਹਿੰਦੂਆਂ ਤੇ ਅਨੇਕਾਂ ਅਤਿਆਚਾਰ ਕੀਤੇ। ਔਰੰਗਜ਼ੇਬ ਨੇ ਆਪਣੇ ਸਾਮਰਾਜ ਦੇ ਵੱਖ-ਵੱਖ ਭਾਗਾਂ ਵਿੱਚ ਮੰਦਰ ਢਾਹਣ ਦਾ ਹੁਕਮ ਦੇ ਦਿੱਤਾ। ਅਪ੍ਰੈਲ 1679 ਈ. ਵਿੱਚ ਔਰੰਚਜ਼ੇਬ ਨੇ ਹਿੰਦੂਆਂ ਉੱਤੇ ਫਿਰ ਜ਼ਜ਼ੀਆ ਲਾਉਣ ਦਾ ਹੁਕਮ ਦੇ ਦਿੱਤਾ। ਜ਼ਜ਼ੀਆ ਕਰ ਹਿੰਦੂਆਂ ਦੀ ਆਰਥਿਕ ਸਥਿਤੀ ਅਨੁਸਾਰ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਗਿਆ 48, 24 ਅਤੇ 12 ਦਿਰਹਮ। ਟੈਕਸ ਵਸੂਲਣ ਸਮੇਂ ਹਿੰਦੂਆਂ ਨਾਲ ਬੜਾ ਅਪਮਾਨਪੂਰਵਕ ਸਲੂਕ ਕੀਤਾ ਜਾਂਦਾ ਸੀ। ਹਿੰਦੂਆਂ ਤੇ ਤੀਰਥ ਯਾਤਰਾ ਕਰ ਵੀ ਲਗਾ ਦਿੱਤਾ ਗਿਆ। ਹਰ ਇੱਕ ਹਿੰਦੂ ਪ੍ਰਯਾਗ ਵਿੱਚ ਗੰਗਾ ਇਸਨਾਨ ਲਈ 6 ਰੁਪਏ 4 ਆਨੇ ਦੇਣੇ ਪੈਂਦੇ ਸਨ। ਅਪ੍ਰੈਲ 1662 ਈ. ਵਿੱਚ ਔਰੰਗਜ਼ੇਬ ਨੇ ਫਰਮਾਨ ਜਾਰੀ ਕੀਤਾ ਕਿ ਹਿੰਦੂ ਵਪਾਰੀਆਂ ਤੋਂ 5 ਦੀ ਦਰ ਨਾਲ ਅਤੇ ਮੁਸਲਮਾਨ ਵਪਾਰੀਆਂ ਤੋਂ 2 1/2 ਦੀ ਦਰ ਨਾਲ ਕਰ ਵਸੂਲਿਆ ਜਾਏ। ਉਸਨੇ ਆਪਣੇ ਕਾਲ ਵਿੱਚ ਹਿੰਦੂਆਂ ਨੂੰ ਉੱਚ ਪਦਵੀਆਂ ਤੋਂ ਵੰਚਿਤ ਕਰ ਦਿੱਤਾ। 1688 ਈ. ਵਿੱਚ ਔਰੰਗਜ਼ੇਬ ਨੇ ਹਿੰਦੂਆਂ ਨੂੰ ਤਿਉਹਾਰ ਮਨਾਉਣ ਤੇ ਵੀ ਪਾਬੰਧੀ ਲਗਾ ਦਿੱਤੀ। ਔਰੰਗਜ਼ੇਬ ਦੇ ਸ਼ਾਸਨ-ਕਾਲ ਵਿੱਚ ਹਜ਼ਾਰਾਂ ਹਿੰਦੂਆਂ ਨੂੰ ਲਾਲਚ ਦੇ ਕੇ ਮੁਸਲਮਾਨ ਬਣਾਇਆ ਗਿਆ ਅਤੇ ਜਿਨ੍ਹਾਂ ਨੇ ਇਨਕਾਰ ਕੀਤਾ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ।

ਔਰੰਗਜ਼ੇਬ ਦੁਆਰਾ ਅਪਣਾਈ ਗਈ ਦਮਨਕਾਰੀ ਨੀਤੀ ਦੇ ਭਿਆਨਕ ਸਿੱਟੇ ਨਿਕਲੇ।

ਔਰੰਗਜ਼ੇਬ ਦਾ ਹਿੰਦੋਸਤਾਨ ਨੂੰ ਦਰ-ਉਲ-ਇਸਲਾਮ ਦੀ ਧਰਤੀ ਬਣਾਉਣ ਦੇ ਉਦੇਸ਼ ਨਾਲ ਹਿੰਦੂ ਅਤੇ ਸ਼ਿਆ ਉਸ ਵਿਰੁੱਧ ਹੋ ਗਏ।

ਇਸ ਨਾਲ ਸਾਮਰਾਜ ਦੇ ਵੱਖ-ਵੱਖ ਭਾਗਾਂ ਵਿੱਚ ਵਿਦਰੋਹ ਹੋ ਗਿਆ। ਜਿਵੇਂ :- ਮਥਰਾ ਦੇ ਜਾਟਾਂ, ਕਾਰਨੌਲ ਦੇ ਸਤਨਾਮੀ, ਬੰਦੇਲੇ, ਪੰਜਾਬ ਦੇ ਸਿੱਖ, ਰਾਜਪੂਤਾਨਾਂ ਦੇ ਰਾਜਪੂਤ, ਦਖੱਣ ਵਿੱਚ ਮਰਾਠੇ ਆਦਿ। ਇਸ ਤਰ੍ਹਾਂ ਔਰੰਗਜ਼ੇਬ ਆਪਣੀ ਧਾਰਮਿਕ ਕਟੱੜਤਾ ਅਤੇ ਅਸਹਿਣਸ਼ੀਲਤਾ ਦੀ ਨੀਤੀ ਨਾਲ ਸਾਮਰਾਜ ਨੂੰ ਪਤਨ ਵੱਲ ਲੈ ਗਿਆ।

## ਅਭਿਆਸ ਲਈ ਪ੍ਰਸ਼ਨ

(i) ਔਰੰਗਜ਼ੇਬ ਇੱਕ ਕਟੱੜ ਸੁੰਨੀ ਮੁਸਲਮਾਨ ਸੀ।

(ii) ਔਰੰਗਜ਼ੇਬ ਹਿੰਦੋਸਤਾਨ ਨੂੰ ਦਰ-ਉਲ-ਇਸਲਾਮ ਦੀ ਧਰਤੀ ਬਣਾਉਣਾ ਚਾਹੁੰਦਾ ਸੀ।

(iii) ਜ਼ਜ਼ੀਆ ਕਰ ਨੂੰ ਔਰੰਗਜ਼ੇਬ ਨੇ 1682 ਈ. ਵਿੱਚ ਲਾਗੂ ਕੀਤਾ।

7. **ਸਾਰਾਂਸ਼** :

ਹਿੰਦੋਸਤਾਨ ਵਿੱਚ ਬਾਬਰ ਨੇ ਪਾਨੀਪਤ ਦੀ ਪਹਿਲੀ ਲੜਾਈ ਵਿੱਚ ਇਬਰਾਹੀਮ ਲੋਧੀ ਨੂੰ ਹਰਾ ਕੇ ਮੁਚਲ ਵੰਸ਼ ਦੀ ਨੀਂਹ ਰੱਖੀ ਪਰੰਤੂ ਇਥੋ ਦੇ ਬਹੁਤੇ ਲੋਕ ਇਸਲਾਮ ਦੇ ਅਨੁਯਾਈ ਨਹੀਂ ਸਨ ਜਿਸ ਕਰਕੇ ਰਾਜ ਦੀ ਸਥਾਪਨਾ ਨੂੰ ਸੁਦ੍ਰਿੜ ਕਰਨ ਲਈ ਕਈ ਔਕੜਾਂ ਦਾ ਸਾਹਮਣਾ ਕਰਨਾ ਪਿਆ। ਬਾਬਰ ਨੇ ਸ਼ੁਰੂ ਵਿੱਚ ਕਟੱੜ ਧਾਰਮਿਕ ਨੀਤੀ ਆਪਣਾਈ ਪਰੰਤੂ ਸ਼ਾਸਨ ਕਾਲ ਦੇ ਅੰਤਲੇ ਵਰ੍ਹਿਆਂ ਵਿੱਚ ਸਹਿਣਸ਼ੀਲਤਾ ਦੀ ਨੀਤੀ ਅਪਣਾਈ

ਹੁਮਾਯੂੰ ਵੀ ਆਪਣੇ ਪਿਤਾ ਦੁਆਰਾ ਦਿੱਤੀ ਨਸੀਅਤ ਤੇ ਚਲਦੇ ਹੋਏ ਸਹਿਣਸ਼ੀਲਤਾ ਦੀ ਨੀਤੀ ਆਪਣਾਈ ਪਰ ਉਸਦਾ ਵਧੇਰੇ ਸਮਾਂ ਆਪਣੇ ਦੁਸ਼ਮਣਾਂ ਦਾ ਮੁਕਾਬਲਾ ਕਰਦੇ ਨਿਕਲਿਆ ਅਤੇ ਅਮਨ ਸਮੇਂ ਹੁਮਾਯੂੰ ਕੋਈ ਨਿਚਿਤ ਨੀਤੀ ਨਾ ਅਪਣਾ ਪਾਇਆ। ਅਕਬਰ ਨੇ ਮੁਗਲ ਵੰਸ਼ ਦੀਆਂ ਜੜਾਂ ਪੱਕੀਆਂ ਕਰਨ ਅਤੇ ਸਾਮਰਾਜ ਦੀ ਸੁਰੱਖਿਆ ਲਈ ਉਦਾਰਵਾਦੀ ਨੀਤੀ ਅਪਣਾਈ ਇਸ ਨੀਤੀ ਤੇ ਚਲਦੀਆਂ ਉਸਨੇ ਸ਼ਾਹੀ ਖੁਤਬਾ ਪੜਿਆ ਅਤੇ ਅਭੁਲਤਾ ਆਗਿਆ ਪਤੱਰ ਜਾਰੀ ਕੀਤਾ। ਇਹ ਹੀ ਨਹੀਂ ਅਕਬਰ ਨੇ ਸਾਰੇ ਧਰਮਾਂ ਦੇ ਚੰਗੇ ਸਿਧਾਂਤਾ ਨੂੰ ਸਮੂਹਿਕ ਰੂਪ ਦਿੱਤਾ ਅਤੇ ਦੀਨ-ਏ-ਇਲਾਹੀ ਨਾਮਕ ਧਰਮ ਹੋਂਦ ਵਿੱਚ ਆਇਆ। ਪਰੰਤੂ ਅਕਬਰ ਨੇ ਨਾ ਤਾਂ ਇਸ ਧਰਮ ਦੇ ਪ੍ਰਚਾਰ ਲਈ ਕਠੋਰ ਯਤਨ ਕੀਤੇ ਅਤੇ ਨਾ ਹੀ ਕਿਸੇ ਵਿਅਕਤੀ ਨੂੰ ਇਹ ਧਰਮ ਅਪਣਾਉਣ ਲਈ ਮਜਬੂਰ ਕੀਤਾ। ਇਸ ਤਰ੍ਹਾਂ ਅਕਬਰ ਨੇ ਰਾਸ਼ਟਰੀ ਏਕਤਾ ਸਥਾਪਿਤ ਕਰਨ ਲਈ ਧਰਮ ਨੂੰ ਇੱਕ ਸਾਧਨ ਬਣਾਉਣ ਚਾਹਿਆ। ਜਹਾਂਗੀਰ ਨੇ ਆਪਣੇ ਪਿਤਾ ਦੀ ਨੀਤੀ ਨੂੰ ਜਾਰੀ ਰੱਖਿਆ ਪਰੰਤੂ ਕੀਤੇ-ਕੀਤੇ ਉਸ ਦੀ ਧਾਰਮਿਕ ਨੀਤੀ ਵਿੱਚ ਅਸਹਿਣਸ਼ੀਲਤਾ ਦੇ ਸਬੂਤ ਮਿਲਦੇ ਹਨ। ਸ਼ਾਹਜਹਾਂ ਜੋ ਗੱਦੀ ਤੇ ਬੈਠਿਆ ਤਾਂ ਧਾਰਮਿਕ ਨੀਤੀ ਵਿੱਚ ਪਰਿਵਰਤਨ ਆਇਆ ਪਰੰਤੂ ਕਾਫ਼ੀ ਹੱਦ ਤੱਕ ਉਸਨੇ ਅਕਬਰ ਅਤੇ ਜਹਾਂਗੀਰ ਦੀ ਨੀਤੀ ਨੂੰ ਜਾਰੀ ਰੱਖਿਆ। ਔਰੰਗਜ਼ੇਬ ਦੀ ਧਾਰਮਿਕ ਨੀਤੀ ਦਮਨ ਅਤੇ ਕਟੱੜਪੁਣੇ ਵਾਲੀ ਸੀ। ਉਸਨੇ ਹਿੰਦੂਆਂ ਅਤੇ ਸ਼ੀਆ ਮੁਸਲਮਾਨਾਂ ਪ੍ਰਤੀ ਜ਼ੁਲਮ ਦੀ ਨੀਤੀ ਅਪਣਾਈ ਜਿਸ ਨਾਲ ਸਾਮਰਾਜ ਵਿੱਚ ਵਿਦਰੋਹ ਹੋ ਗਏ ਅਤੇ ਇਹ ਨੀਤੀ ਮੁਗਲ ਸਾਮਰਾਜ ਦੇ ਵਿਘਟਨ ਦਾ ਕਾਰਨ ਮੰਨੀ ਜਾਂਦੀ ਹੈ।

8. **ਅਭਿਆਸ ਲਈ ਛੋਟੇ ਪ੍ਰਸ਼ਨ :**

   (i) ਤੀਰਥ-ਯਾਤਰਾ ਕਰ ਔਰੰਗਜ਼ੇਬ ਨੇ ਕਦੋਂ ਲਾਗੂ ਕੀਤਾ?

   (ii) ਸ਼ਾਹਜਹਾਂ ਦੀ ਧਾਰਮਿਕ ਨੀਤੀ ਬਾਰੇ ਲਿਖੋ।

   (iii) ਜਜ਼ੀਆ ਕਰ ਅਕਬਰ ਨੇ ਕਦੋਂ ਹਟਾਇਆ ਸੀ?

   (iv) ਔਰੰਗਜ਼ੇਬ ਨੇ ਹਿੰਦੂਆਂ ਪ੍ਰਤੀ ਕੀ ਧਾਰਮਿਕ ਨੀਤੀ ਅਪਣਾਈ?

9. **ਅਭਿਆਸ ਲਈ ਵੱਡੇ ਪ੍ਰਸ਼ਨ :-**

   (i) ਮੁਗਲ ਬਾਦਸ਼ਾਹਾਂ ਦੀ ਧਾਰਮਿਕ ਨੀਤੀ ਦਾ ਸੰਖੇਪ ਵਿੱਚ ਹਾਲ ਲਿਖੋ।

   (ii) ਮੁਗਲ ਸਮਰਾਟਾਂ ਦੀ ਹਿੰਦੂਆਂ ਪ੍ਰਤੀ ਕੀ ਰਵੱਈਆ ਸੀ?

   (iii) ਦੀਨ-ਏ-ਇਲਾਹੀ ਉੱਤੇ ਆਲੋਚਨਾਤਮਕ ਲੇਖ ਲਿਖੋ।

   (iv) ਔਰੰਗਜ਼ੇਬ ਦੀ ਧਾਰਮਿਕ ਨੀਤੀ ਦਾ ਅਲੋਚਨਾਤਮਕ ਵਿਵੇਚਨ ਕਰੋ।

   (v) ਹੇਠ ਲਿਖਿਆਂ ਉੱਤੇ ਨੋਟ ਲਿਖੋ :-

      (i) ਸ਼ਾਹੀ ਖੁਤਬਾ

      (ii) ਅਭੁਲਤਾ ਆਗਿਆ ਪੱਤਰ

      (iii) ਦੀਨ-ਏ-ਇਲਾਹੀ

      (iv) ਸ਼ਾਹਜਹਾਂ ਦੀ ਧਾਰਮਿਕ ਨੀਤੀ।

**Suggested Readings :**

1. A.L.Srivastava - The Mughal Empire.
2. R.P.Tripathi - The Rise and Fall of The Mughal Empire
3. S.R. Sharma - Mughal Empire in India
4. Dr. Ishwari Prasad - A short History of Muslim Rule in India
5. Dr. A.C.Arora - Madhkalin Bharat da Itihas.

**ਪਾਠ ਨੰਬਰ : 2.5**

# ਸ਼ਿਵਾਜੀ – ਜਿੱਤਾਂ ਅਤੇ ਸ਼ਾਸਨ ਪ੍ਰਬੰਧ

**ਮੁਖ ਰੂਪ :**

ਉਦੇਸ਼

ਜਾਣ-ਪਛਾਣ

1. ਸ਼ਿਵਾਜੀ ਦਾ ਮੁੱਢਲਾ ਜੀਵਨ
2. ਸ਼ਿਵਾਜੀ ਦੀਆਂ ਜਿੱਤਾਂ
3. ਸ਼ਿਵਾਜੀ ਦਾ ਸ਼ਾਸਨ ਪ੍ਰਬੰਧ
   - 3.1 ਕੇਂਦਰੀ ਪ੍ਰਸ਼ਾਸਨ
   - 3.2 ਪ੍ਰਾਂਤਕ ਪ੍ਰਸ਼ਾਸਨ
4. ਸੈਨਿਕ ਪ੍ਰਸ਼ਾਸਨ
5. ਵਿੱਤ ਵਿਵਸਥਾ
6. ਸਾਰਾਸ਼
7. ਸ਼ਬਦਾਰਥ
8. ਅਭਿਆਸ ਲਈ ਛੋਟੇ ਪ੍ਰਸ਼ਨ
9. ਅਭਿਆਸ ਲਈ ਵੱਡੇ ਪ੍ਰਸ਼ਨ

**ਉੱਦੇਸ਼ :**

ਇਸ ਪਾਠ ਨੂੰ ਪੜ੍ਹਨ ਨਾਲ ਹੇਠ ਲਿਖੀ ਜਾਣਕਾਰੀ ਪ੍ਰਾਪਤ ਹੋਵੇਗੀ :

- ਸ਼ਿਵਾਜੀ ਦਾ ਜੀਵਨ ਅਤੇ ਜਿੱਤਾ
- ਸ਼ਿਵਾਜੀ ਦੁਆਰਾ ਸਥਾਪਿਤ ਕੀਤਾ ਗਿਆ ਸ਼ਾਸਨ ਪ੍ਰਬੰਧ ਵਿੱਤ ਵਿਵਸਥਾ ਅਤੇ ਸਾਮਰਾਜ ਦੀ ਸੁਰਖਿੱਆ ਲਈ ਕਾਇਮ ਕੀਤਾ ਗਿਆ ਸੈਨਿਕ ਪ੍ਰਬੰਧ

**ਜਾਣ-ਪਛਾਣ :**

ਮੁਗਲ ਸਾਮਰਾਜ ਦੇ ਇਤਿਹਾਸ ਦਾ ਅਧਿਅਨ ਮਰਾਠਿਆ ਤੋਂ ਬਗੈਰ ਅਧੂਰਾ ਹੈ। ਮਰਾਠਾ ਲੋਕ ਦੱਖਣ ਭਾਰਤ ਵਿੱਚ ਮਹਾਰਾਸ਼ਟਰ ਪ੍ਰਦੇਸ਼ ਨਾਲ ਸੰਬੰਧ ਰਖੱਦੇ ਸਨ। ਇਹ ਪ੍ਰਦੇਸ਼ ਕੋਂਕਣ ਤੋਂ ਪਛੱਮੀ ਘਾਟ ਦੇ ਵਿਚਕਾਰ ਸੀ। ਇਥੋਂ ਦੀ ਥਰਾਤਲ ਪਥਰੀਲੀ ਅਤੇ ਮਿੱਟੀ ਘੱਟ ਉਪਜਾਓ ਹੋਣ ਕਾਰਨ ਪੈਦਾਵਾਰ ਘੱਟ ਹੁੰਦੀ ਸੀ। ਇਸ ਲਈ ਇਥੋਂ ਦੇ ਲੋਕ ਮਹਿਨਤੀ, ਸਾਹਸੀ ਅਤੇ ਬੀਰ ਸਨ। ਸਤਾਰਵੀਂ ਸਦੀ ਵਿੱਚ ਸ਼ਿਵਾਜੀ ਨੇ ਮਰਾਠਿਆਂ ਦਾ ਸੰਗਠਨ ਕਰਕੇ ਮੁਗਲਾਂ ਵਿਰੁੱਧ ਹਥਿਆਰ ਉਠਾਏ ਅਤੇ ਉਹ ਸੁਤੰਤਰ ਰਾਜ ਸਥਾਪਿਤ ਕਰਨ ਵਿੱਚ ਸਫਲ ਹੋ ਗਏ। ਉਨ੍ਹਾਂ ਦੇ ਉਤਰਾਧਿਕਾਰੀ ਨੇ ਸ਼ਿਵਾਜੀ ਦੇ ਦਿਖਾਏ ਮਾਰਗ ਤੇ ਚਲਦੇ ਹੋਏ ਦੱਖਣੀ ਭਾਰਤ ਵਿੱਚ ਅਧਿਕਤਰ ਇਲਾਕਿਆਂ ਉੱਤੇ ਆਪਣਾ ਰਾਜ ਸਥਾਪਿਤ ਕੀਤਾ।

1. **ਸ਼ਿਵਾਜੀ ਦਾ ਮੁਢੱਲਾ ਜੀਵਨ :**

ਸ਼ਿਵਾਜੀ ਦਾ ਜਨਮ 20 ਅਪ੍ਰੈਲ 1627 ਈ. ਨੂੰ ਪੂਨਾ ਦੇ ਉੱਤਰ ਵਿੱਚ ਸਥਿਤ ਸ਼ਿਵਨੇਰ ਦੇ ਕਿਲ੍ਹੇ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਸ਼ਾਹਜੀ ਭੌਂਸਲੇ ਬੀਜਾਪੂਰ ਰਾਜ ਦੇ ਪ੍ਰਸਿੱਧ ਜਗੀਰਦਾਰ ਸੀ। ਸ਼ਾਹ ਜੀ ਦੀਆਂ ਦੋ ਪਤਨੀਆਂ ਸਨ-ਜੀਜਾ ਬਾਈ ਅਤੇ ਦੂਸਰੀ ਤੁਕਾਬਾਈ ਮੋਹਿਤੇ। ਉਨ੍ਹਾਂ ਦੀ ਮਾਤਾ ਦਾ ਨਾਂ ਜੀਜਾ ਬਾਈ ਸੀ ਜੋ ਉਨ੍ਹਾਂ ਦੇ ਪਿਤਾ ਦੀ ਪਹਿਲੀ ਪਤਨੀ ਸੀ ਯਾਦਵ ਵੰਸ਼ ਨਾਲ ਸੰਬੰਧ ਰਖਦੀ ਸੀ। ਉਹ ਧਾਰਮਿਕ ਵਿਚਾਰਾਂ ਦੀ ਇਸਤਰੀ ਸੀ ਅਤੇ ਉਹ ਸ਼ਿਵਜੀ ਦੀ ਪੂਜਾ ਕਰਦੀ ਸੀ ਇਸ ਲਈ ਉਨ੍ਹਾਂ ਨੇ ਆਪਣੇ ਪੁਤਰ ਦਾ ਨਾਂ ਸ਼ਿਵਾਜੀ ਰੱਖਿਆ। ਸ਼ਿਵਾਜੀ ਦੇ ਜੀਵਨ ਵਿੱਚ ਤਿੰਨ ਵਿਅਕਤੀਆਂ ਨੇ ਡੂੰਘਾ ਪ੍ਰਭਾਵ ਪਾਇਆ। ਪਹਿਲੇ ਉਨ੍ਹਾਂ ਦੀ ਮਾਤਾ ਜੀਜਾ ਬਾਈ ਜਿਨ੍ਹਾਂ ਨੇ ਉਤਸ਼ਾਹ ਪੂਰਵ ਕਹਾਣੀਆਂ ਦੁਆਰਾ ਉਨ੍ਹਾਂ ਦੇ ਮਨ ਵਿੱਚ ਬੀਰਤਾ ਤੇ ਦੇਸ਼-ਭਗਤੀ ਦੀਆਂ ਭਾਵਨਾਂਵਾਂ ਪੈਦਾ ਕੀਤੀਆਂ। ਦੂਜੇ ਸ਼ਿਵਾਜੀ ਦੇ ਸਰਪ੍ਰਸਤ ਦਾਦਾ ਜੀ ਕੌਂਡਦੇਵ ਨੇ ਉਹਨਾਂ ਦੇ ਜੀਵਨ-ਨਿਰਮਾਣ ਵਿੱਚ ਜਿਵੇਂ-ਘੋੜਸਵਾਰੀ, ਯੁੱਧ-ਕਲਾ ਅਤੇ ਸ਼ਾਸਨ ਪ੍ਰਬੰਧ ਦੇ ਕੰਮ ਵਿੱਚ ਉਚਿਤ ਸਿੱਖਿਆ ਦਿੱਤੀ। ਤੀਜੇ ਰਾਮ ਦਾਸ ਜੋ ਸ਼ਿਵਾਜੀ ਦੇ ਅਧਿਆਤਮਕ ਗੁਰੂ ਸਨ ਜਿਨ੍ਹਾਂ ਨੇ ਸ਼ਿਵਾਜੀ ਨੂੰ ਰਾਸ਼ਟਰ ਨਿਰਮਾਣ ਲਈ ਉਤਸ਼ਾਹਿਤ ਕੀਤਾ। ਸ਼ਾਹਜੀ ਆਪਨੀ ਦੂਜੀ ਸੁੰਦਰ ਪਤਨੀ ਨਾਲ ਬੰਗਲੋਰ ਵਿੱਚ ਰਹਿਣ ਲੱਗੇ। 1641 ਈ. ਵਿੱਚ ਸ਼ਿਵਾਜੀ ਦਾ ਵਿਆਹ ਸੈਬਾਈ ਨਿੰਬਾਲਕਰ ਨਾਮੀ ਲੜਕੀ ਨਾਲ ਹੋ ਗਿਆ। ਇਸ ਤੋਂ ਬਾਅਦ 19 ਸਾਲ ਦੀ ਉਮਰ ਵਿੱਚ ਸ਼ਿਵਾਜੀ ਨੇ ਆਪਣੀਆਂ ਜਿੱਤਾਂ ਦਾ ਸਿਲਸਿਲਾ ਸ਼ੁਰੂ ਕੀਤਾ।

(ਜੀਵਨ)

I **ਅਭਿਆਸ ਲਈ ਪ੍ਰਸ਼ਨ :-**

(i) ਕਿਨੇ ਸਾਲ ਦੀ ਉਮਰ ਵਿੱਚ ਸ਼ਿਵਾਜੀ ਨੇ ਜਿੱਤਾਂ ਦਾ ਸਿਲਸਿਲਾ ਸ਼ੁਰੂ ਕੀਤਾ?

(ii) ਸ਼ਿਵਾਜੀ ਆਪਣੇ ਬਚਪਨ ਵਿੱਚ ਕਿੱਥੇ ਰਹੇ ?

(iii) ਉਨ੍ਹਾਂ ਦੇ ਜੀਵਨ ਨੂੰ ਕਿਹੜੇ ਤਿੰਨ ਵਿਅਕਤੀਆਂ ਨੇ ਪ੍ਰਭਾਵਿਤ ਕੀਤਾ ?

2. **ਸ਼ਿਵਾਜੀ ਦੀਆਂ ਜਿੱਤਾਂ :**

**(i) ਤੋਰਨਾ, ਪੂਨਾ, ਪਰੰਧਰ ਦੀ ਜਿੱਤ (1646-49 ਈ.)** :- ਸਭ ਤੋਂ ਪਹਿਲਾਂ ਸ਼ਿਵਾਜੀ ਨੇ ਤੋਰਨਾ ਦੇ ਕਿਲ੍ਹੇ ਉੱਤੇ ਜਿੱਤ ਪ੍ਰਾਪਤ ਕੀਤੀ ਅਤੇ ਇਸ ਤੋਂ ਅੱਠ ਕਿਲੋਮਿਟਰ ਦੂਰ ਰਾਜਗੜ੍ਹ ਨਾਮੀ ਕਿਲ੍ਹੇ ਦੀ ਉਸਾਰੀ ਕਰਵਾਈ। 1647 ਵਿੱਚ ਦਾਦਾਜੀ ਕੌਂਡਦੇਵ ਦੀ ਮੌਤ ਤੋਂ ਬਾਅਦ ਪੂਨਾ ਤੇ ਅਧਿਕਾਰ ਕਰ ਲਿਆ। 1648 ਈ. ਵਿੱਚ ਪੁਰੰਧਰ ਅਤੇ ਕੋਂਡਾਨਾ ਨੂੰ ਜਿੱਤ ਲਿਆ।

**(ii) ਜਾਵਲੀ ਅਤੇ ਰਾਏਗੜ੍ਹ ਦੀ ਜਿੱਤ 1656 ਈ.** :- ਜਾਵਲੀ ਦਾ ਸ਼ਾਸਨ ਚੰਦਰਰਾਵ ਸੀ। ਜਿਸ ਨੇ ਸ਼ਿਵਾਜੀ ਦੇ ਵਿੱਰੁਧ ਇਕ ਵਿਅਕਤੀ ਨੂੰ ਕੁਝ ਰੁਪਏ ਦੇ ਕੇ ਚੰਦਰਰਾਵ ਨੂੰ ਕਤਲ ਕਰਵਾ ਦਿੱਤਾ ਅਤੇ ਜਨਵਰੀ 1656, ਵਿੱਚ ਜਾਵਲੀ ਨੂੰ ਆਪਣੇ ਅਧਿਕਾਰ ਵਿੱਚ ਲੈ ਲਿਆ। ਇਹ ਜਿੱਤ ਸ਼ਿਵਾਜੀ ਲਈ ਮਹਤਵਪੂਰਣ ਸੀ ਕਿਉਂਕਿ ਇਸ ਜਿੱਤ ਨਾਲ ਆਪਣੇ ਸਾਮਰਾਜ ਦੇ ਦਖੱਣ ਅਤੇ ਪੱਛਮ ਦਿਸ਼ਾ ਵੱਲ ਵਿਸਥਾਰ ਕਰ ਸਕਦੇ ਸਨ। ਇਸ ਤੋਂ ਇਲਾਵਾ ਆਰਥਿਕ ਅਤੇ ਸੈਨਿਕ ਸਹਾਇਤਾ ਵੀ ਪ੍ਰਾਪਤ ਹੋਈ। ਅਪ੍ਰੈਲ 1656 ਈ. ਵਿੱਚ ਸ਼ਿਵਾਜੀ ਨੇ ਰਾਏਗੜ੍ਹ ਨੂੰ ਚੰਦਰ ਰਾਓ ਮੋਰ ਤੋਂ ਜਿੱਤ ਲਿਆ ਅਤੇ ਬਾਅਦ ਵਿੱਚ ਉਸਨੂੰ ਆਪਣੀ ਰਾਜਧਾਨੀ ਬਣਾਇਆ। ਅਕਤੂਬਰ 1656 ਈ. ਵਿੱਚ ਆਪਣੇ ਮਾਮੇ (ਸੋਤੇਲੀ ਮਾਂ ਦਾ ਭਰਾ) ਨੂੰ ਹਰਾ ਕੇ ਸੁਪਾ ਦੇ ਪ੍ਰਦੇਸ਼ ਤੇ ਅਧਿਕਾਰ ਕਰ ਲਿਆ।

**(iii) ਸ਼ਿਵਾਜੀ ਅਤੇ ਅਫ਼ਜਲ ਖਾਂ 1659 ਈ.** :- ਸ਼ਹਿਜ਼ਾਦਾ ਔਰੰਗਜ਼ੇਬ ਜਦੋਂ ਉੱਤਰੀ ਭਾਰਤ ਵੱਲ ਚਲਾ ਗਿਆ ਤਾਂ ਅਲੀ ਆਦਿਲ ਸ਼ਾਹ (ਜੋ ਕਿ ਬੀਜਾਪੁਰ ਦਾ ਸੁਲਤਾਨ ਸੀ) ਨੇ ਸ਼ਿਵਾਜੀ ਦੀ ਸ਼ਕਤੀ ਤੇ ਰੋਕ ਲਗਾਣ ਦਾ ਨਿਸ਼ਚੇ ਕੀਤਾ। ਇਹ ਕੰਮ ਉਸਨੇ ਅਫ਼ਜਲ ਖਾਂ (ਅਬਦੁਲਾ ਬਾਟਾਰੀ) ਨੂੰ ਸੌਂਪਿਆ। ਲਗਭਗ 10,000 ਦੀ

ਸੈਨਾ ਨਾਲ ਜਦੋਂ ਅਫਜਲ ਖਾਂ ਸ਼ਿਵਾਜੀ ਵਿੱਰੁਧ ਵਧਿਆ, ਉਸਨੇ ਇਹ ਮਹਿਸੂਸ ਕੀਤਾ ਕਿ ਪਹਾੜੀ ਪ੍ਰਦੇਸ਼ਾਂ ਵਿੱਚ ਮਰਾਠਿਆਂ ਨਾਲ ਲੜਨਾ ਮੁਸ਼ਕਲ ਹੈ ਇਸ ਲਈ ਉਸਨੇ ਸ਼ਿਵਾਜੀ ਨੂੰ ਮਾਰਨ ਕੀ ਯੋਜਨਾ ਬਣਾਈ। ਅਫਜਲ ਖਾਂ ਨੇ ਪ੍ਰਤਾਪਗੜ ਡੇਰੇ ਲਾ ਲਏ ਅਤੇ ਕ੍ਰਿਸ਼ਨਜੀ ਭਾਸਕਰ ਨਾਮੀ ਵਿਅਕਤੀ ਨੂੰ ਸ਼ਿਵਾਜੀ ਨੂੰ ਉਥੇ ਬਲਾਉਣ ਭੇਜਿਆ। ਸ਼ਿਵਾਜੀ ਨੇ ਚਤੁਰਾਈ ਨਾਲ ਗੱਲਾਂ-ਗੱਲਾਂ ਵਿੱਚ ਹੀ ਭਾਸਕਰ ਤੋਂ ਇਹ ਜਾਣ ਲਿਆ ਕਿ ਅਫਜਲ ਖਾਂ ਉਨ੍ਹਾਂ ਨਾਲ ਵਿਸ਼ਵਾਸਘਾਤ ਕਰਨਾ ਚਾਹੁੰਦਾ ਹੈ। ਸ਼ਿਵਾਜੀ ਨੇ ਅਫਜਲ ਖਾਂ ਨੂੰ ਮਿਲਨਾ ਸਵਿਕਾਰ ਕਰ ਲਿਆ। 10 ਨਵੰਬਰ 1659 ਨੂੰ ਸ਼ਿਵਾਜੀ ਪ੍ਰਤਾਪਗੜ੍ਹ ਪੂਰੀ ਤਿਆਰੀ ਨਾਲ ਗਏ। ਜਦੋਂ ਉਹ ਅਫਜਲ ਖਾਂ ਨਾਲ ਮੁਲਾਕਾਤ ਕੀਤੀ ਤਾਂ ਉਸਨੇ ਮਰਾਠਾ ਸਰਦਾਰ ਨੂੰ ਗਲੇ ਲਾ ਲਿਆ ਅਤੇ ਅਚਾਨਕ ਵਾਰ ਕੀਤਾ। ਸ਼ਿਵਾਜੀ ਆਪਨੇ ਆਪ ਨੂੰ ਬਚਾਉਂਦੇ ਹੋਏ ਦੁਸ਼ਮਣ ਤੇ ਵਾਰ ਕੀਤਾ ਅਤੇ ਉਹ ਮਰ ਗਿਆ। ਮਰਾਠਾ ਸੈਨਿਕ ਜੋ ਜੰਗਲਾਂ ਵਿੱਚ ਲੁਕੇ ਹੋਏ ਸਨ ਬੀਜਾਪੁਰ ਦੀ ਸੈਨਾ ਤੇ ਟੁੱਟ ਪਏ। ਇਸ ਘਮਾਸਾਨ ਲੜਾਈ ਵਿੱਚ ਲਗਭੱਗ 300 ਬੀਜਾਪੁਰੀ ਸੈਨਿਕ ਮਾਰੇ ਗਏ ਅਤੇ ਬਾਕੀ ਭੱਜ ਗਏ। ਸ਼ਿਵਾਜੀ ਨੂੰ ਇਕ ਸ਼ਾਨਦਾਰ ਜਿੱਤ ਪ੍ਰਾਪਤ ਹੋਈ ਅਤੇ ਉਹ ਦਾ ਹੱਥ ਲੁਟ ਵਿੱਚ ਘੋੜੇ, ਹਾਥੀ, ਉਠ, ਗੋਲਾ ਬਾਰੂਦ ਅਤੇ ਦਸ ਲੱਖ ਅਤੇ ਗਹਿਣੇ ਲੱਗੇ।

**(iv) ਪਨਹਾਲਾ ਲਤੇ ਚਕਾਨ ਦਾ ਖੁਸਨਾ 1660 ਈ.** :- ਅਫਜਲ ਖਾਂ ਨੂੰ ਹਰਾਉਣ ਤੋਂ ਬਾਅਦ ਸ਼ਿਵਾਜੀ ਨੇ ਪਨਹਾਲਾ, ਬਸੰਤਗੜ੍ਹ ਖੇਲਨਾ ਆਦਿ ਕਿਲਿਆਂ ਨੂੰ ਜਿੱਤਿਆ। ਅਲੀ ਆਦਿਲ ਸ਼ਾਹ ਮਰਾਠਿਅ ਦੀਆਂ ਇਹਨਾਂ ਜਿੱਤਾ ਤੋਂ ਘਬਰਾ ਉਠਿਆ ਅਤੇ ਉਸਨੇ ਸਿੱਧੀ ਜੋਹਰ ਦੇ ਅਧੀਨ ਇੱਕ ਵੱਡੀ ਸੈਨਾ ਭੇਜੀ। ਇਸ ਸੈਨਾ ਨੇ ਪਨਹਾਲਾ ਦੇ ਕਿਲ੍ਹੇ ਨੂੰ ਘੇਰ ਲਿਆ ਜੋ ਲਗਭਗ ਪੰਜ ਮਹੀਨਿਆਂ ਤੱਕ ਚਲੱਦਾ ਰਿਹਾ। ਅੰਤ ਸ਼ਿਵਾਜੀ ਨੂੰ ਕਿਲਾ ਛੱਡਕੇ ਦੋੜਨਾ ਪਿਆ। 2 ਅਕਤੂਬਰ 1660 ਨੂੰ ਬੀਜਾਪੂਰੀਆ ਦਾ ਪਨਹਾਲਾ ਤੇ ਕਬਜ਼ਾ ਹੋ ਗਿਆ। ਚਕਾਨ ਦਾ ਕਿਲ੍ਹਾ ਜੋ ਕਿ ਪੂਨਾ ਤੋਂ 18 ਮੀਲ ਉੱਤਰ ਵਲ ਸਥਿਤ ਸੀ ਉਸ ਤੇ ਵੀ ਮੁਗਲਾਂ ਦਾ ਅਧਿਕਾਰ ਹੋ ਗਿਆ।

**(v) ਸ਼ਿਵਾਜੀ ਅਤੇ ਸ਼ਾਇਸਤਾ ਖਾਂ 1660-63 ਈ.** :- ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਗੱਦੀ ਸੰਭਾਲਨ ਤੋਂ ਬਾਅਦ ਦੱਖਣ ਵਲ ਵਿਸ਼ੇਸ਼ ਧਿਆਨ ਦਿੱਤਾ। ਵੱਧਦੀ ਹੋਈ ਮਰਾਠਾ ਸ਼ਕਤੀ ਤੇ ਰੋਕ ਲਗਾਉਣ ਲਈ ਔਰੰਗਜ਼ੇਬ ਨੇ ਅਪਣੇ ਮਾਮਾ ਸਾਇਸਤਾ ਖਾਂ ਨੂੰ 1660 ਈ. ਵਿੱਚ ਦੱਖਣ ਦਾ ਸੂਬੇਦਾਰ ਨਿਯੁਕਤ ਕੀਤਾ। ਮਾਰਚ 1660 ਈ. ਵਿੱਚ ਸ਼ਾਇਸਤਾ ਖਾਂ ਨੇ ਅਹਿਮਦਨਗਰ ਤੋਂ ਪੂਨਾ ਵੱਲ ਕੂਚ ਕੀਤਾ। ਦੋ-ਤਿੰਨ ਸਾਲਾਂ ਵਿੱਚ ਹੀ ਉਸਨੇ ਪੂਨਾ, ਚਕਾਨ, ਕਲਿਆਣੀ ਆਦਿ ਪ੍ਰਦੇਸ਼ਾਂ ਤੇ ਅਧਿਕਾਰ ਕਰ ਲਿਆ। ਸ਼ਾਇਸਤਾ ਖਾਂ ਨੇ ਵਰਖਾ ਦੇ ਕਾਰਣ ਪੂਨਾ ਵਿੱਚ ਹੀ ਠਹਿਰਣ ਦਾ ਨਿਸ਼ਚੇ ਕੀਤਾ। ਸ਼ਿਵਾਜੀ ਨੇ ਇਸ ਸਮੇਂ ਦੁਸ਼ਮਣਾ ਵਿੱਰੁਧ ਚਾਲ ਚਲੀ। ਉਹਨਾਂ 15 ਅਪ੍ਰੈਲ, 1663 ਈ. ਨੂੰ 400 ਸੈਨਿਕਾਂ ਦੇ ਨਾਲ ਭੇਸ ਬਦਲ ਕੇ ਪੂਨਾ ਵਿੱਚ ਦਾਖਲ ਹੋ ਗਏ। ਅੱਧੀ ਰਾਤ ਨੂੰ ਸ਼ਾਇਸਤਾ ਖਾਂ ਅਤੇ ਉਸਦੇ ਸਾਥੀਆਂ ਨੇ ਅਚਾਨਕ ਧਾਵਾ ਬੋਲ ਦਿੱਤਾ। ਸ਼ਾਇਸਤਾ ਖਾਂ ਦਾ ਪੁਤਰ ਅਬਦੁਲ ਫਤਿਹ, ਉਸ ਦੀਆਂ ਛੇ ਪਤਨੀਆਂ ਅਤੇ ਚਾਲੀ ਸੇਵਕ ਮਾਰੇ ਗਏ। ਉਸ ਦੀ ਆਪਣੀ ਜਾਣ ਤਾਂ ਬਚ ਗਈ ਪਰ ਉਸਦੇ ਹੱਥ ਦਾ ਅੰਗੂਠਾ ਕੱਟਿਆ ਗਿਆ। ਇਸ ਘਟਨਾ ਕਾਰਨ ਔਰੰਗਜ਼ੇਬ ਸ਼ਾਇਸਤਾ ਖਾਂ ਤੇ ਬਹੁਤ ਨਰਾਜ਼ ਹੋਇਆ ਅਤੇ ਉਸਨੂੰ ਸਜਾ ਦੇਣ ਲਈ ਉਸਦੀ ਬਦਲੀ ਬੰਗਾਲ ਕਰ ਦਿੱਤੀ।

**(vi) ਸੂਰਤ ਦੀ ਲੁਟ 1664 ਈ.** :- ਜਨਵਰੀ 1664 ਈ. ਨੂੰ ਸ਼ਿਵਾਜੀ ਨੇ 4000 ਸੈਨਿਕਾਂ ਨਾਲ ਸੂਰਤ ਤੇ ਅਚਾਨਕ ਹਮਲਾ ਕਰ ਦਿੱਤਾ। ਉਥੇ ਦੇ ਸੁਬੇਦਾਰ ਇਨਾਇਤ ਖਾਂ ਨੇ ਡਰ ਕੇ ਅਪਾਣੇ ਆਪ ਨੂੰ ਕਿਲ੍ਹੇ ਵਿੱਚ ਬੰਦ ਕਰ ਲਿਆ। ਮਰਾਠਿਆ ਨੇ ਚਾਰ ਦਿਨ ਤੱਕ ਲਗਾਤਾਰ ਸ਼ਹਿਰ ਨੂੰ ਲੁਟਿਆ। ਮੁਗਲ ਸੂਬੇਦਾਰ ਨੇ ਸ਼ਿਵਾਜੀ ਦੀ ਹੱਤਿਆ ਦੀ ਯੋਜਨਾ ਵੀ ਬਣਾਈ ਪਰੰਤੂ ਭਾੜੇ ਦੇ ਟਟੂਆਂ ਨੂੰ ਸ਼ਿਵਾਜੀ ਦੇ ਅੰਗ ਰਖਿਅਕ ਨੇ ਹੀ ਮਾਰ ਦਿੱਤਾ। ਇਸ ਹਮਲੇ ਦੌਰਾਨ ਸ਼ਿਵਾਜੀ ਦੇ ਹੱਥ ਅਪਾਰ ਧਨ ਦੌਲਤ ਹੱਥ ਰੱਖੀ।

**ਜੈ ਸਿੰਘ ਦਾ ਮਹਾਰਾਸ਼ਟਰ ਉੱਤੇ ਹਮਲਾ 1664-65** :- ਔਰੰਗਜ਼ੇਬ ਨੇ ਸ਼ਿਵਾਜੀ ਦੀ ਸ਼ਕਤੀ ਦਾ ਦਮਨ ਕਰਨ ਲਈ 1664 ਈ. ਦੇ ਅੰਤ ਵਿੱਚ ਮਿਰਜ਼ਾ ਰਾਜਾ ਜੈ ਸਿੰਘ ਦੇ ਅਧੀਨ ਭਾਰੀ ਸੈਨਾ ਭੇਜੀ। ਜਨਵਰੀ 1665 ਈ. ਨੂੰ ਮੁਗਲ ਸੈਨਾ ਨਰਮਦਾ ਨਦੀ ਪਾਰ ਕਰ, 14 ਮਾਰਚ ਨੂੰ ਪੂਨਾ ਪਹੁੰਚੀ। ਰਾਜਾ ਜੈ ਸਿੰਘ ਨੇ ਆਪਣੀ

ਯੋਜਨਾ ਅਨੁਸਾਰ ਪੁਰੰਪਰ ਵਲ ਚੜਾਈ ਕਰ ਦਿੱਤੀ। ਦੋ ਮਹਿਨਿਆਂ ਤੱਕ ਘੇਰਾਬੰਦੀ ਚਲਦੀ ਰਹੀ। ਮਰਾਠਾ ਸਰਦਾਰ ਮੁਗਰ ਬਾਜੀ ਨੇ ਦੁਸ਼ਮਣਾ ਦਾ ਡੱਟ ਕੇ ਮੁਕਾਬਲਾ ਕੀਤਾ ਪਰੰਤੂ ਮਾਰਿਆ ਗਿਆ। ਜਦੋਂ ਸ਼ਿਵਾਜੀ ਨੂੰ ਮੁਗਲਾਂ ਸਾਹਮਣੇ ਜਿੱਤ ਦੇ ਕੋਈ ਅਸਾਰ ਨਜ਼ਰ ਨਹੀਂ ਆਏ ਤਾਂ ਉਨ੍ਹਾਂ ਨੇ ਸੰਧੀ ਕਰਨ ਦਾ ਫੈਸਲਾ ਕੀਤਾ।

**ਪੁਰੰਧਰ ਦੀ ਸੰਧੀ 1665 ਈ.** :– ਇਹ ਸੰਧੀ ਮਿਰਜ਼ਾ ਰਾਜਾ ਜੈ ਸਿੰਘ ਅਤੇ ਸ਼ਿਵਾਜੀ ਵਿਚਕਾਰ ਹੋਈ ਗਲਬਾਤ ਦਾ ਨਤੀਜਾ ਸੀ। ਇਸ ਸੰਧੀ ਦੀਆਂ ਹੇਠ ਲਿਖੀਆਂ ਸ਼ਰਤਾਂ ਸਨ :–

1. ਸ਼ਿਵਾਜੀ ਨੇ ਮੁਗਲ ਬਾਦਸ਼ਾਹ ਦੀ ਅਧੀਨਤਾ ਸਵੀਕਾਰ ਕਰ ਲਈ।
2. ਸ਼ਿਵਾਜੀ ਨੇ 23 ਕਿਲ੍ਹੇ, ਜਿਨ੍ਹਾਂ ਤੋਂ 4 ਲੱਖ ਹੁਣ ਦੀ ਆਮਦਨ ਪ੍ਰਾਪਤ ਹੁੰਦੀ ਸੀ, ਮੁਚਲਾਂ ਨੂੰ ਦੇ ਦਿੱਤੇ।
3. ਉਹਨਾਂ ਆਪਣੇ ਕੋਲ ਕੇਵਲ 12 ਕਿਲ੍ਹੇ ਰੱਖੇ ਜਿਨ੍ਹਾਂ ਤੋਂ ਲਗਭਗ 1 ਲੱਖ ਹੁਨ ਦੀ ਆਮਦਨ ਪ੍ਰਾਪਤ ਹੁੰਦੀ ਸੀ।
4. ਸ਼ਿਵਾਜੀ ਨੂੰ ਮੁਗਲ ਦਰਬਾਰ ਵਿੱਚ ਹਾਜ਼ਰ ਹੋਣ ਲਈ ਮਜਬੂਰ ਨਹੀਂ ਕੀਤਾ ਜਾਵੇਗਾ।
5. ਸ਼ਿਵਾਜੀ ਦੇ ਪੁਤਰ ਸ਼ੰਭਾਜੀ ਨੂੰ 5,000 ਦਾ ਮਨਸਬਕਾਰ ਬਣਾ ਦਿੱਤਾ ਗਿਆ।
6. ਉਸਨੇ ਬੀਜਾਪੁਰ ਦੇ ਵਿੱਰੁਧ ਮੁਗਲਾਂ ਵਲੋਂ ਲੜਨਾ ਸਵੀਕਾਰ ਕਰ ਲਿਆ।
7. ਸ਼ਿਵਾਜੀ ਨੇ ਇਹ ਵਚਨ ਦਿੱਤਾ ਕਿ ਜੇ ਮੁਗਲ ਸਰਕਾਰ ਉਸਨੂੰ ਕੌਂਕਣ ਅਤੇ ਕੁੱਝ ਪ੍ਰਦੇਸ਼ ਦਿਵਾ ਦੇਵੇਗੀ ਤਾਂ ਉਸਦੇ ਬਦਲੇ 40 ਲੱਖ ਹੁਨ 13 ਵਾਰਸ਼ਿਕ ਕਿਸ਼ਤਾਂ ਵਿੱਚ ਮੁਗਲ ਸਰਕਾਰ ਨੂੰ ਅਦਾ ਕਰੇਗਾ।

ਇਹ ਸੰਧੀ ਮੁਗਲਾਂ ਲਈ ਮਹਤਵਪੂਰਨ ਸਿੱਧ ਹੋਈ ਕਿਉਂਕਿ ਇਸ ਦੁਆਰਾ ਉਹਨਾਂ ਨੂੰ ਵਿੱਤ ਸਹਾਇਤਾ ਪ੍ਰਾਪਤ ਹੋਈ, ਦੂਸਰਾ ਸ਼ਿਵਾਜੀ ਬੀਜਾਪੁਰ ਦੇ ਦੁਸ਼ਮਣ ਬਣ ਗਏ। ਸ਼ਿਵਾਜੀ ਲਈ ਇਹ ਸੰਧੀ ਨੁਕਸਾਨਦਾਇਕ ਸਿੱਧ ਹੋਈ – ਪਹਿਲਾਂ ਉਹਨਾਂ ਨੂੰ ਬਹੁਤ ਸਾਰੇ ਕਿਲ੍ਹੇ ਮੁਗਲਾਂ ਨੂੰ ਦੇਣੇ ਪਏ, ਦੂਸਰਾ ਉਹਨਾਂ ਦੀ ਪ੍ਰਤਿਸ਼ਠਤਾ ਨੂੰ ਵੀ ਭਾਰੀ ਸੱਟ ਵਜੀ।

**ਸ਼ਿਵਾਜੀ ਦਾ ਮੁਗਲ ਦਰਬਾਰ ਵਿੱਚ ਜਾਣਾ** :– 1666 ਈ. ਵਿੱਚ ਜੈ ਸਿੰਘ ਅਤੇ ਉਸਦੇ ਪੁਤਰ ਰਾਮ ਸਿੰਘ ਨੇ ਸ਼ਿਵਾਜੀ ਨੂੰ ਮੁਗਲ ਦਰਬਾਰ ਵਿੱਚ ਜਾਣ ਲਈ ਮਨਾ ਲਿਆ। 16 ਮਾਰਚ, 1666 ਈ. ਨੂੰ ਸ਼ਿਵਾਜੀ ਆਪਣੇ ਪੁਤਰ ਸ਼ੰਭਾਜੀ, ਪੰਜ ਸਰਦਾਰ ਅਤੇ 350 ਸੈਨਿਕਾਂ ਨਾਲ ਆਗਰੇ ਵੱਲ ਚਲ ਪਏ। 12 ਮਈ ਨੂੰ ਦੁਪਹਿਰ ਨੂੰ ਸ਼ਿਵਾਜੀ ਪਹੁੰਚੇ ਅਤੇ ਸ਼ਿਵਾਜੀ ਦਾ ਬਾਦਸ਼ਾਹ ਨਾਲ ਮੁਲਾਕਾਤ ਲਈ ਇਹ ਦਿਨ ਪਹਿਲਾਂ ਹੀ ਨਿਸ਼ਚਿਤ ਸੀ। ਇਸ ਲਈ ਸ਼ਿਵਾਜੀ 12 ਮਈ ਨੂੰ ਹੀ ਦਰਬਾਰ ਵਿੱਚ ਹਾਜ਼ਰ ਹੋਏ ਅਤੇ ਉਸੇ ਦਿਨ ਹੀ ਬਾਦਸ਼ਾਹ ਦਾ ਜਨਮ ਦਿਨ ਵੀ ਸੀ। ਉਹਨਾਂ ਨੇ ਮੁਗਲ ਸਮਰਾਟ ਨੂੰ ਕੁਝੇ ਭੇਟਾਂ ਦਿੱਤੀਆਂ ਪਰੰਤੂ ਔਰੰਗਜ਼ੇਬ ਨੇ ਠੀਕ ਤਰ੍ਹਾਂ ਉਨ੍ਹਾਂ ਦਾ ਸਨਮਾਨ ਨਾ ਕੀਤਾ। ਉਨ੍ਹਾਂ ਨੂੰ ਤੀਜੀ ਕਤਾਰ ਵਿੱਖ ਖੜ੍ਹਾ ਕਰ ਦਿੱਤਾ ਜਿੱਥੇ ਪੰਜ ਜਾਰੀ ਮਨਸਬਦਾਰ ਸਨ। ਸ਼ਿਵਾਜੀ ਨੇ ਇਸ ਅਪਮਾਨਜ਼ਨਕ ਵਤੀਰੇ ਵਿੱਰੁਧ ਅਵਾਜ਼ ਉਠਾਈ ਅਤੇ ਰੋਸ਼ ਵਜੋਂ ਦਰਬਾਰ ਤੋਂ ਬਾਹਰ ਚਲੇ ਗਏ। ਰਾਮ ਸਿੰਘ ਨੇ ਉਹਨਾਂ ਨੂੰ ਮਨਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਉਹ ਨਹੀਂ ਮੰਨੇ। ਮੁਗਲ ਸਮਰਾਟ ਨੇ ਉਹਨਾਂ ਨੂੰ ਕੈਦ ਕਰ ਲਿਆ ਅਤੇ ਉਨ੍ਹਾਂ ਨੂੰ ਮਰਵਾਉਣ ਦੀ ਯੋਜਨਾ ਬਣਾਉਣ ਲੱਗਾ।

**ਸ਼ਿਵਾਜੀ ਦਾ ਕੈਦਖਾਨੇ ਤੋਂ ਭੱਜਣਾ** :– ਸ਼ਿਵਾਜੀ ਨੇ ਕੈਦਖਾਨੇ ਤੋਂ ਭੱਜਣ ਲਈ ਉਪਾਅ ਸੋਚਣ ਲੱਗੇ। ਉਸਨੇ ਇਹ ਬਹਾਨਾ ਲਗਾਇਆ ਕਿ ਉਹ ਬੀਮਾਰ ਪੈ ਗਿਆ ਹੈ ਅਤੇ ਉਸਨੇ ਕੈਦਖਾਨੇ ਤੋਂ ਬ੍ਰਾਹਮਣਾਂ ਅਤੇ ਗਰੀਬਾਂ ਵਿੱਚ ਮਠਾਈ ਅਤੇ ਫਲਾਂ ਦੇ ਟੋਕਰੇ ਬਾਹਰ ਭੇਜਣੇ ਆਰੰਭ ਕਰ ਦਿੱਤੇ। ਇਕ ਦਿਨ ਇਸੇ ਤਰ੍ਹਾਂ ਹੀ ਟੋਕਰਿਆਂ ਵਿੱਚ ਬੈਠ ਕੇ ਸ਼ਿਵਾਜੀ ਅਤੇ ਉਸਦਾ ਪੁੱਤਰ ਦੋਵੇਂ ਜੇਲ 'ਚ ਦੋੜ ਗਏ। ਇਲਾਹਾਬਾਦ, ਬਨਾਰਸ, ਗੋਲਕੁੰਡਾ ਅਤੇ ਬੀਜਾਪੁਰ ਤੋਂ ਹੁੰਦੇ ਹੋਏ 22 ਸਤੰਬਰ 1666 ਈ. ਨੂੰ ਰਾਜਧਾਨੀ ਰਾਏਗੜ੍ਹ ਵਿੱਚ ਪਹੁੰਚੇ। ਸ਼ਿਵਾਜੀ

ਦੇ ਜੇਲ ਤੋਂ ਭੱਜਣ ਦੀ ਘਟਨਾ ਲਈ ਰਾਮ ਸਿੰਘ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਅਤੇ ਉਸਦਾ ਮਨਸਬ ਖੋਹ ਲਿਆ।

**ਮੁਗਲਾਂ ਨਾਲ ਸਮਝੌਤਾ 1667–69 ਈ.** :– ਦੱਖਣ ਵਿੱਚ ਸ਼ਹਿਜ਼ਾਦਾ ਮੁਅਜ਼ਮ ਨੂੰ ਨਵਾਂ ਗਵਰਨਰ ਥਾਪਿਆ ਗਿਆ। ਉਸਨੇ ਇਸ ਸਮੇਂ ਮਰਾਠਿਆਂ ਨਾਲ ਲੜਨਾ ਠੀਕ ਨਹੀਂ ਸਮਝਿਆ। ਮੁਅਜ਼ਮ ਦੇ ਪ੍ਰਭਾਵ ਅਤੇ ਯਤਨਾਂ ਸਦਕਾ ਸ਼ਿਵਾਜੀ ਅਤੇ ਮੁਗਲਾਂ ਵਿਚਕਾਰ ਸਮਝੌਤਾ ਹੋ ਗਿਆ ਅਤੇ ਮੁਗਲ ਸਰਕਾਰ ਨੇ ਸ਼ਿਵਾਜੀ ਨੂੰ ਰਾਜਾ ਮੰਨ ਲਿਆ। 1667 ਤੋਂ 1669 ਤੱਕ ਮੁਗਲਾਂ ਅਤੇ ਸ਼ਿਵਾਜੀ ਵਿਚਕਾਰ ਸ਼ਾਂਤੀ ਬਣੀ ਰਹੀ।

**ਮੁਗਲਾਂ ਅਤੇ ਮਰਾਠਿਆਂ ਵਿੱਚਕਾਰ ਯੁੱਧ 1670–74 ਈ.** :– 1670 ਈ. ਵਿੱਚ ਮੁਗਲਾਂ ਅਤੇ ਮਰਾਠਿਆਂ ਦੇ ਆਪਸੀ ਸੰਬੰਧ ਵਿਗੜ ਗਏ ਅਤੇ ਯੁੱਧ ਦਾ ਦੌਰ ਸ਼ੁਰੂ ਹੋ ਗਿਆ। ਸ਼ਿਵਾਜੀ ਨੇ ਜਿਹੜੇ ਕਿਲ੍ਹੇ ਮੁਗਲਾਂ ਨੂੰ ਦਿੱਤੇ ਸਨ ਉਨ੍ਹਾਂ ਤੇ ਮੁੜ ਅਧਿਕਾਰ ਜਮਾ ਲਿਆ, ਜਿਵੇਂ : ਸਿੰਘਗੜ, ਪੁਰੰਧਰ, ਕਰਨਾਲਾ ਅਤੇ ਲੋਹਗੜ੍ਹ। 1670 ਈ. ਵਿੱਚ ਮਰਾਠਿਆਂ ਨੇ ਸੂਰਤ ਅਤੇ ਦੂਜੇ ਮੁਗਲ ਪ੍ਰਦੇਸ਼ਾਂ ਤੋਂ ਚੌਥ ਅਤੇ ਸਰਦੇਸ਼ਮੁਖੀ ਵਸੂਲ ਕਰਨਾ ਆਰੰਭ ਕਰ ਦਿੱਤਾ।

**ਸ਼ਿਵਾਜੀ ਦਾ ਰਾਜ ਤਿਲਕ 1674 ਈ.** :– 16 ਜੂਨ 1674 ਈ. ਨੂੰ ਸ਼ਿਵਾਜੀ ਨੇ ਰਾਏਗੜ੍ਹ ਵਿਖੇ ਰਾਜ ਤਿਲਕ ਦੀ ਰਸਮ ਅਦਾ ਕੀਤੀ ਅਤੇ ਛਤੱਰਪਤੀ ਦੀ ਉਪਾਧੀ ਧਾਰਣ ਕੀਤੀ। ਬ੍ਰਾਹਮਣ ਅਤੇ ਗਰੀਬਾਂ ਵਿੱਚ ਧਨ ਵੰਡਿਆ ਗਿਆ।

**ਯੁੱਧ ਦਾ ਦੌਰ ਮੁੜ ਸ਼ੁਰੂ ਹੋਣਾ 1676–78 ਈ.** :– ਰਾਜ ਤਿਲਕ ਉਪਰੰਤ ਸ਼ਿਵਾਜੀ ਨੇ ਆਪਣੀ ਜਿੱਤਾਂ ਦਾ ਸਿਲਸਿਲਾ ਸ਼ੁਰੂ ਕੀਤਾ। ਉਨ੍ਹਾਂ ਨੇ 1676 ਈ. ਵਿੱਚ ਦਖੱਣੀ ਪ੍ਰਦੇਸ਼ਾਂ ਨੂੰ ਜਿੱਤਣ ਦੀ ਯੋਜਨਾ ਬਣਾਈ। ਸ਼ਿਵਾਜੀ ਨੇ ਹੈਦਰਾਬਾਦ ਵਿਖ ਗੋਲਕੁੰਡਾ ਦੇ ਸੁਲਤਾਨ ਨਾਲ ਗੱਠਜੋੜ ਕੀਤਾ ਅਤੇ ਜਿੰਜੀ ਤੇ ਵਿਜੈ ਹਾਸਿਲ ਕੀਤੀ। ਇਸ ਪਿੱਛੇ ਵੈਲੋਰ, ਬੇਲਾਰੀ ਤੇ ਸੀਰਾ ਦੇ ਪ੍ਰਦੇਸ਼ ਵੀ ਜਿਤੇ।

**ਰਾਜ ਦਾ ਵਿਸਤਾਰ** :– ਸ਼ਿਵਾਜੀ ਨੇ ਦਖੱਣੀ ਭਾਰਤ ਵਿੱਚ ਸੁਤੰਤਰ ਰਾਜ ਦੀ ਸਥਾਪਨਾ ਕੀਤੀ। ਇਹ ਰਾਜ ਪੱਛਮੀ ਘਾਟ ਅਤੇ ਕੌਂਕਣ ਦੇ ਸੂਰਤ ਤੋਂ ਲੈ ਕੇ ਗੋਆ ਤੱਕ ਸਾਰੇ ਪ੍ਰਦੇਸ਼, ਪੂਰਬ ਵਿੱਚ ਬਗਲਾਨ, ਚੰਦੂਰ, ਪੂਨਾ, ਸਤਾਰਾ ਅਤੇ ਕੋਲਰਾਪੁਰ, ਦਖੱਣ ਪੂਰਬ ਵਿੱਚ ਬੇਲਾਰੀ, ਸੀਰਾ, ਵੈਲੋਰ ਅਤੇ ਜਿੰਜੀ ਦੇ ਪ੍ਰਦੇਸ਼ ਸਨ। 13 ਅਪ੍ਰੈਲ 1680 ਈ. ਵਿੱਚ ਸ਼ਿਵਾਜੀ ਦਾ ਦੇਹਾਂਤ ਹੋ ਗਿਆ।

**(ਜਿੱਤਾਂ):**

**II ਅਭਿਆਸ ਲਈ ਪ੍ਰਸ਼ਨ :–**

(i) ਕਿੰਨੇ ਸਾਲ ਦੀ ਉਮਰ ਵਿੱਚ ਸ਼ਿਵਾਜੀ ਨੇ ਜਿੱਤਾਂ ਦਾ ਸਿਲਸਿਲਾ ਸ਼ੁਰੂ ਕੀਤਾ ?

(ii) ਸ਼ਿਵਾਜੀ ਨੇ ਪਨਹਲਾ ਨੂੰ ਕਦੋਂ ਤੇ ਕਿਵੇਂ ਜਿਤਿਆ ?

(iii) ਪੁਰੰਧਰ ਦੀ ਸੰਧੀ ਦਾ ਮੁਗਲ-ਮਰਾਠਾ ਸੰਬੰਧਾਂ ਵਿੱਚ ਕੀ ਮਹਤਵ ਹੈ ?

(iv) ਸ਼ਿਵਾਜੀ ਮੁਗਲ ਸਮਰਾਟ ਦੀ ਕੈਦ ਤੋਂ ਭੱਜਣ ਵਿੱਚ ਕਿਵੇਂ ਸਫ਼ਲ ਹੋਏ ?

(v) ਸ਼ਿਵਾਜੀ ਦੀ ਤਾਜ ਪੋਸ਼ੀ ਕਦੋਂ ਤੇ ਕਿੱਥੇ ਹੋਈ ?

**3. ਸ਼ਿਵਾਜੀ ਦਾ ਸ਼ਾਸਨ ਪ੍ਰਬੰਧ :–**

ਸ਼ਿਵਾਜੀ ਨੇ ਆਪਣੇ ਰਾਜ-ਕਾਲ ਦੌਰਾਨ ਇੱਕ ਕੁਸ਼ਲ ਸ਼ਾਸਨ ਪ੍ਰਬੰਧ ਦੀ ਨੀਂਹ ਰੱਖੀ। ਉਹ ਨਾ ਕੇਵਲ ਇੱਕ ਮਹਾਨ ਯੋਧਾ ਸੀ ਬਲੀਕ ਉਨ੍ਹਾਂ ਵਿੱਚ ਇੱਕ ਮਹਾਨ ਸੰਗਠਨਕਰਤਾ ਅਤੇ ਯੋਗ ਰਾਜ-ਪ੍ਰਬੰਧਕ ਦੇ ਗੁਣ ਵਿਧਮਾਨ ਸਨ।

3.1 **ਕੇਂਦਰੀ ਸ਼ਾਸਨ-ਪ੍ਰਬੰਧ :-**

**(i)** **ਰਾਜਾ** :- ਸ਼ਿਵਾਜੀ ਨੇ ਛਤੱਰਪਤੀ ਦੀ ਉਪਾਧੀ ਧਾਰਨ ਕੀਤੀ। ਰਾਜ ਦੀਆਂ ਸਾਰੀਆਂ ਸ਼ਕਤੀਆਂ ਦਾ ਸੋਮਾਂ ਰਾਜਾ ਆਪ ਹੰਦਾ ਸੀ। ਉਹ ਆਪ ਹੀ ਕਾਨੂੰਨ ਸੀ, ਅਧਿਕਾਰੀਆਂ ਦੀ ਨਿਯੁਕਤੀ ਨੌਕਰੀ ਤੋਂ ਕੱਢਣਾ, ਸੈਨਿਕਾਂ ਦੀ ਭਰਤੀ, ਨਿਆਂ ਸੰਬੰਧੀ ਫੈਸਲੇ ਆਦਿ ਰਾਜੇ ਕੋਲ ਹੀ ਸ਼ਕਤੀਆਂ ਸਨ। ਉਹ ਇੱਕ ਤਾਨਾਸ਼ਾਹ ਸ਼ਾਸਕ ਸੀ ਪਰੰਤੂ ਸ਼ਿਵਾਜੀ ਨੇ ਇੰਨੀਆਂ ਸ਼ਕਤੀਆਂ ਦੇ ਬਾਵਜੂਦ ਵੀ ਉਹ ਪਰਜਾਂ ਦੇ ਹਿੱਤਾ ਨੂੰ ਧਿਆਨ ਵਿੱਚ ਰਖੱਦੇ ਸਨ।

**(ii)** **ਅਸ਼ਟ ਪ੍ਰਧਾਨ** :- ਰਾਜੇ ਦੀ ਸਹਾਇਤਾ ਲਈ ਅੱਠ ਮੰਤਰੀ ਹੁੰਦੇ ਸਨ ਜਿਨ੍ਹਾਂ, ਨੂੰ ਅਸ਼ਟ ਪ੍ਰਧਾਨ ਕਹਿੰਦੇ ਸਨ। ਇਨ੍ਹਾਂ ਦੀ ਨਿਯੁਕਤੀ ਰਾਜੇ ਦੁਆਰਾ ਹੀ ਕੀਤੀ ਜਾਂਦੀ ਸੀ। ਇਹ ਮੰਤਰੀ ਨਾ ਕੇਵਲ ਰਾਜੇ ਨੂੰ ਮਹੱਤਵਪੂਰਨ ਮਸਲਿਆਂ ਤੇ ਸਲਾਹ ਦਿੰਦੇ ਸਨ ਬਲਕਿ ਰਾਜੇ ਦੇ ਆਦੇਸ਼ਾਂ ਨੂੰ ਵੀ ਕਾਰਜ ਰੂਪ ਦਿੰਦੇ ਸਨ।

**(i)** **ਪ੍ਰਧਾਨ ਮੰਤਰੀ** :- ਇਸਨੂੰ ਪੇਸ਼ਵਾ ਵੀ ਆਖਦੇ ਸਨ। ਇਹ ਸਿਵਲ ਅਤੇ ਸੈਨਿਕ ਪ੍ਰਬੰਧ ਦਾ ਮੁਖੀ ਹੁੰਦਾ ਸੀ। ਰਾਜੇ ਦੀ ਗੈਰਹਾਜ਼ਰੀ ਵਿੱਚ ਉਸਦੇ ਪ੍ਰਤੀਨਿਧ ਦੇ ਰੂਪ ਵਿੱਚ ਸਾਰੇ ਕੰਮ ਕਰਦਾ ਸੀ। ਸਰਕਾਰੀ ਕਾਗਜ਼ਾਂ ਤੇ ਰਾਜੇ ਦੀ ਮੁਹਰ ਥੱਲੇ ਪੇਸ਼ਵਾ ਦੀ ਮੁਹਰ ਅਤੇ ਦਸਤਖ਼ਤ ਹੁੰਦੇ ਸਨ।

**(ii)** **ਮਜਮੂਾਦਰ** :- ਇਸਨੂੰ ਅਮਾਤਯ ਵੀ ਆਖਦੇ ਸਨ। ਇਹ ਰਾਜ ਦਾ ਵਿੱਤ ਮੰਤਰੀ ਸੀ ਜੋ ਆਮਦਨ ਤੇ ਖਰਚ ਦਾ ਹਿਸਾਬ ਕਿਤਾਬ ਰਖੱਦਾ ਸੀ।

**(iii)** **ਵਾਕਿਆਨਵੀਸ** :- ਇਹ ਮੰਤਰੀ ਰਾਜੇ ਦ ਦੈਨਿਕ ਕੰਮਾਂ ਅਤੇ ਦਰਬਾਰ ਦੀਆਂ ਘਟਨਾਵਾਂ ਦਾ ਪੂਰਾ ਰਿਕਾਰਡ ਰਖਦਾ ਸੀ।

**(iv)** **ਸਚਿਵ** :- ਇਸ ਦਾ ਮੁਖ ਕੰਮ ਸਰਕਾਰੀ ਪੱਤਰਾਂ ਦੀ ਪਾਂਡੂ ਲਿੱਪੀ ਠੀਕ ਢੰਗ ਨਾਲ ਤਿਆਰ ਕਰਵਾਉਣਾ ਅਤੇ ਉਹਨਾਂ ਨੂੰ ਰਜਿਸਟਰ ਵਿੱਚ ਦਰਜ ਕਰਨਾ ਹੁੰਦਾ ਸੀ। ਇਹ ਇੱਕ ਤਰ੍ਹਾਂ ਦਾ ਸੁਪਰਿੰਟੈਂਡੈਂਟ ਹੁੰਦਾ ਸੀ। ਇਸ ਤੋਂ ਇਲਾਵਾ ਸਚਿਵ ਪਰਗਨਿਆਂ ਦੇ ਹਿਸਾਬ ਕਿਤਾਬ ਵੀ ਦੇਖਦਾ ਸੀ।

**(v)** **ਦਾਬਿਰ** :- ਇਸਨੂੰ ਸੁਮੰਤ ਵੀ ਆਖਦੇ ਸਨ। ਇਹ ਵਿਦੇਸ਼ੀ ਕੰਮ ਦਾ ਮੰਤਰੀ ਸੀ ਅਤੇ ਰਾਜੇ ਨੂੰ ਵਿਦੇਸ਼ੀ ਮਾਮਲਿਆਂ ਵਿੱਚ ਸਲਾਹ ਵੀ ਦਿੰਦਾ ਸੀ। ਵਿਦੇਸ਼ੀ ਰਾਜਦੂਤਾਂ ਦਾ ਸਵਾਗਤ ਕਰਨਾ ਅਤੇ ਠਹਿਰਾਉਣ ਦਾ ਪ੍ਰਬੰਧ ਇਸਦੇ ਕਰਤਵ ਸਨ।

**(vi)** **ਸੈਨਾਪਤੀ** :- ਇਸਨੂੰ ਸਰ-ਏ-ਨੌਬਤ ਵੀ ਆਖਦੇ ਸਨ। ਇਹ ਮੰਤਰੀ ਸੈਨਾ ਦਾ ਅਧਿਅਕਸ਼ ਸੀ ਅਤੇ ਸੈਨਾ ਦੀ ਭਰਤੀ, ਸੰਗਠਨ ਅਤੇ ਅਨੁਸ਼ਾਸਨ ਉਸਦੀ ਜ਼ਿੰਮੇਵਾਰੀ ਸੀ। ਯੁੱਧ ਦੌਰਾਨ ਉਹ ਯੋਜਨਾ ਬਣਾਉਂਦਾ ਸੀ ਅਤੇ ਸੈਨਾ ਦਾ ਸੰਚਾਲਨ ਕਰਦਾ ਸੀ।

**(vii)** **ਪੰਡਿਤ ਰਾਓ** :- ਇਸਨੂੰ ਸਦਰ ਜਾਂ ਦਾਨਾਧਿਅਕਸ਼ ਵੀ ਆਖਦੇ ਸਨ। ਇਹ ਮੰਤਰੀ ਧਾਰਮਿਕ ਕੰਮਾਂ ਦਾ ਮੰਤਰੀ ਸੀ। ਰਾਜੇ ਵਲੋਂ ਬ੍ਰਾਹਮਣਾਂ ਦਾ ਸਤਿਕਾਰ ਕਰਨਾ, ਦਾਨ ਦੇਣਾ, ਧਾਰਮਿਕ ਝਗੱੜਿਆਂ ਦੇ ਫੈਸਲੇ ਕਰਨਾ ਅਤੇ ਧਾਰਮਿਕ ਰੀਤੀ-ਰਿਵਾਜ਼ ਲਈ ਨਿਯਮ ਬਣਾਉਣਾ ਆਦਿ ਉਸਦੇ ਮੁਖ ਕੰਮ ਸਨ।

**(viii)** **ਨਿਆਧੀਸ਼** :- ਇਹ ਮੰਤਰੀ ਨਿਆ ਵਿਭਾਗ ਦਾ ਸਭ ਤੋਂ ਉਚ ਅਧਿਕਾਰੀ ਸੀ। ਉਹ ਹਿੰਦੂ ਕਾਨੂੰਨ ਅਨੁਸਾਰ ਦੀਵਾਨੀ ਅਤੇ ਫੌਜਦਾਰੀ ਮੁਕਦੱਮਿਆਂ ਦਾ ਫੈਸਲਾ ਕਰਦਾ ਸੀ।

ਸਾਰੇ ਮੰਤਰੀ ਕੇਵਲ ਪੰਡਿਤ ਰਾਓ ਅਤੇ ਨਿਆਦੀਸ਼ ਨੂੰ ਛੱਡ ਕੇ ਆਪਣੇ ਕੋਲ ਫੌਜ ਰੱਖਦੇ ਸਨ ਅਤੇ ਯੁੱਧ ਵਿੱਚ ਭਾਗ ਲੈਂਦੇ ਸਨ। ਮੰਤਰੀਆਂ ਦੀ ਸਹਾਇਤਾ ਲਈ ਦੀਵਾਨ। ਮਜੁਮਦਾਰ, ਫਦਨਿਸ, ਸਬਨਿਸ, ਜਮਾਦਾਰ, ਚਿਤਨਿਸ, ਕਾਰਖਾਨਿਸ ਅਤੇ ਪੋਤਨਿਮ ਹੁੰਦੇ ਸਨ।

**3.2 ਪ੍ਰਾਂਤਕ ਪ੍ਰਸ਼ਾਸਨ :-**

ਸਾਮਰਾਜ ਨੂੰ ਅੱਗੇ ਪ੍ਰਾਂਤਾਂ ਵਿੱਚ ਵੰਡਿਆ ਗਿਆ ਸੀ। ਸ਼ਿਵਾਜੀ ਦੇ ਰਾਜ ਕਾਲ ਵਿੱਚ ਚਾਰ ਪ੍ਰਾਂਤ ਸਨ :-

**(i)** **ਉੱਤਰੀ ਪ੍ਰਾਂਤ** :- ਇਸ ਪ੍ਰਾਂਤ ਵਿੱਚ ਡਾਂਗ, ਬਗਲਾਨ, ਸੂਰਤ ਅਤੇ ਦਖੱਣ ਵਿੱਚ ਕੋਲੀ ਪ੍ਰਦੇਸ਼, ਉਤਰੀ ਬੰਬਈ 'ਚ ਕੌਂਕਣ ਪ੍ਰਦੇਸ਼ ਅਤੇ ਪੂਨਾ ਦਾ ਦੱਖਣੀ ਪਠਾਰ ਸ਼ਾਮਲ ਸੀ। ਇਸ ਪ੍ਰਾਂਤ ਦੇ ਸੂਬੇਦਾਰ ਮੋਰੋ ਤ੍ਰਿੰਬਕ ਪਿੰਗਲੇ ਸੀ। ਜੋ ਸ਼ਿਵਾਜੀ ਦਾ ਪੇਸ਼ਵਾ ਵੀ ਸੀ।

**(ii)** **ਦਖੱਣੀ ਪ੍ਰਾਂਤ** :- ਇਸ ਪ੍ਰਾਂਤ ਵਿੱਚ ਬੰਬਈ ਦਾ ਕੌਂਕਣ ਪ੍ਰਾਂਤ, ਸਾਵੰਤ-ਵਾਡੀ ਅਤੇ ਉੱਤਰੀ ਕਨਾਰਾ ਦਾ ਸਮੁੰਦਰੀ ਤਟ ਸ਼ਾਮਲ ਸੀ। ਇਸਦਾ ਸੂਬੇਦਾਰ ਅਨਾਜੀ ਦੱਤੋ ਸੀ।

**(iii)** **ਦੱਖਣ ਪੂਰਬੀ ਪ੍ਰਾਂਤ** :- ਇਸ ਪ੍ਰਾਂਤ ਵਿੱਚ ਸਤਾਰਾ ਤੇ ਕੋਲਾਪੁਰ ਦੇ ਜ਼ਿਲੇ ਅਤੇ ਕਰਨਾਟਕ ਵਿੱਚ ਤੁੰਗਭਦਰਾ ਦੇ ਪੱਛਮ ਵਿੱਚ ਬੇਲਗਾਓ ਅਤੇ ਧਾਰਵਾਰ ਦੇ ਜ਼ਿਲ੍ਹੇ ਸ਼ਾਮਲ ਸਨ।ਇਸਦਾ ਸੂਬੇਦਾਰ ਦੱਤਾਜੀ ਪੰਤ ਸੀ।

**(iv)** **ਚੌਥਾ ਪ੍ਰਾਂਤ** :- ਇਸ ਪ੍ਰਾਂਤ ਵਿੱਚ ਤੁੰਗਭਦਰਾ ਤੋਂ ਵੈਲੋਰ ਅਤੇ ਜਿੰਜੀ ਤੱਕ ਦੇ ਪ੍ਰਦੇਸ਼ ਭਾਵ ਮੈਸੂਰ ਰਾਜ ਦੇ ਉੱਤਰੀ, ਕੇਂਦਰੀ ਅਤੇ ਪੂਰਬੀ ਭਾਗ ਸ਼ਾਮਿਲ ਸਨ। ਮਦਰਾਸ ਜਿਲ੍ਹੇ ਦੇ ਬੇਲਾਰੀ, ਅਰਕਾਟ ਆਦਿ ਪ੍ਰਦੇਸ਼ ਸ਼ਾਮਲ ਸਨ ਜਿਨ੍ਹਾਂ ਨੂੰ ਸ਼ਿਵਾਜੀ ਨੇ 1676-78 ਈ. ਦੌਰਾਨ ਜਿੱਤਿਆ ਸੀ। ਇਹ ਪ੍ਰਾਂਤ ਅਧੀਨ ਹੀ ਸੀ।

ਪ੍ਰਾਂਤ ਦਾ ਪ੍ਰਬੰਧ ਸੂਬੇਦਾਰ ਦੇ ਅਧੀਨ ਹੁੰਦਾ ਸੀ। ਉਸਦਾ ਮੁਖ ਕੰਮ ਪ੍ਰਾਂਤ ਵਿੱਚ ਅਮਨ ਅਤੇ ਸ਼ਾਂਤੀ ਕਾਇਮ ਰੱਖਣਾ ਅਤੇ ਛੱਤਰਪਤੀ ਦੀ ਆਗਿਆ ਅਨੁਸਾਰ ਕੰਮ ਕਰਨਾ ਹੁੰਦਾ ਸੀ। ਸੂਬੇਦਾਰ ਦੀ ਸਹਾਇਤਾ ਲਈ- ਦੀਵਾਨ, ਮਜੁਮਦਾਰ, ਫਕਨਵਿਸ, ਸਬਿਨਸ, ਪਾਰਯੁਨਿਸ, ਚਿਤਨਿਸ, ਜਮਾਦਾਰ ਅਤੇ ਪੋਤਨਿਸ ਆਦਿ ਕਰਮਚਾਰੀ ਹੁੰਦੇ ਸਨ।

**(iii)** **ਪਰਗਨੇ ਦਾ ਪ੍ਰਬੰਧ** :- ਪ੍ਰਾਂਤਾਂ ਨੂੰ ਪਰਗਨਿਆਂ ਵਿੱਚ ਵੰਡਿਆ ਹੋਇਆ ਸੀ। ਪਰਗਨੇ ਦਾ ਪ੍ਰਬੰਧ ਕਲੈਕਟਰ ਦੇ ਹਥੱਾਂ ਵਿੱਚ ਹੁੰਦਾ ਸੀ। ਉਸਦੇ ਕੰਮ ਬਾਰੇ ਵਿਸ਼ੇਸ਼ ਰੂਪ ਵਿੱਚ ਨਹੀਂ ਕਹਿ ਸਕਦੇ ਪਰੰਤੂ ਇਹ ਨਿਸ਼ਚਿਤ ਹੈ ਕਿ ਉਹ ਸੈਨਿਕ ਟੁੱਕੜੀ ਰਖੱਦਾ ਸੀ।

**(iv)** **ਪਿੰਡ ਦਾ ਪ੍ਰਬੰਧ** :- ਪਰਗਨਿਆਂ ਨੂੰ ਅੱਗੇ ਪਿੰਡਾਂ ਵਿੱਚ ਵੰਡਿਆ ਗਿਆ ਸੀ। ਪਿਡ ਸ਼ਾਸਨ ਪ੍ਰਬੰਧ ਦੀ ਸਭ ਤੋਂ ਛੋਟੀ ਇਕਾਈ ਸੀ। ਜਿਸਦਾ ਪ੍ਰਬੰਧ ਮੁਖਿਆ ਜਾਂ ਪਟੇਲ ਦੁਆਰਾ ਕੀਤਾ ਜਾਂਦਾ ਸੀ। ਸ਼ਾਸਨ ਪ੍ਰਬੰਧ ਦੇ ਮਾਮਲਿਆਂ ਵਿੱਚ ਪੰਚਾਇਤਾਂ ਵੀ ਆਪਣਾ ਯੋਗਦਾਨ ਪਾਉਂਦੀਆਂ ਸਨ।

**III ਅਭਿਆਸ ਲਈ ਪ੍ਰਸ਼ਨ :-**

(i) ਸਚਿਵ ਦੇ ਮੁਖ ਕੰਮ ਕੀ ਸਨ ?

(ii) ਪ੍ਰਧਾਨ ਮੰਤਰੀ ਦੇ ਮੁਖ ਕੰਮਾਂ ਬਾਰੇ ਲਿਖੋ ?

(iii) ਪ੍ਰਾਂਤ ਅਤੇ ਪਰਗਨੇ ਦਾ ਮੁਖੀ ਕੌਣ ਸੀ ?

(iv) ਸਾਮਰਾਜ ਦੀ ਸਭ ਤੋਂ ਛੋਟੀ ਇਕਾਈ ਕਿਹੜੀ ਸੀ ਅਤੇ ਇਸਦਾ ਮੁਖੀ ਕੋਣ ਸੀ ?

4. **ਸੈਨਿਕ ਪ੍ਰਬੰਧ** :- ਸ਼ਿਵਾਜੀ ਨੇ ਸਾਮਰਾਜ ਦੀ ਸੁਰੱਖਿਆ ਲਈ ਸੈਨਾ ਦੀ ਮਹਤੱਤਾ ਨੂੰ ਸਮਝਦੇ ਹੋਏ ਆਪਣੇ ਰਾਜ ਵਿੱਚ ਸ਼ਕਤੀਸ਼ਾਲੀ ਸੈਨਿਕ ਪ੍ਰਣਾਲੀ ਦੀ ਵਿਵਸਥਾ ਕੀਤੀ। ਇਹ 45,000 ਘੋੜਸਵਾਰ, 1,00,000 ਪਿਆਦਾ ਸੈਨਿਕ, 1,260 ਹਾਥੀ ਅਤੇ 3,000 ਉੱਠਾਂ ਦੀ ਸਥਾਈ ਸੈਨਾ ਸੀ।

**(i)** **ਘੋੜਸਵਾਰ ਸੈਨਾ** :– 'ਪਾਗ' ਜਾਂ ਘੋੜਸਵਾਰ ਸੈਨਾ ਦੇ ਸਭ ਤੋਂ ਮਹਤਵਪੂਰਨ ਅੰਗ ਸੀ। ਇਸਦੀ ਸਭ ਤੋਂ ਛੋਟੀ ਇਕਾਈ 25 ਘੋੜਸਵਾਰਾਂ ਦੀ ਹੁੰਦੀ ਸੀ ਜਿਸਨੂੰ 'ਬਾਰਗੀਰ' ਕਿਹਾ ਜਾਂਦਾ ਸੀ। ਇਹ ਸੈਨਿਕ ਟੁਕੜੀ ਹਵਾਲਦਾਰ ਅਧੀਨ ਹੁੰਦੀ ਸੀ। ਪੰਜ ਹਵਾਲਦਾਰਾਂ ਉੱਤੇ ਇੱਕ ਜ਼ੁਮਲਾਦਾਰ ਅਤੇ ਦਸ ਜ਼ੁਮਲਾਦਾਰ ਉੱਤੇ ਇੱਕ ਹਜ਼ਾਰੀ ਹੁੰਦਾ ਸੀ। ਇੱਕ ਹਜ਼ਾਰੀ ਅਧੀਨ 1250 ਬਾਰਗੀਰ ਹੁੰਦੇ ਸਨ। ਪੰਜ ਹਜ਼ਾਰੀ ਘੋੜਸਵਾਰ ਸੈਨਾ ਦਾ ਸਭ ਤੋਂ ਵੱਡਾ ਅਧਿਕਾਰੀ ਸੀ।

ਘੋੜਸਵਾਰ ਸ਼੍ਰੇਣੀ ਵਿੱਚ ਸਿਲਿਹਦਾਰ ਨਾਮਕ ਘੋੜਸਵਾਰ ਵੀ ਹੁੰਦੇ ਸਨ। ਇਹਨ੍ਹਾਂ ਲੋਕਾਂ ਕੋਲ ਅਪਣੇ ਘੋੜੇ ਅਤੇ ਸ਼ਸਤਰ ਹੁੰਦੇ ਸਨ। ਪਰੰਤੂ ਇਨ੍ਹਾਂ ਨੂੰ 'ਪਾਗ' ਘੋੜਸਵਾਰਾਂ ਨਾਲੋਂ ਨੀਵਾਂ ਦਰਜਾ ਪ੍ਰਾਪਤ ਸੀ।

**(ii)** **ਪੈਦਲ ਸੈਨਾ** :– ਸੈਨਾ ਦਾ ਦੂਜਾ ਮਹਤਵਪੂਰਨ ਅੰਗ ਪਿਆਦਾ ਸੈਨਾ ਸੀ। ਇਸ ਦੀ ਸਭ ਤੋਂ ਛੋਟੀ ਇਕਾਈ 9 ਸੈਨਿਕਾਂ ਦੀ ਹੁੰਦੀ ਸੀ ਜਿਸਨੂੰ ਨਾਇਕ ਆਖਦੇ ਸਨ। ਨਾਇਕਾਂ ਉੱਤੇ ਇਕ ਹਵਾਲਦਾਰ ਅਤੇ 2 ਜਾਂ 3 ਹਵਾਲਦਾਰਾਂ ਉੱਤੇ ਇਕ ਜੁਮਲਾਦਾਰ ਹੁੰਦਾ ਸੀ। ਦਸ ਜੁਮਲਾਦਾਰਾਂ ਉੱਤੇ ਇੱਕ ਹਜ਼ਾਰੀ ਅਤੇ ਸੱਤ ਇੱਕ ਹਜ਼ਾਰੀਆਂ ਉੱਤੇ ਸਤ ਹਜ਼ਾਰੀ ਹੰਦਾ ਸੀ। ਇਸਦਾ ਸਭ ਤੋਂ ਵੱਡਾ ਅਧਿਕਾਰ ਸਰ-ਏ -ਨੌਬਤ ਹੁੰਦਾ ਸੀ।

**(iii)** **ਕਿਲ੍ਹਿਆਂ ਦਾ ਪ੍ਰਬੰਧ** :– ਸ਼ਿਵਾਜੀ ਦੇ ਰਾਜ ਵਿੱਚ ਲਗਭਗ 250 ਕਿਲ੍ਹੇ ਸਨ। ਕਿਲ੍ਹੇ ਦਾ ਪ੍ਰਬੰਧ ਲਈ ਹਵਾਲਦਾਰ, ਸਬਨਿਸ ਅਤੇ ਸਰਨੌਬਤ ਨਾਮਿਕ ਅਧਿਕਾਰੀ ਨਿਯੁਕਤ ਕੀਤੇ ਗਏ ਸਨ। ਇਹਨ੍ਹਾਂ ਅਧਿਕਾਰੀਆਂ ਕੋਲ ਇੱਕੋਂ ਜਿਹੀਆਂ ਸ਼ਕਤੀਆਂ ਸਨ ਅਤੇ ਇਹਨ੍ਹਾਂ ਦੀ ਕਦੇ ਵੀ ਤਬਦੀਲੀ ਹੋ ਸਕਦੀ ਸੀ। ਹਵਾਲਦਾਰ ਕੋਲ ਕਿਲ੍ਹੇ ਦੀਆਂ ਚਾਬੀਆਂ ਹੁੰਦੀਆਂ ਸਨ। ਸਬਨਿਸ ਸਿਵਲ ਅਤੇ ਭੂਮੀ-ਕਰ ਸੰਬੰਧੀ ਕੰਮ ਕਰਦਾ ਸੀ ਅਤੇ ਸਰਨੌਬਤ ਅਧੀਨ ਕਿਲ੍ਹੇ ਦੀ ਸੈਨਾ ਹੁੰਦੀ ਸੀ।

**(iv)** **ਜਲ-ਸੈਨਾ** :– ਸ਼ਿਵਾਜੀ ਦੁਆਰਾ ਜਲ ਸੈਨਾ ਦਾ ਵੀ ਸੰਗਠਨ ਕੀਤਾ ਗਿਆ ਅਤੇ ਜ਼ਹਾਜਾਂ ਦਾ ਬੇੜਾ ਤਿਆਰ ਕੀਤਾ ਜਿਸਨੂੰ ਕੋਲਾਬਾ ਵਿੱਚ ਰੱਖਿਆ ਗਿਆ। ਉਹਨਾਂ ਦੇ ਬੇੜੇ ਤੇ ਪੁਰਬ (ਭਾਵ ਉਹ ਨਾਓ (ਕਿਸ਼ਤੀ) ਜਿਸ ਤੋਂ ਨਿਸ਼ਾਨਾ ਸਾਦਿਆ ਜਾਂਦਾ ਹੈ) ਅਤੇ ਘਲੀਵਰ (ਉਹ ਕਿਸ਼ਤੀਆਂ ਜਿਨ੍ਹਾਂ ਵਿੱਚ 40-50 ਚਪੂ ਹੋਣ) ਹੁੰਦੇ ਸਨ। ਸ਼ਿਵਾਜੀ ਨੇ ਸਮੁੰਦਰੀ ਘਾਟਾਂ ਉੱਤੇ ਕਿਲ੍ਹਿਆਂ ਦੀ ਉਸਾਰੀ ਕਰਵਾਈ ਜਿਵੇਂ ਕਿ- ਵਿਜੈਦੁਰਗ, ਮਵਰਣ ਦੁਰਗ (ਸੋਮਗੜ੍ਹ), ਰਤਨਗਿਰੀ ਤੇ ਮਲਵਨ ਵਰਣਨਯੋਗ ਹਨ।

ਸ਼ਿਵਾਜੀ ਨੇ ਸੈਨਾ ਵਿੱਚ ਸਖ਼ਤ ਅਨੁਸ਼ਾਸਨ ਅਤੇ ਉੱਚੇ ਆਚਰਣ ਉੱਤੇ ਜ਼ੋਰ ਦਿੱਤਾ। ਇਸਤਰੀਆਂ ਨੂੰ ਕਦੇ ਵੀ ਹਮਲਿਆਂ ਤੇ ਨਹੀਂ ਲਜਾਇਆ ਜਾਂਦਾ ਸੀ। ਇਸ ਨਿਯਮ ਨੂੰ ਭੰਗ ਕਰਣ ਵਾਲਿਆਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਸੀ। ਸੈਨਿਕਾਂ ਨੂੰ ਨਕਦ ਤਨਖਾਹ ਦਿੱਤੀ ਜਾਂਦੀ ਸੀ। ਇੱਕ ਹਜ਼ਾਰੀ ਦੀ ਤਨਖਾਹ ਇੱਕ ਹਜ਼ਾਰ ਹੁਣ ਸਲਾਨਾ ਹੁੰਦੀ ਸੀ ਅਤੇ ਪੰਜ-ਹਜ਼ਾਰੀ ਦੀ ਦੋ ਹਜ਼ਾਰ ਹੁਣ ਸਲਾਨਾ ਹੁੰਦੀ ਸੀ। ਇਸਤੋਂ ਇਲਾਵਾ ਬਹਾਦਰ ਸੈਨਿਕਾਂ ਨੂੰ ਇਨਾਮ ਦਿੱਤੇ ਜਾਂਦੇ ਸਨ ਅਤੇ ਸ਼ਹਾਦਤ ਪ੍ਰਾਪਤ ਕਰਨ ਵਾਲੇ ਸੈਨਿਕਾਂ ਦੇ ਪਰਿਵਾਰਾਂ ਨੂੰ ਸਰਕਾਰੀ ਸਹਾਇਤਾ ਦਿੱਤੀ ਜਾਂਦੀ ਸੀ। ਸ਼ਿਵਾਜੀ ਦੀ ਸੈਨਾ ਵਿੱਚ ਅੱਠ ਮਹੀਨੇ ਲਗਾਤਾਰ ਹਮਲੇ ਕਰਨ ਅਤੇ ਲੁਟਮਾਰ ਕਰਨ ਦਾ ਨਿਯਮ ਪ੍ਰਚਲਿਤ ਸੀ। ਬਰਸਾਤ ਦੇ ਚਾਰ ਮਹੀਨੇ ਉਹ ਕਿਲ੍ਹਿਆਂ ਵਿੱਚ ਜਾਂ ਛਾਉਣੀਆਂ ਵਿੱਚ ਬਤੀਤ ਕਰਦੇ ਸਨ।

**ਅਭਿਆਸ ਲਈ ਪ੍ਰਸ਼ਨ** :–

(i) ਸ਼ਿਵਾਜੀ ਦੀ ਸੈਨਾ ਕਿਹੜੇ ਮੁਖ ਭਾਗਾਂ ਵਿੱਚ ਵੰਡੀ ਹੋਈ ਸੀ ?

(ii) ਪਿਆਦਾ ਸੈਨਾ ਦੀ ਸਭ ਤੋਂ ਛੋਟੀ ਇਕਾਈ ਕੀ ਸੀ ?

(iii) ਘੋੜਸਵਾਰ ਸੈਨਾ ਨੂੰ ਕਿਸ ਨਾਂ ਨਾਲ ਜਾਣਿਆ ਜਾਂਦਾ ਸੀ ?

(iv) ਕਿਲ੍ਹਿਆਂ ਦਾ ਪ੍ਰਬੰਧ ਕਿਹੜੇ ਅਧਿਕਾਰੀ ਕਰਦੇ ਸਨ ?

5. **ਵਿੱਤ ਵਿਵਸਥਾ :**

**(i)** **ਭੂਮੀ ਕਰ ਪ੍ਰਣਾਲੀ** :– ਸ਼ਿਵਾਜੀ ਨੇ ਪ੍ਰਚਲਿਤ ਭੂਮੀ ਕਰ ਵਿਵਸਥਾ ਵਿੱਚ ਸੁਧਾਰ ਕੀਤੇ। ਉਹਨਾਂ ਨੇ ਜਾਗੀਰਦਾਰੀ ਅਤੇ ਜ਼ਿੰਮੀਦਾਰੀ ਪ੍ਰਥਾਵਾਂ ਨੂੰ ਸਮਾਪਤ ਕਰਕੇ ਸਈਅਤਵਾੜੀ ਪ੍ਰਥਾ ਕਾਇਮ ਕੀਤੀ ਜਿਸ ਵਿੱਚ ਕਿਸਾਨਾਂ ਦਾ ਸਰਕਾਰ ਨਾਲ ਸਿੱਧਾ ਸੰਪਰਕ ਕੀਤਾ ਗਿਆ।

**(ii)** **ਭੂਮੀ ਦੀ ਪੈਮਾਇਸ਼ ਅਤੇ ਭੂਮੀ ਕਰ** :– ਭੂਮੀ ਦੀ ਪੈਮਾਇਸ਼ 'ਕਾਠੀ' ਨਾਮਕ ਰਾਜ ਰਾਹੀਂ ਕੀਤੀ ਜਾਂਦੀ ਸੀ। ਵੀਹ ਕਾਠੀਆਂ ਦਾ ਇੱਕ ਬੀਘਾ ਅਤੇ 120 ਬੀਘਿਆਂ ਦਾ ਇੱਕ ਛਾਵਰ ਹੁੰਦਾ ਸੀ। ਭੂਮੀ ਦੀ ਉਪਜ ਨੂੰ ਧਿਆਨ ਵਿੱਚ ਰਖੱਦੇ ਹੋਏ ਭੂਮੀ ਨੂੰ ਵਧੀਆ, ਦਰਮਿਆਨਾ ਅਤੇ ਘਟੀਆ ਤਿੰਨ ਭਾਗਾਂ ਵਿੱਚ ਵੰਡਿਆ ਹੋਇਆ ਸੀ। ਭੂਮੀ ਕਰ ਲਈ ਉਪਜ ਅਤੇ ਫਸਲ ਨੂੰ ਧਿਆਨ ਵਿੱਚ ਰਖੱਦੇ ਹੋਏ ਨਿਸ਼ਚਿਤ ਕੀਤਾ ਜਾਂਦਾ ਸੀ। ਚੌਲਾਂ ਦੀ ਪੈਦਾਵਾਰ ਤੋਂ ਉਪਜ ਦਾ 2/5 ਭਾਗ, ਬਾਗ ਵਾਲੀ ਜ਼ਮੀਨ ਤੋਂ 1/2 ਭਾਗ ਅਤੇ ਪਹਾੜੀ ਜ਼ਮੀਨ ਤੋਂ ਨਾਂ ਮਾਤਰ ਭਾਗ ਭੂਮੀ ਕਰ ਦੇ ਰੂਪ ਵਿੱਚ ਉਗਰਾਹਿਆ ਜਾਂਦਾ ਸੀ।

**(iii)** **ਆਮਦਨ ਦੇ ਹੋਰ ਸਾਧਨ** :– ਭੂਮੀ ਕਰ ਤੋਂ ਇਲਾਵਾ ਚੌਥ ਅਤੇ ਸਰਦੇਸ਼ਮੁਖੀ ਤੋਂ ਵੀ ਆਮਦਨ ਪ੍ਰਾਪਤ ਹੁੰਦੀ ਸੀ। ਚੌਥ ਕਿਸੇ ਪ੍ਰਦੇਸ਼ ਦੇ ਭੂਮੀ ਕਰ ਦਾ ਸਾਧਾਰਣ ਤੌਰ ਤੇ ਚੌਥਾ ਹਿੱਸਾ ਹੁੰਦਾ ਸੀ। ਪ੍ਰੋ. ਜਾਦੂਨਾਥ ਸਰਕਾਰ ਦੇ ਅਨੁਸਾਰ ਚੌਥ ਦੀ ਵਸੂਲੀ ਕਿਸੇ ਪ੍ਰਦੇਸ਼ ਨੂੰ ਕੇਵਲ ਮਰਾਠਿਆਂ ਦੀ ਲੁਟਮਾਰ ਤੋਂ ਬਚਾਉਂਦੀ ਸੀ ਨਾਂ ਕਿ ਕਿਸੇ ਤੀਜੀ ਸ਼ਕਤੀ ਤੋਂ। ਸਰਦੇਸ਼ਮੁਖੀ-ਮਹਾਰਾਸ਼ਟਰ ਦੇ ਸਾਰੇ ਦੇਸ਼ਮੁਖ ਭਾਵ ਜਾਗੀਰਦਾਰ ਸ਼ਿਵਾਜੀ ਨੂੰ ਆਪਣਾ ਸਰਦੇਸ਼ਮੁਖ ਸਵੀਕਾਰ ਕਰਦੇ ਹੋਏ ਉਸਨੂੰ ਆਪਣੀ ਆਮਦਨ ਦਾ ਦਸਵਾਂ ਭਾਗ ਦਿੰਦੇ ਸਨ। ਇਸ ਤੋਂ ਇਲਾਵਾ ਚੁੰਗੀ ਕਰ, ਪੇਸ਼ਾ ਕਰ ਅਤੇ ਜੁਰਮਾਨਿਆ ਤੋਂ ਵੀ ਆਮਦਨ ਪ੍ਰਾਪਤ ਹੁੰਦੀ ਸੀ।

**ਅਭਿਆਸ ਲਈ ਪ੍ਰਸ਼ਨ :–**

(i) ਸ਼ਿਵਾਜੀ ਨੇ ਕਿਹੜੀ ਪ੍ਰਣਾਲੀ ਸਥਾਪਿਤ ਕੀਤੀ ?

(ii) ਚੌਥ ਤੋਂ ਕੀ ਭਾਵ ਹੈ ?

(iii) ਭੂਮੀ ਦੀ ਪੈਮਾਇਸ਼ ਲਈ ਕਿਸ ਦੁਆਰਾ ਕੀਤੀ ਜਾਂਦੀ ਸੀ ?

6. **ਸਾਰਾਂਸ਼ :–**

ਸਤਾਰਵੀਂ ਸਦੀ ਦੇ ਮੁਢੱਲੇ ਸਾਲਾਂ ਵਿੱਚ ਮਰਾਠੇ ਅਹਿਮਦਨਗਰ ਅਤੇ ਬੀਜਾਪੁਰ ਰੀਆਸਤਾਂ ਵਿੱਚ ਉੱਚ ਔਹਦਿਆਂ ਤੇ ਸੇਵਾ ਕਰਦੇ ਸਨ। ਪਰੰਤੂ ਸਮੇਂ ਨਾਲ ਇਨ੍ਹਾਂ ਰਿਆਸਤਾਂ ਤੇ ਮੁਗਲਾਂ ਦਾ ਕੰਟਰੋਲ ਸਥਾਪਿਤ ਹੋਣ ਲੱਗਾ ਤਾਂ ਇਸ ਮੌਕੇ ਦਾ ਫਾਇਦਾ ਉਠਾ ਕੇ ਮਰਾਠੇ ਵੀ ਸ਼ਕਤੀ ਵਿੱਚ ਆ ਗਏ। ਮੁਗਲ ਸਰਕਾਰ ਨੇ ਸ਼ੁਰੂ ਵਿੱਚ ਮਰਾਠਿਆਂ ਵੱਲ ਵਿਸ਼ੇਸ਼ ਧਿਆਨ ਨਾ ਦਿੱਤਾ ਅਤੇ ਮਰਾਠਾ ਸ਼ਕਤੀ ਵਿੱਚ ਵਾਧਾ ਹੋਣ ਲੱਗਾ। ਸਮੇਂ ਨਾਲ ਸ਼ਿਵਾਜੀ ਅਧੀਨ ਮਰਾਠੇ ਮੁਗਲਾਂ ਲਈ ਦਖੱਣੀ ਭਾਰਤ ਵਿੱਚ ਜਦੋਂ ਖਤਰਾ ਬਣ ਗਏ ਤਾਂ ਔਰੰਗਜ਼ੇਬ ਨੇ ਮਰਾਠਿਆਂ ਦੀ ਸ਼ਕਤੀ ਦਾ ਦਮਨ ਕਰਨ ਲਈ ਅਫ਼ਜਲ ਖਾਂ, ਸਾਇਸਤਾ ਖਾਂ ਅਤੇ ਰਾਜਾ ਜੈ ਸਿੰਘ ਨੂੰ ਸਮੇਂ-ਸਮੇਂ ਤੇ ਭੇਜਿਆ। ਪਰੰਤੂ ਪੂਰਨ ਤੌਰ ਤੇ ਉਹ ਮਰਾਠਾ ਸ਼ਕਤੀ ਦਾ ਦਮਨ ਨਾ ਕਰ ਸਕੇ ਅਤੇ ਸ਼ਿਵਾਜੀ ਆਪਣਾ ਸੁਤੰਤਰ ਰਾਜ ਸਥਾਪਿਤ ਕਰਨ ਵਿੱਚ ਸਫ਼ਲ ਹੋ ਗਏ। 16 ਜੂਨ 1674 ਈ. ਵਿੱਚ ਉਹਨਾਂ ਨੇ ਰਾਏਗੜ੍ਹ ਵਿਖੇ ਰਾਜ ਤਿਲਕ ਦੀ ਰਸਮ ਅਦਾ ਕੀਤੀ। ਸਾਮਰਾਜ ਦੀ ਕੁਸ਼ਲਤਾ ਲਈ ਉਹਨਾਂ ਦੇ ਸੁਦਿੜ ਸ਼ਾਸਨ ਪ੍ਰਬੰਧ ਦੀ ਸਥਾਪਨਾ ਕੀਤੀ। ਜਿਸ ਅਧੀਨ ਸਾਮਰਾਜ ਨੂੰ ਪ੍ਰਾਂਤਾਂ, ਪਰਗਨੇ ਅਤੇ ਪਿੰਡਾਂ ਵਿੱਚ ਵੰਡਿਆ ਗਿਆ। ਇਹ ਹੀ ਨਹੀਂ ਸਾਮਰਾਜ ਦੀ ਵਿਵਸਥਾ ਨੂੰ ਮਦੇ ਨਜ਼ਰ ਰਖਦੇ ਹੋਏ ਉਹਨਾਂ ਨੇ ਸੈਨਿਕ ਵਿਵਸਥਾ ਵਿੱਚ ਵੀ ਸੁਧਾਰ ਕੀਤੇ। ਸੈਨਾ ਵਿੱਚ ਘੋੜਸਵਾਰ, ਪਿਆਦਾ ਫੌਜ ਅਤੇ ਜਲ ਸੈਨਾ ਵੀ ਕਾਇਮ ਕੀਤੀ। ਕਿਸਾਨਾਂ ਦਾ ਸ਼ੋਸ਼ਣ ਰੋਕਣ ਲਈ ਉਨ੍ਹਾਂ ਦੁਆਰਾ

ਰਾਜ ਵਿੱਚ ਰਈਅਤਵਾੜੀ ਵਿਵਸਥਾ ਕਾਇਮ ਕੀਤੀ ਗਈ ਜਿਸ ਅਧੀਨ ਕਿਸਾਨਾਂ ਦਾ ਸਰਕਾਰ ਨਾਲ ਸਿੱਧਾ ਸੰਪਰਕ ਕਾਇਮ ਕੀਤਾ ਗਿਆ। ਸਾਮਰਾਜ ਦੀ ਸ਼ਕਤੀਆਂ ਦਾ ਸੋਮਾਂ ਹੁੰਦੇ ਹੋਏ ਵੀ ਸ਼ਿਵਾਜੀ ਉਪਕਾਰੀ ਤਾਨਾਸ਼ਾਹ ਬਣੇ ਜੋ ਪਰਜਾ ਦੇ ਹਿੱਤਾਂ ਨੂੰ ਧਿਆਨ ਵਿੱਚ ਰਖੱਦੇ ਸਨ।

**7. ਸ਼ਬਦਾਰਥ :-**

1. ਬਾਰਗੀਰ - ਉਹ ਸੈਨਿਕ ਜਿਨ੍ਹਾਂ ਨੂੰ ਘੋੜੇ ਅਤੇ ਹਥਿਆਰ ਰਾਜ ਦੁਆਰਾ ਦਿੱਤੇ ਜਾਂਦੇ ਸਨ।
2. ਜਾਮਾਦਾਰ - ਖਜ਼ਾਨਚੀ
3. ਕਾਰਖਾਨਿਸ - ਕਾਰਖਾਨੇ ਦਾ ਮੁਖੀ
4. ਕਿਲਾਦਾਰ - ਕਿਲ੍ਹੇ ਦਾ ਮੁਖੀ
5. ਸਬਨਿਸ - ਦਫਤਾਦਾਰ
6. ਸਿਲਿਹਦਾਰ - ਭਾੜੇ ਦੇ ਸੈਨਿਕ

**8. ਅਭਿਆਸ ਲਈ ਛੋਟੇ ਪ੍ਰਸ਼ਨ :-**

(i) 1646-49 ਈ. ਦੌਰਾਨ ਮਰਾਠੇ ਨੇ ਕਿਹੜੇ ਇਲਾਕੇ ਤੇ ਜਿੱਤ ਹਾਸਿਲ ਕੀਤੀ?

(ii) ਦਾਦਾ ਜੀ ਕੌਂਡਦੇਵ ਕੌਣ ਸਨ? ਉਨ੍ਹਾਂ ਨੇ ਸ਼ਿਵਾਜੀ ਦੇ ਜੀਵਨ ਨੂੰ ਕਿਵੇਂ ਪ੍ਰਭਾਵਿਤ ਕੀਤਾ?

(iii) ਪੁਰੰਧਰ ਦੀ ਸੰਧੀ ਕਦੋ ਅਤੇ ਕਿਸ ਵਿਚਕਾਰ ਹੋਈ?

(iv) ਮਰਾਠਾ ਰਾਜ ਵਿੱਚ ਧਾਰਮਿਕ ਕੰਮਾਂ ਦਾ ਮੁਖੀ ਕੌਣ ਸੀ?

(v) 'ਪਾਗ' ਤੋਂ ਕੀ ਭਾਵ ਹੈ?

**9. ਅਭਿਆਸ ਲਈ ਵੱਡੇ ਪ੍ਰਸ਼ਨ :-**

1. ਸ਼ਿਵਾਜੀ ਦੇ ਅਧੀਨ ਮਰਾਠਾ ਸ਼ਕਤੀ ਦੇ ਉਥਾਨ ਬਾਰੇ ਲਿਖੋ।
2. ਸ਼ਿਵਾਜੀ ਦੇ ਸਿਵਲ ਅਤੇ ਸੈਨਿਕ ਪ੍ਰਬੰਧ ਦਾ ਵਰਣਨ ਕਰੋ।
3. ਸ਼ਿਵਾਜੀ ਦੇ ਸੈਨਿਕ ਸੰਗਠਨ ਦੀਆਂ ਮੁੱਖ ਵਿਸ਼ੇਸ਼ਤਾਵਾਂ ਬਿਆਨ ਕਰੋ।
4. ਨੋਟ ਲਿਖੋ :-
   (1). ਰਇਤਵਾੜੀ ਪ੍ਰਣਾਲੀ
   (2). ਚੌਥ
   (3) ਸਰਦੇਸ਼ਮੁਖੀ
   (4). ਅਸ਼ਟ-ਪ੍ਰਧਾਨ

**Suggested Readings :-**


*1. A.L.Srivastava - The Mughal Empire.*

*2. J.N.Saikar - Shivaji and his times.*

*3. Dr. Iswahri Prasad - A short History of Muslim Rule in India.*

*4. Dr. A.C.Arora - Madhkalin Bharat da Itihas.*

**ਪਾਠ ਨੰਬਰ : 2.7** **ਲੇਖਕ : ਮਿਸਿਜ਼ ਗੁਰਕਿਰਨਜੀਤ ਕੌਰ ਗਰੇਵਾਲ**

# ਮੁਗਲ ਸਾਮਰਾਜ ਦਾ ਸ਼ਾਸਨ-ਪ੍ਰਬੰਧ

ਮੁਖ ਰੂਪ :

ਉਦੇਸ਼

ਜਾਣ-ਪਛਾਣ

1. ਮੁਗਲ ਸਾਮਰਾਜ ਦਾ ਕੇਂਦਰੀ ਪ੍ਰਸ਼ਾਸਨ
2. ਮੁਗਲ ਸਾਮਰਾਜ ਦਾ ਪ੍ਰਾਂਤਕ ਪ੍ਰਸ਼ਾਸਨ
3. ਮੁਗਲ ਸਾਮਰਾਜ ਦਾ ਸਥਾਨਕ ਪ੍ਰਸ਼ਾਸਨ
4. ਮੁਗਲ ਸਾਮਰਾਜ ਵਿੱਚ ਲਗਾਣ ਪ੍ਰਣਾਲੀ
5. ਮਨਸਬਦਾਰੀ ਪ੍ਰਣਾਲੀ
6. ਸ਼ਬਦਾਰਥ
7. ਸਾਰਾਂਸ਼
8. ਛੋਟੇ ਉੱਤਰ ਵਾਲੇ ਪ੍ਰਸ਼ਨ
9. ਵੱਡੇ ਉੱਤਰ ਵਾਲੇ ਪ੍ਰਸ਼ਨ

**ਉੱਦੇਸ਼** :

ਇਸ ਪਾਠ ਨੂੰ ਪੜ੍ਹਨ ਨਾਲ ਹੇਠ ਲਿਖੀ ਜਾਣਕਾਰੀ ਪ੍ਰਾਪਤ ਹੋਵੇਗੀ :

- ਮੁਗਲ ਸਾਮਰਾਜ ਦਾ ਕੇਂਦਰੀ, ਪ੍ਰਾਂਤਕ ਤੇ ਸਥਾਨਕ ਪ੍ਰਸ਼ਾਸਨ
- ਮੁਗਲ ਸਰਕਾਰ ਦਾ ਵਿੱਤੀ ਪ੍ਰਸ਼ਾਸਨ ਅਤੇ ਮਨਸਬਦਾਰੀ ਪ੍ਰਣਾਲੀ।

**ਜਾਣ-ਪਛਾਣ** :

ਭਾਰਤ ਵਿੱਚ ਸ਼ਾਸਨ-ਪ੍ਰਣਾਲੀ ਦੇ ਵਿਕਾਸ ਸੰਬੰਧੀ ਮੁਗਲ-ਅਫਗਾਨ ਸੰਘਰਸ਼ (1540-1555) ਬਹੁਤ ਹੀ ਮਹਤਵਪੂਰਨ ਸੀ। ਸ਼ੇਰ ਸ਼ਾਹ ਸੂਰੀ ਨੇ ਆਪਨੇ ਸ਼ਾਸਨ ਕਾਲ ਵਿੱਚ ਯੁੱਧ ਦੇ ਨਾਲ ਰਾਜ-ਪ੍ਰਬੰਧ ਵਿੱਚ ਸੁਧਾਰ ਕੀਤੇ ਅਤੇ ਸਥਾਈ ਸ਼ਾਸਨ ਪ੍ਰਣਾਲੀ ਦਾ ਨਿਰਮਾਣ ਵੀ ਕੀਤਾ। ਅਕਬਰ ਪਹਿਲਾ ਮੁਗਲ ਬਾਦਸ਼ਾਹ ਸੀ ਜਿਸ ਨੇ ਪ੍ਰਚਲਿਤ ਸ਼ਾਸਨ ਪ੍ਰਣਾਲੀ ਨੂੰ ਨਵਾਂ ਰੂਪ ਦੇ ਕੇ, ਇੱਕ ਕੁਸ਼ਲ ਤੇ ਦ੍ਰਿੜ ਸ਼ਾਸਨ ਪ੍ਰਬੰਧ ਦੀ ਨੀਂਹ ਰੱਖੀ। ਉਸਨੇ ਪ੍ਰਚਲਿਤ ਰਾਜ ਪ੍ਰਬੰਧ ਵਿੱਚ ਨਾ ਕੇਵਲ ਸੁਧਾਰ ਕੀਤੇ ਸਗੋਂ ਕਈ ਨਵੀਂਆਂ ਪ੍ਰਥਾਵਾਂ ਵੀ ਪ੍ਰਚਲਿਤ ਕੀਤੀਆਂ। ਅਕਬਰ ਦੁਆਰਾ ਸਥਾਪਿਤ ਕੀਤੇ ਗਏ ਸ਼ਾਸਨ-ਪ੍ਰਬੰਧ ਨੂੰ ਜਹਾਂਗੀਰ, ਸ਼ਾਹਜਹਾਂ ਅਤੇ ਔਰੰਗਜ਼ੇਬ ਨੇ ਮੂਲ ਰੂਪ ਵਿੱਚ ਅਪਨਾਇਆ।

1. **ਮੁਗਲ ਸਾਮਰਾਜ-ਕੇਂਦਰੀ ਪ੍ਰਸ਼ਾਸਨ :**

**(i)** **ਬਾਦਸ਼ਾਹ** :– ਰਾਜ-ਪ੍ਰਬੰਧ ਦਾ ਮੁਖੀ ਬਾਦਸ਼ਾਹ ਹੁੰਦਾ ਸੀ। ਉਹ ਅਸੀਮਿਤ ਅਧਿਕਾਰਾਂ ਦਾ ਮਾਲਕ ਸੀ। ਕਾਨੂੰਨ ਬਣਾਉਣਾ, ਕਾਨੂੰਨ ਲਾਗੂ ਕਰਨਾ, ਕਾਨੂੰਨ ਭੰਗ ਕਰਨ ਵਾਲਿਆਂ ਨੂੰ ਸਜ਼ਾ ਦੇਣਾ, ਵੱਖ-ਵੱਖ ਵਿਆਕਤੀਆਂ ਦੀ ਨਿਯੁਕਤੀ, ਸੈਨਾ ਸੰਬੰਧੀ ਕਾਰਜ ਆਦਿ ਸਭ ਅਧਿਕਾਰਾਂ ਦੀ ਵਰਤੋਂ ਉਹ ਆਪ ਕਰਦਾ ਸੀ। ਇਸ ਤਰ੍ਹਾਂ ਮੁਗਲ ਸਮਰਾਟ ਤਾਨਾਸ਼ਾਹ ਹੁੰਦੇ ਸਨ। ਪਰੰਤੂ ਫਿਰ ਵੀ ਬਾਦਸ਼ਾਹ ਅਧਿਕਾਰੀਆਂ ਦੀ ਤਰੱਕੀ, ਨੌਕਰੀ ਤੋਂ ਹਟਾਉਣਾ, ਲੋਕ ਭਲਾਈ ਵੱਲ ਧਿਆਨ ਰਖੱਦੇ ਸਨ। ਮੁਗਲ ਬਾਦਸ਼ਾਹਾਂ ਵਿੱਚ ਝਰੋਖਾ ਦਰਸ਼ਨ ਦੀ ਪ੍ਰਥਾ ਵੀ ਪ੍ਰਚਲਿਤ ਸੀ। ਜਿਸ ਅਧੀਨ ਨਿਯਮਤ ਸਮੇਂ ਲਈ ਬਾਦਸ਼ਾਹ ਪ੍ਰਜਾ ਦੀਆਂ ਸ਼ਿਕਾਇਤਾਂ ਤੇ ਕਠਨਾਈਆਂ ਨੂੰ ਸੁਣਦੇ ਸਨ।

2. **ਮੰਤਰੀ** :– ਰਾਜ-ਪ੍ਰਬੰਧ ਦੇ ਕੰਮਾਂ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਬਾਦਸ਼ਾਹ ਦੀ ਮਦਦ ਲਈ ਕਈ ਮੰਤਰੀ ਹੁੰਦੇ ਸਨ :

**(i)** **ਵਕੀਲ ਜਾਂ ਵਜ਼ੀਰ** :– ਬਾਦਸ਼ਾਹ ਤੋਂ ਬਾਅਦ ਪ੍ਰਧਾਨ ਮੰਤਰੀ ਹੁੰਦਾ ਸੀ। ਜਿਸ ਨੂੰ ਵਕੀਲ ਜਾਂ ਵਜ਼ੀਰ ਕਹਿੰਦੇ ਸਨ। ਉਹ ਬਾਦਸ਼ਾਹ ਨੂੰ ਹਰ ਮਾਮਲੇ ਬਾਰੇ ਸਲਾਹ ਦਿੰਦਾ ਸੀ ਅਤੇ ਰਾਜ ਦੇ ਸਾਰੇ ਵਿਭਾਗਾਂ ਦੀ ਦੇਖ-ਰੇਖ ਕਰਦਾ ਸੀ। ਬਾਬਰ ਦੇ ਸਮੇਂ ਨਿਜ਼ਾਮ-ਉਦ-ਦੀਨ ਮਹੁੰਮਦ ਖਲੀਫਾ, ਹਿਮਾਯੂੰ ਦੇ ਕਾਲ ਵਿੱਚ ਹਿੰਦੂ ਬੇਗ ਅਤੇ ਅਕਬਰ ਦੇ ਕਾਲ ਵਿੱਚ ਬੈਰਮ ਖਾਂ ਸੀ। ਪਰੰਤੂ ਬੈਰਮ ਖਾਂ ਤੋਂ ਬਾਅਦ ਵਿੱਤੀ ਸੰਬੰਧੀ ਸ਼ਕਤੀਆਂ ਵਜ਼ੀਰ ਤੋਂ ਖੋਹ ਲਈਆਂ ਤੇ ਦੀਵਾਨ ਕੁਲ ਜਾਂ ਦੀਵਾਨ ਆਲਾ ਨੂੰ ਦਿੱਤੀਆਂ ਗਈਆਂ।

**(ii)** **ਦੀਵਾਨੇ-ਆਲਾ** :– ਦੀਵਾਨੇ-ਆਲਾ ਨੂੰ ਵਿੱਤ ਮੰਤਰੀ ਵੀ ਕਿਹਾ ਜਾਂਦਾ ਸੀ ਅਤੇ ਇਹ ਬਹੁਤ ਹੀ ਮਹਤਵਪੂਰਨ ਮੰਤਰੀ ਹੁੰਦਾ ਸੀ। ਅਕਬਰ ਦੇ ਕਾਲ ਵਿੱਚ ਵਿੱਤ ਸੰਬੰਧੀ ਸ਼ਕਤੀਆਂ ਦੀਵਾਨ ਨੂੰ ਸੌਂਪੀਆਂ ਗਈਆਂ। ਉਸਦਾ ਮੁੱਖ ਕੰਮ ਕੇਂਦਰੀ ਖਜ਼ਾਨਾ ਅਤੇ ਆਮਦਨ ਤੇ ਖਰਚ ਦਾ ਵੇਰਵਾ ਰਖੱਣਾ ਹੁੰਦਾ ਸੀ। ਉਹ ਖੁਦ ਸਾਰੇ ਦਫ਼ਤਰਾਂ ਸੰਬੰਧੀ ਕਰਮਾਂ ਦੇ ਭੁਗਤਾਨ ਦਾ ਵੇਰਵਾ ਕਰਦਾ ਸੀ। ਪ੍ਰਾਂਤਕ ਦੀਵਾਨਾਂ ਨਾਲ ਉਸਦਾ ਸਿੱਧਾ ਗਫਤਾ ਸੀ ਅਤੇ ਦੀਵਾਨੇ ਕੁਲ ਦੀ ਨਿਗਰਾਨੀ ਹੇਠ ਕੰਮ ਕਰਦੇ ਸਨ। ਦੀਵਾਨੇ-ਆਲਾ ਦੇ ਦਸਤਖ਼ਤ ਤੋਂ ਬਿਨ੍ਹਾਂ ਸਾਮਰਾਜ ਦਾ ਵਿੱਤ ਸੰਬੰਧੀ ਕੋਈ ਵੀ ਕੰਮ ਨਹੀਂ ਸੀ ਹੁੰਦਾ ਅਤੇ ਹਰ ਇੱਕ ਕਰਮਚਾਰੀ ਦੇ ਨਿਯੁਕਤੀ ਪਤੱਰ ਉੱਤੇ ਉਸਦੇ ਦਸਤਖ਼ਤ ਹੋਣੇ ਜ਼ਰੂਰੀ ਹਨ।

ਕੇਂਦਰੀ ਵਿੱਤ ਵਿਭਾਗ ਨੂੰ ਅੱਗੇ ਕਈ ਉਪ-ਵਿਭਾਗ ਵਿੱਚ ਵੰਡਿਆ ਗਿਆ ਸੀ। ਜਿਵੇਂ-ਦੀਵਾਨ-ਏ-ਖਲੀਸਾ, ਦੀਵਾਨ-ਏ-ਟਨ (ਨਕਦ ਤਨਖਾਹ), ਦੀਵਾਨ-ਏ-ਜਾਗੀਰ, ਦੀਵਾਨ-ਏ-ਬਯੂਤਤ (ਸ਼ਾਹੀ ਘਰਾਨੇ ਸੰਬੰਧੀ)। ਇਹਨਾਂ ਵਿਭਾਗਾਂ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਕਈ ਵਿਅਕਤੀਆਂ ਦੀ ਨਿਯੁਕਤੀ ਕੀਤੀ ਗਈ ਸੀ। ਜਿਵੇਂ-ਮੁਤਹੌਫੀ ਜੋ ਮੁਖ ਲੇਖ ਪੜਤਾਈਆ ਸੀ। ਮੁਸ਼ਰੀਫ-

ਖਜ਼ਾਨੇਦਾਰ ਕੇਂਦਰੀ ਖਜ਼ਾਨੇ ਬਾਰੇ ਹਿਸਾਬ-ਕਿਤਾਬ ਦੇਖਦਾ ਸੀ। ਅਕਬਰ ਦੇ ਸਮੇਂ ਮੁਜ਼ਫਰ ਖਾਂ, ਟੋਡਰ ਮਲ ਅਤੇ ਸ਼ਾਹ ਮਨਸੂਰ ਵਾਰੀ-ਵਾਰੀ ਇਸ ਅਹੁਦੇ ਤੇ ਕੰਮ ਕੀਤਾ।

**(iii)** **ਮੀਰ ਬਖ਼ਸ਼ੀ** :– ਇਹ ਮੰਤਰੀ ਅਤੇ ਸਿਵਲ ਅਧਿਕਾਰੀਆਂ ਨੂੰ ਤਨਖਾਹ ਦਿੰਦਾ ਸੀ। ਸੈਨਿਕਾਂ ਦੀ ਭਰਤੀ, ਉਨ੍ਹਾਂ ਦਾ ਹੁਲੀਆ (ਚੇਹਰਾ) ਦਾ ਰਿਕਾਰਡ, ਘੋੜਿਆਂ ਨੂੰ ਦਾਗਣ ਦਾ ਕੰਮ ਕਰਵਾਉਣਾ, ਮਨਸਬਦਾਰਾਂ ਦੀ ਨਿਯੁਕਤੀ ਤੇ ਤਨਖਾਹ, ਸ਼ਾਹੀ ਮਹਿਲ ਦੇ ਪਹਿਰੇਦਾਰਾਂ ਦੀ ਸੂਚੀ ਤਿਆਰ ਕਰਨਾ ਆਦਿ ਉਸ ਦੇ ਮੁਖ ਕੰਮ ਹੁੰਦੇ ਸਨ। ਮੀਰ ਬਖ਼ਸ਼ੀ ਪ੍ਰਾਂਤਕ ਬਖ਼ਸ਼ੀ ਨਾਲ ਵੀ ਸਿੱਧਾ ਗਫਤ ਹੁੰਦਾ ਸੀ। ਮੀਰ ਬਖ਼ਸ਼ੀ ਦੀ ਸਹਾਇਤਾ ਲਈ ਕੇਂਦਰੀ ਪੱਧਰ ਤੇ ਹੋਰ ਬਖ਼ਸ਼ੀ ਵੀ ਹੰਦੇ ਸਨ। ਜਿਨ੍ਹਾਂ ਨੂੰ ਪਹਿਲਾ, ਦੂਜਾ ਅਤੇ ਤੀਜਾ ਬਖ਼ਸ਼ੀ ਕਿਹਾ ਜਾਂਦਾ ਸੀ।

**(iv)** **ਮੀਰ ਸਮਨ** :– **ਇ**ਹ ਮੰਤਰੀ ਸ਼ਾਹੀ ਘਰਾਣੇ ਦੇ ਕਾਰਖਾਨਿਆਂ ਦਾ ਮੁਖੀ ਹੁੰਦਾ ਸੀ। ਇਸ ਨੂੰ ਖਾਨ

ਸਮਨ ਵੀ ਆਖਦੇ ਸਨ। ਬਾਦਸ਼ਾਹ ਅਤੇ ਹਰਮ ਦੀਆਂ ਸਭ ਜ਼ਰੂਰਤਾਂ ਨੂੰ ਪੂਰਾ ਕਰਨਾ, ਸ਼ਾਹੀ ਦਰਬਾਰ ਨੂੰ ਸਜਾਉਣਾ, ਦਾਵਤਾਂ ਅਤੇ ਭੌਜਾਂ ਦਾ ਪ੍ਰਬੰਧ, ਜਰੂਰੀ ਚੀਜਾਂ ਦੀ ਖਰੀਦ ਕਰਨਾ ਆਦਿ ਇਸ ਦੇ ਮੁਖ ਕੰਮ ਸਨ। ਮੀਰ ਬਖ਼ਸ਼ੀ ਕੰਮਾਂ ਲਈ ਲੌੜੀਂਦੀ ਰਕਮ ਅਤੇ ਵੇਰਵਾ ਦੀਵਾਨ ਦੁਆਰਾ ਹੁੰਦਾ ਸੀ। ਮੀਰ ਸਮਨ ਅਧੀਨ ਕੁਝ ਕਰਮਚਾਰੀ ਹੁੰਦੇ ਸਨ।ਜਿਵੇਂ- ਦੀਵਾਨ ਬਯੁਤਾਟ ਅਤੇ ਤਹਿਵੀਲਦਾਰ ਆਦਿ।

**(v)** **ਸਦਰ-ਓਸ-ਸਦਰ** :- ਮੁਖ ਸਦਰ ਧਰਮ ਦੇ ਵਿਭਾਗ ਦਾ ਮੁਖੀ ਹੁੰਦਾ ਸੀ। ਉਸਦਾ ਮੁਖ ਕੰਮ ਸਾਮਰਾਜ ਦੇ ਮਹਾਤਮਾਵਾਂ ਅਤੇ ਪੀਰਾਂ-ਫਕੀਰਾਂ ਦੀ ਸੂਚੀ ਤਿਆਰ ਕਰਨਾ, ਉਨ੍ਹਾਂ ਨੂੰ ਅਨੁਦਾਨ ਦੇਣਾ, ਉਨ੍ਹਾਂ ਦਾ ਰਿਕਾਰਡ ਰਖਣਾ, ਸੂਬਿਆਂ ਦੇ ਸਦਰਾਂ ਦੇ ਕੰਮਾਂ ਦਾ ਨਿਰੀਖਣ ਕਰਨਾ, ਬਾਦਸ਼ਾਹ ਨੂੰ ਧਾਰਮਿਕ ਅਤੇ ਦਾਨ ਸੰਬੰਧੀ ਮਾਮਲਿਆਂ ਬਾਰੇ ਸਲਾਹ ਦੇਣਾ ਆਦਿ ਸਨ। ਸ਼ਾਹ ਜਹਾਂਨ ਦੇ ਕਾਲ ਤੱਕ ਮੁਖ ਸਦਰ ਅਤੇ ਕਾਜ਼ੀ ਦੇ ਕੰਮ ਕੇਵਲ ਇੱਕ ਵਿਅਕਤੀ ਦੁਆਰਾ ਹੀ ਕੀਤੇ ਜਾਂਦੇ ਸਨ ਪਰੰਤੂ ਔਰੰਗਜ਼ੇਬ ਦੇ ਕਾਲ ਵਿੱਚ ਮੁਖ ਕਾਜ਼ੀ ਅਤੇ ਮੁਖ ਸਦਰ ਅਲਗ-ਅਲਗ ਕਰ ਦਿੱਤਾ ਜਿਸ ਨਾਲ ਮੁਖ ਸਦਰ ਦੀਆਂ ਨਿਆਂ ਸੰਬੰਧੀ ਸ਼ਕਤੀਆਂ ਘੱਟ ਗਈਆਂ।

**(vi)** **ਕਾਜ਼ੀ-ਉਲ-ਕਜ਼ਾਤ** :- ਮੁਖ ਕਾਜ਼ੀ-ਉਲ-ਕਜ਼ਾਤ ਆਖਦੇ ਸਨ। ਉਹ ਮੁਖ ਨਿਆਂ-ਅਧੀਸ਼ ਸੀ। ਉਸ ਦਾ ਮੁਖ ਕੰਮ ਸ਼ਰੀਅਤ ਕਾਨੂੰਨਾਂ ਅਨੁਸਾਰ ਕਾਨੂੰਨ ਵਿਵਸਥਾ ਦੀ ਦੇਖ-ਭਾਲ ਕਰਨਾ ਸੀ। ਉਹ ਸਮਰਾਟ ਨੂੰ ਨਿਆਂ ਸੰਬੰਧੀ ਮਾਮਲਿਆਂ ਵਿੱਚ ਰਾਏ ਦੇਣਾ, ਕਾਜ਼ੀਆਂ ਨੂੰ ਨਿਯੁਕਤ ਕਰਨਾ, ਉਨ੍ਹਾਂ ਦੀਆਂ ਕਚਹਿਰੀਆਂ ਦੀ ਨਿਗਰਾਨੀ ਕਰਨਾ ਅਤੇ ਅਪੀਲ ਸੰਬੰਧੀ ਮੁਕੱਦਮਿਆਂ ਦਾ ਨਿਰਣਾ ਕਰਨਾ ਆਦਿ ਸਨ।

**ਅਭਿਆਸ ਲਈ ਪ੍ਰਸ਼ਨ :**

**ਸਹੀ ਉੱਤਰ ਤੇ ✓ ਅਤੇ ਗਲਤ ਤੇ ✗ ਦੀ ਨਿਸ਼ਾਨੀ ਲਗਾਉ :-**

(ੳ) ਮੁਗਲ ਸਮਰਾਟ ਤਾਨਾਸ਼ਾਹ ਸਨ ਪਰੰਤੂ ਲੋਕ ਭਲਾਈ ਵੱਲ ਧਿਆਨ ਦਿੰਦੇ ਸਨ।

(ਅ) ਦੀਵਾਨੇ-ਆਲਾ ਵਿੱਤ ਸੰਬੰਧੀ/ਫੌਜ ਸੰਬੰਧੀ ਕੰਮ ਦਾ ਮੰਤਰੀ ਸੀ।

(ੲ) ਮੀਰ ਬਖਸ਼ੀ ਸ਼ਾਹੀ ਘਰਾਣੇ/ਸੈਨਿਕ ਅਤੇ ਸਿਵਲ ਕੰਮਾਂ ਦਾ ਮੰਤਰੀ ਸੀ।

(ਸ) ਔਰੰਗਜ਼ੇਬ ਦੇ ਕਾਲ ਦੌਰਾਨ ਮੁੱਖ ਸਦਰ ਨਿਆ ਸੰਬੰਧੀ/ਧਰਮ ਸੰਬੰਧੀ ਕੰਮਾਂ ਦਾ ਮੰਤਰੀ ਸੀ।

2. **ਪ੍ਰਾਂਤਕ ਪ੍ਰਸ਼ਾਸਨ :**

ਅਕਬਰ ਪਹਿਲਾ ਮੁਗਲ ਬਦਾਸ਼ਾਹ ਸੀ ਜਿਸ ਨੇ ਸਮਾਰਾਜ ਨੂੰ ਸੂਬਿਆਂ ਵਿੱਚ ਵੰਡਿਆ। ਉਸਦੇ ਕਾਲ ਦੌਰਾਨ ਸੂਬਿਆਂ ਦੀ ਕੁਲ ਗਿਣਤੀ 15 ਸੀ। ਸੂਬਿਆਂ ਨੂੰ ਪ੍ਰਾਂਤ ਵੀ ਆਖਦੇ ਸਨ। ਪ੍ਰਾਂਤ ਦਾ ਰਾਜ-ਪ੍ਰਬੰਧ ਕੇਂਦਰੀ ਰਾਜ-ਪ੍ਰਬੰਧ ਦਾ ਹੀ ਨਮੂਨਾ ਸੀ।

**ਪ੍ਰਾਂਤ ਦੇ ਅਧਿਕਾਰੀ :**

**(i)** **ਸੂਬੇਦਾਰ** :- ਹਰ ਇੱਕ ਪ੍ਰਾਂਤ ਦਾ ਮੁਖੀ ਸੂਬੇਦਾਰ ਹੁੰਦਾ ਸੀ ਜਿਸਦੀ ਨਿਯੁਕਤੀ ਸਮਰਾਟ ਦੁਆਰਾ ਕੀਤੀ ਜਾਂਦੀ ਸੀ। ਉਹ ਪ੍ਰਾਂਤ ਦੇ ਪ੍ਰਸ਼ਾਸਨ ਲਈ ਜਿੰਮੇਵਾਰ ਹੁੰਦਾ ਸੀ। ਉਸ ਦੇ ਮੁਖ ਕੰਮ ਪ੍ਰਾਂਤ ਦੀ ਸ਼ਾਂਤੀ ਵਿਵਸਥਾ ਰੱਖਣਾ, ਸਮਰਾਟ ਦੇ ਫਰਮਾਨਾਂ ਨੂੰ ਲਾਗੂ ਕਰਨਾ, ਲੋਕ ਭਲਾਈ ਵੱਲ ਧਿਆਨ ਦੇਣਾ ਖੇਤੀ-ਬਾੜੀ, ਉਦਯੋਗ ਅਤੇ ਵਪਾਰ ਦੀ ਉੱਨਤੀ ਲਈ ਕਦਮ ਉਠਾਉਣਾ, ਸੈਨਿਕਾਂ ਨੂੰ ਅਨੁਸ਼ਾਸਨ ਵਿੱਚ ਰੱਖਣਾ, ਦੀਵਾਨ ਦੀ ਭੂਮੀ ਸੰਬੰਧੀ ਕੰਮਾਂ ਵਿੱਚ ਮਦਦ ਕਰਨਾ, ਸੜਕਾਂ, ਖੂਹਾਂ, ਨਹਿਰਾਂ ਅਤੇ ਹਸਪਤਾਲਾਂ ਦੀ ਉਸਾਰੀ ਕਰਵਾਉਣਾ ਆਦਿ ਸਨ। ਤਿੰਨ ਸਾਲਾਂ ਤੋਂ ਬਾਅਦ ਸੂਬੇਦਾਰ ਨੂੰ ਦੂਸਰੇ ਪ੍ਰਾਂਤ ਵਿੱਚ ਬਦਲ ਦਿੱਤਾ ਜਾਂਦਾ ਸੀ।

**(ii)** **ਦੀਵਾਨ** :- ਸੂਬੇਦਾਰ ਤੋਂ ਬਾਅਦ ਦੂਜੇ ਦਰਜੇ ਤੇ ਦੀਵਾਨ ਹੁੰਦਾ ਸੀ ਜਿਸ ਦੀ ਨਿਯੁਕਤੀ ਸਮਰਾਟ

ਦੁਆਰਾ ਕੀਤੀ ਜਾਂਦੀ ਸੀ। ਉਸਦਾ ਸੰਬੰਧ ਸਿੱਧਾ ਕੇਂਦਰੀ ਸਰਕਾਰ ਨਾਲ ਹੁੰਦਾ ਸੀ। ਉਹ ਸੂਬੇ ਦੇ ਵਿੱਤ ਵਿਭਾਗ ਦਾ ਮੁਖੀ ਹੁੰਦਾ ਸੀ। ਉਸਦਾ ਮੁਖ ਕੰਮ-ਪ੍ਰਾਂਤ ਦੀ ਆਮਦਨ ਤੇ ਖਰਚੇ ਦਾ ਹਿਸਾਬ ਰੱਖਣਾ ਲੋੜ ਪੈਣ ਸਮੇਂ ਕਿਸਾਨਾਂ ਨੂੰ ਕਰਜ਼ੇ ਦੇਣੇ, ਮਾਲ ਵਿਭਾਗ ਦੇ ਕਰਮਚਾਰੀਆਂ ਦੀ ਨਿਗਰਾਨੀ ਕਰਨਾ ਆਦਿ ਸਨ। ਦੀਵਾਨ ਦੁਆਰਾ ਰੋਜ਼ਨਾਮਚਾ (ਹਰ ਦਿਨ ਦੀ ਸੂਚੀ) ਤਿਆਰ ਕੀਤਾ ਜਾਂਦਾ ਸੀ ਜਿਸ ਵਿੱਚ ਵਿੱਤ ਅਧਿਕਾਰੀਆਂ ਅਤੇ ਜ਼ਿੰਮੀਦਾਰਾਂ ਦੁਆਰਾ ਜਮਾਂ ਕੀਤੀ ਰਾਸ਼ੀ ਦਾ ਰਿਕਾਰਡ ਦਰਜ ਹੁੰਦਾ ਸੀ। ਇਸ ਤਰ੍ਹਾਂ ਦੀਵਾਨ ਨੂੰ ਸੂਬੇਦਾਰ ਅਧੀਨ ਨਾ ਕਰਕੇ ਬਾਦਸ਼ਾਹ ਨੇ ਪ੍ਰਾਂਤਾਂ ਵਿੱਚ ਸੂਬੇਦਾਰ ਦੀ ਸ਼ਕਤੀ ਤੇ ਰੋਕ ਲਗਾ ਦਿੱਤੀ ਸੀ।

**(iii)** **ਬਖਸ਼ੀ** :– ਪ੍ਰਾਂਤ ਵਿੱਚ ਬਖਸ਼ੀ ਦੀ ਨਿਯੁਕਤੀ ਬਾਦਸ਼ਾਹ ਦੁਆਰਾ ਮੀਰ ਬਖਸ਼ੀ ਦੀ ਸਿਫਾਰਸ਼ ਤੇ ਹੁੰਦੀ ਸੀ। ਉਸਦਾ ਕੰਮ ਕੇਂਦਰ ਵਿੱਚ ਮੀਰ ਬਖਸ਼ੀ ਵਰਗਾ ਹੀ ਹੁੰਦਾ ਸੀ। ਸੂਬੇ ਵਿੱਚ ਸੈਨਿਕਾਂ ਦੀ ਭਰਤੀ, ਸੈਨਿਕਾਂ ਦੇ ਹੁਲੀਏ ਦਾ ਰਿਕਾਰਡ ਹੀ ਦਰਜ ਕਰਨ ਅਤੇ ਘੋੜਿਆਂ ਨੂੰ ਦਾਗਣ ਦਾ ਪ੍ਰਬੰਧ ਕਰਦਾ ਸੀ। ਇਸ ਤੋਂ ਇਲਾਵਾ ਸੈਨਿਕਾਂ ਦੀ ਤਰੱਕੀ ਅਤੇ ਤਬਦੀਲੀ ਕਰਵਾਉਣਾ ਅਤੇ ਅਨੁਸ਼ਾਸਨ ਕਾਇਮ ਰੱਖਣਾ ਉਸਦੇ ਕੰਮ ਸਨ। ਉਹ ਖਜ਼ਾਨਾ ਅਫਸਰ ਦੇ ਰੂਪ ਵਿੱਚ ਵੀ ਕੰਮ ਕਰਦਾ ਸੀ। ਪਰਗਨੇ ਦੇ ਵਾਕਿਆਂ ਨਵੀਸ ਬਖਸ਼ੀ ਨੂੰ ਸਿੱਧਾ ਰਿਪੋਰਟ ਕਰਦੇ ਸਨ।

**(iv)** **ਸਦਰ** :– ਹਰ ਪ੍ਰਾਂਤ ਵਿੱਚ ਸਦਰ ਦੀ ਨਿਯੁਕਤੀ ਸਮਰਾਟ ਮੁੱਖ ਸਦਰ ਦੀ ਸਲਾਹ ਨਾਲ ਕਰਦਾ ਸੀ। ਉਹ ਸੂਬੇ ਦੇ ਮਹਾਤਮਾਵਾਂ ਅਤੇ ਪੀਰ-ਫਕੀਰਾਂ ਦੀ ਸੂਚੀ ਤਿਆਰ ਕਰਦਾ ਸੀ ਅਤੇ ਉਨ੍ਹਾਂ ਨੂੰ ਅਨੁਦਾਨ ਦਿੰਦਾ ਸੀ।

**(v)** **ਕਾਜ਼ੀ** :– ਕਾਜ਼ੀ ਪ੍ਰਾਂਤ ਦੇ ਨਿਆਂ ਪ੍ਰਬੰਧ ਦਾ ਮੁਖੀ ਹੁੰਦਾ ਸੀ। ਆਮ ਤੌਰ ਤੇ ਸਦਰ ਅਤੇ ਕਾਜ਼ੀ ਦੇ ਕੰਮ ਇਕੋ ਵਿਆਕਤੀ ਨੂੰ ਹੀ ਸੌਂਪ ਦਿੱਤੇ ਜਾਂਦੇ ਸਨ।

**(vi)** **ਦਰੋਗਾ-ਏ-ਡਾਕ** :– ਕੇਂਦਰ ਦਾ ਵੱਖ-ਵੱਖ ਪ੍ਰਾਂਤ ਨਾਲ ਸੰਪਰਕ ਬਣਾਏ ਰਖੱਣ ਲਈ ਇੱਕ ਵਿਸ਼ੇਸ਼ ਵਿਭਾਗ ਕਾਇਮ ਕੀਤਾ ਗਿਆ ਜੋ ਕਿ ਦੂਰ-ਦੁਰਾਡੇ ਤੱਕ ਨੂੰ ਪਹੁੰਚਾਉਂਦੇ ਸਨ। ਹਰ ਇੱਕ ਸੂਬੇ ਵਿੱਚ ਇਸ ਦਾ ਹੈਡ-ਕੁਆਟਰ ਹੁੰਦਾ ਸੀ ਅਤੇ ਉਸਦਾ ਮੁਖੀ ਦਰੋਗਾ-ਏ-ਡਾਕ ਹੁੰਦਾ ਸੀ। ਜਿਸਦਾ ਮੁੱਖ ਕੰਮ ਚਿੱਠੀਆਂ ਨੂੰ ਮੇਵਾਰਾ (ਚਿੱਠੀ ਪਹੁੰਚਾਉਣ ਵਾਲਾ) ਦੁਆਰਾ ਦਰਬਾਰ ਤੱਕ ਪਹੁੰਚਾਉਣਾ ਸੀ। ਇਸ ਕੰਮ ਲਈ ਸਾਰੇ ਸਾਮਰਾਜ ਵਿੱਚ ਬਹੁਤ ਸਾਰੀਆਂ ਡਾਕ ਚੌਕੀਆਂ ਬਣਾਈਆਂ ਗਈਆਂ ਸਨ ਜਿੱਥੇ ਕਿ ਇੱਕ ਚਿੱਠੀਆਂ ਅੱਗੇ ਤੋਂ ਅੱਗੇ ਪਹੁੰਚਾਈਆਂ ਜਾਂਦੀਆਂ ਸਨ। ਸੂਚਨਾਵਾਂ ਨੂੰ ਤੇਜ਼ੀ ਨਾਲ ਪਹੁੰਚਾਉਣ ਲਈ ਘੋੜੇ ਤੇ ਕਿਸ਼ਤੀਆਂ ਦੀ ਵੀ ਵਰਤੋਂ ਕੀਤੀ ਜਾਂਦੀ ਸੀ।

**ਅਭਿਆਸ ਲਈ ਪ੍ਰਸ਼ਨ :**

1. ਪ੍ਰਾਂਤ ਦਾ ਮੁੱਖੀ ਕੌਣ ਹੁੰਦਾ ਸੀ?
2. ਪ੍ਰਾਂਤਕ ਦੀਵਾਨ ਕਿਸ ਅਧੀਨ ਕੰਮ ਕਰਦਾ ਸੀ?
3. ਦਰੋਗਾ-ਏ-ਡਾਕ ਬਾਰੇ ਕੀ ਜਾਣਦੇ ਹੋ?

**3. ਸਥਾਨਕ ਪ੍ਰਸ਼ਾਸਨ :**

**(i)** **ਸੂਬੇਦਾਰ ਦਾ ਪ੍ਰਬੰਧ** :– ਸੂਬਿਆਂ ਨੂੰ ਅੱਗੇ ਸਰਕਾਰਾਂ ਵਿੱਚ ਵੰਡਿਆ ਗਿਆ ਸੀ। ਅਕਬਰ ਸਮੇਂ ਸਰਕਾਰਾਂ ਦੀ ਕੁਲ ਗਿਣਤੀ 134 ਤੋਂ 192 ਤੱਕ ਸੀ। ਸਰਕਾਰ ਪੱਧਰ ਤੇ ਦੋ ਮੁਖ ਅਧਿਕਾਰੀ ਕੰਮ ਕਰਦੇ ਸਨ।

**(i)** **ਫੌਜ਼ਦਾਰ** :– ਇਹ ਸਰਕਾਰ ਦਾ ਮੁਖੀ ਹੁੰਦਾ ਸੀ। ਇਸਦਾ ਮੁਖ ਕੰਮ ਅਮਨ ਤੇ ਸ਼ਾਂਤੀ ਬਣਾਏ ਰਖੱਣਾ,

ਵਿਦਰੋਹਾਂ ਨੂੰ ਕੁਚਲਣਾ ਅਤੇ ਕਾਨੂੰਨਾਂ ਨੂੰ ਲਾਗੂ ਕਰਨਾ ਹੁੰਦਾ ਸੀ। ਆਪਣੇ ਕੰਮਾਂ ਨੂੰ ਠੀਕ ਤਰ੍ਹਾਂ ਨਾਲ ਸਿਰੇ ਚਾੜ੍ਹਨ ਲਈ ਆਪਣੇ ਅਧੀਨ ਇੱਕ ਛੋਟੀ ਜਿਹੀ ਸੈਨਿਕ ਟੁੱਕੜੀ ਸਦਾ ਤਿਆਰ ਰਖਦਾ ਸੀ।

**(ii)** **ਅਮਿਲ ਗੁਜ਼ਾਰ** :– ਅਮਿਲ ਗੁਜ਼ਾਰ ਸਰਕਾਰ ਦੇ ਵਿੱਤ ਵਿਭਾਗ ਦਾ ਮੁਖੀਆ ਹੁੰਦਾ ਸੀ। ਉਸਦਾ ਮੁਖ ਕੰਮ ਛੋਟੇ ਕਰਮਚਾਰੀਆਂ ਦੇ ਕੰਮਾਂ ਦਾ ਨਿਰੀਖਣ ਕਰਨਾ, ਦੀਵਾਨ ਨੂੰ ਆਪਣੇ ਪ੍ਰਦੇਸ਼ ਦੀ ਭੂਮੀ ਕਰ ਦੀ ਹਾਲਤ ਬਾਰੇ ਸੂਚਿਤ ਕਰਨਾ, ਕਿਸਾਨਾਂ ਦੇ ਹਿੱਤਾਂ ਦਾ ਧਿਆਨ ਰਖੱਣਾ, ਭੂਮੀ ਦੀ ਉਪਜ ਵਧਾਉਣ ਦੇ ਯਤਨ ਕਰਨਾ ਆਦਿ ਸਨ।

**(iii)** **ਥਾਨੇਦਾਰ** :– ਥਾਨਾ ਉਹ ਸਥਾਨ ਹੁੰਦਾ ਸੀ ਜਿਥੇ ਕਿ ਫੌਜ ਨੂੰ ਰੱਖਿਆ ਜਾਂਦਾ ਸੀ। ਜਿਹੜੇ ਸਥਾਨ ਤੇ ਸ਼ਾਂਤੀ ਭੰਗ ਹੋਣ ਦਾ ਡਰ ਹੁੰਦਾ ਸੀ ਉਥੇ ਥਾਨੇ ਕਾਇਮ ਕੀਤੇ ਜਾਂਦੇ ਸਨ। ਇਸ ਦੇ ਮੁਖੀ ਨੂੰ ਥਾਨੇਦਾਰ ਆਖਦੇ ਸਨ ਜਿਸ ਦੀ ਨਿਯੁਕਤੀ ਸੂਬੇਦਾਰ ਤੇ ਦੀਵਾਨ ਦੀ ਸਫਾਰਿਸ਼ ਤੇ ਹੁੰਦੀ ਸੀ। ਇਹ ਥਾਨੇਦਾਰ, ਫੌਜਦਾਰ ਅਧੀਨ ਕੰਮ ਕਰਦੇ ਸਨ।

**(ii) ਪਰਗਨੇ ਦਾ ਪ੍ਰਬੰਧ :**

ਹਰ ਇੱਕ ਸਰਕਾਰ ਨੂੰ ਕਈ ਪਰਗਨਿਆਂ ਵਿੱਚ ਵੰਡਿਆ ਹੋਇਆ ਸੀ। ਪਰਗਨਿਆਂ ਦੀ ਕੁਲ ਗਿਣਤੀ 2874 ਤੋਂ 4152 ਤੱਕ ਸੀ। ਪਰਗਨੇ ਦੇ ਹੇਠ ਲਿਖੇ ਕਰਮਚਾਰੀ ਹੁੰਦੇ ਸਨ –

**(i)** **ਸ਼ਿਕਦਾਰ** :– ਇਹ ਪਰਗਨੇ ਦਾ ਮੁਖੀਆ ਹੁੰਦਾ ਸੀ। ਉਸਦਾ ਮੁਖ ਕੰਮ ਸ਼ਾਂਤੀ ਸਥਾਪਿਤ ਰਖੱਣਾ, ਫੌਜਦਾਰੀ ਮੁਕਦਮਿਆਂ ਦਾ ਫੈਸਲਾ ਕਰਨਾ ਅਤੇ ਆਮਿਲ ਦੀ ਭੂਮੀ ਕਰ ਇੱਕਠਾ ਕਰਨ ਵਿੱਚ ਸਹਾਇਤਾ ਕਰਨਾ ਹੁੰਦਾ ਸੀ।

**(ii)** **ਆਮਿਲ** :– ਆਮਿਲ ਵਿੱਤ ਵਿਭਾਗ ਦਾ ਮੁਖੀ ਹੁੰਦਾ ਸੀ। ਭੂਮੀ ਕਰ ਇੱਕਠਾ ਕਰਨਾ, ਦੀਵਾਨੀ ਮੁਕਦਮਿਆਂ ਦੇ ਫੈਸਲੇ ਕਰਨਾ ਆਦਿ ਉਸਦਾ ਮੁੱਖ ਕੰਮ ਹੁੰਦਾ ਸੀ।

**ਕਾਨੂੰਨਗੋ, ਪੋਤਦਾਰ ਅਤੇ ਕਾਰਕੁਨ :**

ਆਮਿਲ ਦੀ ਸਹਾਇਤਾ ਕਰਨ ਲਈ ਦੋ ਕਰਮਚਾਰੀ ਹੁੰਦੇ ਸਨ– ਕਾਨੂੰਨਗੋ, ਜੋ ਕਿ ਭੂਮੀ ਕਰ ਸੰਬੰਧੀ ਸਾਰੇ ਰਿਕਾਰਡ ਰਖਦਾ ਸੀ। ਪੋਤਦਾਰ – ਜੋ ਪਰਗਨੇ ਦਾ ਖਜ਼ਾਨਚੀ ਹੁੰਦਾ ਸੀ। ਹਰ ਇੱਕ ਪਰਗਨੇ ਵਿੱਚ ਕੁਝ ਕਾਰਕੁਨ ਹੁੰਦੇ ਸਨ ਜੋ ਵੱਖ-ਵੱਖ ਕਿਸਮ ਦੇ ਰਿਕਾਰਡ ਰਖਦੇ ਸਨ।

**(iii) ਪਿੰਡ ਦਾ ਪ੍ਰਬੰਧ :**

ਪਿੰਡ ਪ੍ਰਸ਼ਾਸਨਿਕ ਪ੍ਰਬੰਧ ਦੀ ਸਭ ਤੋਂ ਛੋਟੀ ਇਕਾਈ ਸੀ। ਪਿੰਡ ਦਾ ਪ੍ਰਬੰਧ ਮੁਕਦਮ ਅਧੀਨ ਹੁੰਦਾ ਸੀ। ਪਟਵਾਰੀ ਭੂਮੀ ਸੰਬੰਧੀ ਮਾਮਲਿਆਂ ਦਾ ਮੁਖੀ ਹੁੰਦਾ ਸੀ। ਚੌਂਕੀਦਾਰ ਦੀ ਮਦਦ ਨਾਲ ਪਿੰਡ ਵਿੱਚ ਸ਼ਾਂਤੀ ਕਾਇਮ ਰਖੀ ਜਾਂਦੀ ਸੀ। ਪੰਚਾਇਤ, ਇਸ ਵਿੱਚ ਪਿੰਡ ਦੇ ਪ੍ਰਭਾਵਸ਼ਾਲੀ ਵਿਅਕਤੀ ਹੁੰਦੇ ਸਨ ਜੋ ਪਿੰਡ ਦੇ ਛੋਟੇ-ਮੋਟੇ ਝਗੜਿਆਂ ਦਾ ਫੈਸਲਾ, ਧਾਰਮਿਕ ਉਨੱਤੀ ਲਈ ਯਤਨ, ਮੇਲਿਆਂ ਅਤੇ ਤਿਉਹਾਰਾਂ ਦਾ ਪ੍ਰਬੰਧ ਆਦਿ ਕਰਦੇ ਸਨ।

**(iv) ਸ਼ਹਿਰ ਦਾ ਪ੍ਰਬੰਧ :**

ਮਹਤਵਪੂਰਨ ਸ਼ਹਿਰਾਂ ਦੇ ਪ੍ਰਬੰਧ ਨੂੰ ਚਲਾਉਣ ਲਈ ਮੁਗਲ ਕਾਲ ਵਿੱਚ ਅਲਗ ਤੋਂ ਵਿਵਸਥਾ ਕੀਤੀ ਗਈ ਸੀ। ਕੇਂਦਰੀ ਸਰਕਾਰ ਦੁਆਰਾ ਕੋਤਵਾਲ ਨਾਮੀ ਅਧਿਕਾਰੀ ਦੀ ਸ਼ਹਿਰ ਵਿੱਚ ਨਿਯੁਕਤੀ ਕੀਤੀ ਜਾਂਦੀ ਸੀ। ਜਿਸ ਦਾ ਮੁਖ ਕੰਮ ਸ਼ਹਿਰ ਵਿੱਚ ਸ਼ਾਂਤੀ ਸਥਾਪਿਤ ਕਰਨਾ, ਨਗਰ ਦੀ ਸਫ਼ਾਈ ਸੰਬੰਧੀ ਪ੍ਰਬੰਧ, ਵਪਾਰੀਆਂ ਉੱਤੇ ਕੰਟਰੋਲ ਰਖੱਣਾ, ਨਕੱਲੀ ਸ਼ਰਾਬ ਬਣਾਉਣ ਤੇ ਚੈਕ ਰਖੱਣਾ ਆਦਿ ਹੁੰਦੇ ਸਨ। ਕੋਤਵਾਲ ਦੁਆਰਾ ਸ਼ਹਿਰ ਵਿੱਚ ਪ੍ਰਵੇਸ਼ ਕਰਨ ਅਤੇ ਜਾਣ ਵਾਲਿਆਂ ਦਾ ਇੱਕ ਰਜਿਸਟਰ ਤੇ ਰਿਕਾਰਡ ਰੱਖਿਆ ਜਾਂਦਾ ਸੀ।

### ਅਭਿਆਸ ਲਈ ਪ੍ਰਸ਼ਨ

1. ਫੌਜ਼ਦਾਰ ਦੇ ਕੀ ਮੁਖ ਕੰਮ ਸਨ?
2. ਆਮਿਲ ਕੌਣ ਸੀ?
3. ਪਿੰਡ ਦੇ ਮੁਖੀ ਨੂੰ ਕੀ ਆਖਦੇ ਸਨ?
4. ਵਾਕਿਆ-ਨਵੀਸ ਦੇ ਬਾਰੇ ਲਿਖੋ?
5. ਕੋਤਵਾਲ ਕੌਣ ਸੀ?

### 4. ਮੁਗਲ ਸਾਮਰਾਜ ਵਿਚ ਲਗਾਣ ਪ੍ਰਣਾਲੀ :-

ਅਕਬਰ ਨੇ ਰਾਜ-ਪ੍ਰਬੰਧ ਵਿੱਚ ਵਿੱਤ ਦੇ ਮਹੱਤਵ ਨੂੰ ਸਮਝੇ ਹੋਏ ਕੁਸ਼ਲ ਵਿੱਤੀ ਪ੍ਰਬੰਧ ਦੀ ਵਿਵਸਥਾ ਕੀਤੀ। ਸਾਮਰਾਜ ਵਿੱਚ ਆਮਦਨੀ ਦਾ ਮੁੱਖ ਸਾਧਨ ਭੂਮੀ ਕਰ ਸੀ ਜਿਸ ਵੱਲ ਉਸਨੇ ਵਿਸ਼ੇਸ਼ ਧਿਆਨ ਦਿੱਤਾ। ਸਭ ਤੋਂ ਪਹਿਲਾਂ ਸ਼ੇਰ ਸ਼ਾਹ ਸੂਰੀ ਨੇ ਲਗਾਨ ਪ੍ਰਣਾਲੀ ਨੂੰ ਬੜੇ ਸੁਚੱਜੇ ਢੰਗ ਨਾਲ ਸੰਗਠਿਤ ਕੀਤਾ ਅਤੇ ਅਕਬਰ ਨੇ ਉਸ ਪ੍ਰਣਾਲੀ ਨੂੰ ਅਪਨਾ ਲਿਆ ਪਰੰਤੂ ਉਸ ਵਿੱਚ ਕਈ ਸੁਧਾਰ ਕੀਤੇ।

(ੳ) **ਜ਼ਬਤੀ ਪ੍ਰਣਾਲੀ** :- 1570 ਤੋਂ 1580 ਈ. ਤੱਕ ਲਗਭਗ ਦਸ ਸਾਲ ਦੇ ਤਜਰਬੇ ਤੋਂ ਬਾਅਦ ਅਕਬਰ ਨੇ ਮੁਜਫਰ ਖਾਂ ਅਤੇ ਟੋਡਰ ਮਲ ਦੀ ਸਹਾਇਤਾ ਨਾਲ ਇੱਕ ਪ੍ਰਣਾਲੀ ਸ਼ੁਰੂ ਕੀਤੀ ਜਿਸਨੂੰ ਜ਼ਬਤੀ ਪ੍ਰਣਾਲੀ ਕਿਹਾ ਜਾਂਦਾ ਸੀ। ਇਸ ਪ੍ਰਣਾਲੀ ਅਧੀਨ ਭੂਮੀ ਦੀ ਪੈਮਾਇਸ਼ ਕੀਤੀ ਗਈ। ਪੈਮਾਇਸ਼ ਲਈ ਇੱਕ ਨਵੀਂ ਜਰੀਬ ਸੀ ਜੋ ਬਾਂਸ ਦੀ ਹੁੰਦੀ ਸੀ ਅਤੇ ਦੋਵੇਂ ਸਿਰਿਆਂ ਉੱਤੇ ਲੋਹੇ ਦੀਆਂ ਪੱਤੀਆਂ ਲੱਗੀਆਂ ਹੁੰਦੀਆਂ ਸਨ। ਪੈਮਾਇਸ਼ ਲਈ ਜਿਸ ਰਾਜ਼ ਦੀ ਵਰਤੋਂ ਕੀਤੀ ਗਈ ਉਹ ਲਗਭਗ 33 ਇੰਚ ਦਾ ਸੀ ਅਤੇ ਜ਼ਮੀਨ ਦਾ ਇੱਕ ਵਿੱਘਾ 3600 ਵਰਗ-ਗਜ ਦਾ ਹੁੰਦਾ ਸੀ। ਭੂਮੀ ਦੀ ਉਪਜ ਦੇ ਅਧਾਰ ਤੇ ਉਸਨੂੰ ਚਾਰ ਭਾਗਾਂ ਵਿੱਚ ਵੰਡਿਆ ਗਿਆ -

**(i)** **ਪੋਲਜ** :- ਪਹਿਲੇ ਦਰਜੇ ਦੀ ਜ਼ਮੀਨ ਜਿਸ ਵਿੱਚ ਸਾਲ ਖੇਤੀ ਕੀਤੀ ਜਾ ਸਕਦੀ ਸੀ। ਇਸ ਨੂੰ ਅੱਗੇ ਭਿੰਨ ਭਾਗਾਂ ਵਿੱਚ ਵੰਡਿਆ ਗਿਆ ਸੀ - ਵੱਧੀਆ ਕਿਸਮ ਦੀ, ਦਰਮਿਆਨੀ ਅਤੇ ਘਟੀਆ ਕਿਸਮ ਦੀ।

**(ii)** **ਪਰੌਤੀ** :- ਦੂਜੇ ਦਰਜੇ ਦੀ ਜ਼ਮੀਨ ਇਸ ਵਿੱਚ ਲਗਾਤਾਰ ਖੇਤੀ ਨਹੀਂ ਸੀ ਹੁੰਦੀ ਸਗੋਂ ਇਸ ਨੂੰ ਕੁਝ ਸਮੇਂ ਬਾਅਦ ਇੱਕ ਜਾਂ ਦੋ ਵਰਿਆ ਲਈ ਖਾਲੀ ਛੱਡਣਾ ਪੈਂਦਾ ਸੀ।

**(iii)** **ਛੱਡਰ** :- ਤੀਜੇ ਦਰਜੇ ਦੀ ਜ਼ਮੀਨ ਜਿਸਨੂੰ ਇੱਕ ਫਸਲ ਤੋਂ ਬਾਅਦ ਤਿੰਨ ਜਾਂ ਚਾਰ ਵਰ੍ਹਿਆਂ ਲਈ ਖਾਲੀ ਛੱਡਣਾ ਪੈਂਦਾ ਸੀ।

**(iv)** **ਬੰਜਰ** :- ਇਹ ਚੌਥੇ ਦਰਜੇ ਦੀ ਜ਼ਮੀਨ ਜਿਸਨੂੰ ਕੁਝ ਪੈਦਾਵਾਰ ਲੈਣ ਲਈ ਪੰਜ ਵਰ੍ਹਿਆਂ ਤੋਂ ਵੀ ਵੱਧ ਸਮੇਂ ਲਈ ਖਾਲੀ ਛੱਡਣਾ ਪੈਂਦਾ ਸੀ।

ਇਸ ਪ੍ਰਣਾਲੀ ਨੂੰ ਦਿੱਲੀ, ਅਲਾਹਬਾਦ, ਅਵਧ, ਆਗਰਾ, ਲਾਹੌਰ ਅਤੇ ਮੁਲਤਾਨ ਦੇ ਪ੍ਰਾਂਤਾ ਵਿੱਚ ਲਾਗੂ ਕੀਤਾ ਗਿਆ।

**(ii)** **ਭੂਮੀ ਕਰ** :- ਪੋਲਜ ਅਤੇ ਪਰੌਤੀ ਕਿਸਮ ਦੀ ਜ਼ਮੀਨ ਤੋਂ ਸਰਕਾਰ ਉਪਜ ਦਾ 1/3 ਹਿੱਸਾ ਲਗਾਨ ਦੇ ਰੂਪ ਵਿੱਚ ਪ੍ਰਾਪਤ ਕਰਦੀ ਸੀ। ਛੱਡਰ ਭੂਮੀ ਤੋਂ ਪਹਿਲੇ ਸਾਲ ਉਪਜ ਦਾ 1/15, ਦੂਜੇ ਸਾਲ 2/15, ਤੀਜੇ ਸਾਲ 1/5, ਚੌਥੇ ਸਾਲ 4/15 ਅਤੇ ਪੰਜਵੇ ਸਾਲ 1/3 ਹਿੱਸਾ ਪ੍ਰਾਪਤ ਕਰਦੀ ਸੀ। ਬੰਜਰ ਭੂਮੀ ਤੋਂ ਉਪਜ ਅਨੁਸਾਰ ਹਰ ਸਾਲ ਹਿੱਸਾ ਪ੍ਰਾਪਤ ਕਰਦੀ ਸੀ।

**(iii)** **ਪੱਟਾ ਅਤੇ ਕਬੂਲੀਅਤ** :– ਸ਼ੇਰ ਸ਼ਾਹ ਦੇ ਸਮੇਂ ਵਾਂਗ ਅਕਬਰ ਦੇ ਸਮੇਂ ਵੀ ਸਰਕਾਰ ਵਲੋਂ ਪੱਟਾ ਨਾਮੀ ਪਤੱਰ ਕਿਸਾਨ ਨੂੰ ਦਿੱਤਾ ਜਾਂਦਾ ਸੀ ਜਿਸ ਵਿੱਚ ਭੂਮੀ ਦਾ ਖੇਤਰਫ਼ਲ, ਪੈਦਾਵਾਰ, ਭੂਮੀ–ਕਰ ਆਦਿ ਲਿਖਿਆ ਹੁੰਦਾ ਸੀ। ਕਿਸਾਨ 'ਕਬੂਲੀਅਤ' ਭਾਵ ਸਵੀਕਾਰਤਾ ਦੇ ਪਤੱਰ ਉੱਤੇ ਦਸਤਖ਼ਤ ਕਰਕੇ ਸਰਕਾਰੀ ਕਰਮਚਾਰੀ ਨੂੰ ਦਿੰਦਾ ਸੀ।

**(ਅ)** **ਗੱਲਾ–ਬਖਸ਼ੀ ਪ੍ਰਣਾਲੀ** :– ਕਈ ਭਾਗਾਂ ਵਿੱਚ ਇਸ ਨੂੰ ਬਟਾਈ ਵੀ ਕਿਹਾ ਜਾਂਦਾ ਸੀ। ਆਇਨ–ਏ–ਅਕਬਰੀ ਵਿੱਚ ਤਿੰਨ ਪ੍ਰਕਾਰ ਦੀ ਬਟਾਈ ਬਾਰੇ ਦੱਸਿਆ ਗਿਆ ਹੈ–

(a) ਜਦੋਂ ਫਸਲ ਕੱਟਾਈ ਲਈ ਜਾਂਦੀ ਸੀ ਤਾਂ ਉਸਨੂੰ ਕਿਸਾਨ ਅਤੇ ਸਰਕਾਰੀ ਕਰਮਚਾਰੀ ਵਿੱਚਕਾਰ ਲਗਾਨ ਅਨੁਸਾਰ ਵੰਡ ਦਿੱਤਾ ਜਾਂਦਾ ਸੀ।

(b) ਖੇਤ ਬਟਾਈ :– ਜਦੋਂ ਫਸਲ ਅਜੇ ਖੇਤ ਵਿੱਚ ਹੀ ਹੁੰਦੀ ਸੀ ਤਾਂ ਲਗਾਨ ਦੇ ਹਿੱਸੇ ਅਨੁਸਾਰ ਖੇਤ ਦੀ ਵੰਡ ਕਰ ਦਿੱਤੀ ਜਾਂਦੀ ਸੀ।

(c) ਲੰਗ ਬਟਾਈ :– ਜਦੋਂ ਫਸਲ ਦੀ ਕਟਾਈ ਤੋਂ ਬਾਅਦ ਢੇਰੀਆਂ ਬਣਾ ਦਿੱਤੀਆਂ ਜਾਂਦੀਆਂ ਸਨ ਤਾਂ ਉਸ ਸਮੇਂ ਲਗਾਨ ਦੇ ਹਿੱਸਾ ਅਨੁਸਾਰ ਸਰਕਾਰੀ ਕਰਮਚਾਰੀ ਆਪਨਾ ਲਗਾਨ ਵਸੂਲਦੇ ਸਨ।

ਇਸ ਪ੍ਰਣਾਲੀ ਨੂੰ ਸਰਹੱਦੀ ਸੂਬਿਆਂ ਵਿੱਚ ਲਾਗੂ ਕੀਤਾ ਗਿਆ ਜਿਵੇਂ – ਸਿੰਧ, ਕਸ਼ਮੀਰ, ਕਾਬਲ ਆਦਿ।

**ਕਨਕੂਤ ਪ੍ਰਣਾਲੀ** :–

ਕਨਕੂਤ ਦੋ ਅਖਰਾਂ ਦੇ ਮੇਲ ਤੋਂ ਬਣਿਆ ਹੈ– ਕਨ ਭਾਵ ਦਾਨਾ ਅਤੇ ਕੂਤ ਭਾਵ ਅਨੁਮਾਨ। ਇਸ ਤਰ੍ਹਾਂ ਇਸ ਪ੍ਰਣਾਲੀ ਤੋਂ ਭਾਵ ਹੈ ਕਿ ਸਰਕਾਰੀ ਭੂਮੀ ਦੀ ਪੈਮਾਇਸ਼ ਕਰਦੀ ਸੀ ਅਤੇ ਖੜੀ ਫਸਲ ਉੱਤੇ ਹੀ ਆਪਣਾ ਹਿੱਸਾ ਨਿਯਤ ਕਰ ਲੈਂਦੀ ਸਸੀ। (ਕਿਸਾਨ ਨਾਲ) ਇਸ ਪ੍ਰਣਾਲੀ ਵਿੱਚ ਫਸਲ ਦੀ ਅਸਲ ਪੈਦਾਵਾਰ ਤੇ ਨਹੀਂ ਸਗੋਂ ਅਨੁਮਾਨ ਤੇ ਹੀ ਹਿੱਸਾ ਨਿਯਤ ਕਰਦੀ ਸੀ। ਇਸ ਪ੍ਰਣਾਲੀ ਨੂੰ ਬੰਗਾਲ ਤੇ ਉੜੀਸਾ ਦੇ ਪ੍ਰਾਂਤਾ ਵਿੱਚ ਲਾਗੂ ਕੀਤਾ ਗਿਆ।

**(ii)** **ਲਗਾਨ ਇੱਕਠਾ ਕਰਨ ਸੰਬੰਧੀ ਪ੍ਰਬੰਧ** :– ਲਗਾਨ ਸਾਲ ਵਿੱਚ ਦੋ ਵਾਰੀ ਇਕੱਠਾ ਕੀਤਾ ਜਾਂਦਾ ਸੀ। ਪਰਗਨੇ ਵਿੱਚ ਲਗਾਨ ਇਕੱਠਾ ਕਰਨ ਦਾ ਕੰਮ ਆਮਿਲ ਕਰਦਾ ਸੀ ਕਾਨੂੰਨਗੋ ਮੁਕਦਮ ਅਤੇ ਪਟਵਾਰੀ ਉਸਦੀ ਸਹਾਇਤਾ ਕਰਦਾ ਸੀ। ਇਹਨਾਂ ਤੋਂ ਇਲਾਵਾ ਖਜ਼ਾਨਦਾਰ ਅਤੇ ਬਿਤਿਦੀ (ਜੋ ਭੂਮੀ ਕਰਅਤੇ ਉਪਜ ਸੰਬੰਧੀ ਰਿਕਾਰਡ ਰਖਦਾ ਸੀ) ਵੀ ਹੁੰਦੇ ਸਨ।

**(iii)** **ਭੂਮੀ ਕਰ ਪ੍ਰਾਪਤ ਆਮਦਨ** :– ਅਕਬਰ ਦੇ ਸ਼ਾਸਨ ਕਾਲ ਦੌਰਾਨ 1594 ਈ. ਵਿੱਚ ਸਲਾਨਾ ਆਮਦਨ ਲਗਭਗ 13 ਕਰੋੜ ਰੁਪਏ ਸੀ ਜੋ 1605 ਈ. ਵਿੱਚ 17 ਕਰੋੜ ਹੋ ਗਈ। ਸ਼ਾਹਜਹਾਨ ਦੇ ਕਾਲ ਵਿੱਚ ਭੂਮੀ ਕਰ ਦੀ ਆਮਦਨ 21 ਕਰੋੜ ਰੁਪਏ ਅਤੇ ਔਰੰਗਜ਼ੇਬ ਦੇ ਕਾਲ ਵਿੱਚ ਭੂਮੀ ਕਰ 26 ਕਰੋੜ ਰੁਪਏ ਦੀ ਸਲਾਨ ਆਮਦਨ ਹੋਣ ਲੱਗੀ।

### ਅਭਿਆਸ ਲਈ ਪ੍ਰਸ਼ਨ :

1. ਗੱਲਾ–ਬਖਸ਼ੀ ਤੋਂ ਕੀ ਭਾਵ ਹੈ?
2. ਉਪਜ ਦੇ ਅਧਾਰ ਤੇ ਭੂਮੀ ਨੂੰ ਕਿਹੜੇ–ਕਿਹੜੇ ਭਾਗਾਂ ਵਿੱਚ ਵੰਡਿਆ ਗਿਆ?
3. ਮੁਕਦਮ ਅਤੇ ਪਟਵਾਰੀ ਦਾ ਮੁਖ ਕੰਮ ਦੀ ਸੀ?

### 5. ਮਨਸਬਦਾਰੀ ਪ੍ਰਣਾਲੀ :

1571 ਈ. ਵਿੱਚ ਅਕਬਰ ਨੇ ਮੀਰ ਬਖਸ਼ੀ ਸ਼ਾਹਬਾਜ਼ ਖਾਂ ਦੀ ਸਹਾਇਤਾ ਨਾਲ ਇੱਕ ਨਵੀ ਪ੍ਰਣਾਲੀ ਸ਼ੁਰੂ ਕੀਤੀ ਜਿਸਨੂੰ ਮਨਸਬਦਾਰੀ ਪ੍ਰਣਾਲੀ ਕਿਹਾ ਜਾਣ ਲੱਗਾ। 'ਮਨਸਬ' ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ

ਅਰਥ ਹੈ ਸਥਾਨ ਜਾਂ ਪਦਵੀ। ਇਸ ਤਰ੍ਹਾ ਮੁਗਲਾਂ ਅਧੀਨ ਮਨਸਬ ਵਿੱਚ ਕਈ ਰੈਂਕ (ਦਰਜੇ) ਸਥਾਪਿਤ ਹੋ ਗਏ। ਅਕਬਰ ਨੇ ਸਿਵਲ ਤੇ ਸੈਨਿਕ ਅਫਸਰਾਂ ਨੂੰ ਉਨ੍ਹਾਂ ਦੀ ਮੈਰਿਟ ਤੇ ਨੌਕਰੀ ਦੇ ਅਧਾਰ ਤੇ ਮਨਸਬ ਦਿੱਤੇ। ਅਬੁਲ ਫਜ਼ਲ ਅਨੁਸਾਰ ਅਕਬਰ ਵੇਲੇ ਮਨਸਬਦਾਰਾਂ ਦੀਆਂ 66 ਸ੍ਰੇਣੀਆਂ ਸਨ ਜਿਨ੍ਹਾਂ ਵਿੱਚ 10 ਘੋੜਸਵਾਰ ਤੋਂ 10,000 ਘੋੜਸਵਾਰ ਦੀ ਗਿਣਤੀ ਸੀ ਪਰੰਤੂ ਇਨ੍ਹਾਂ ਸ੍ਰਣੀਆਂ ਦੀ ਗਿਣਤੀ 33 ਤੋਂ ਵੱਧ ਨਹੀਂ ਜਾਪਦੀ।

ਮਨਸਬ ਤਿੰਨ ਚੀਜ਼ਾਂ ਦਰਸਾਉਂਦਾ ਸੀ –

(i) ਅਧਿਕਾਰੀ ਦਾ ਦਰਜਾ ਸ਼ਾਹੀ ਦਰਬਾਰ ਵਿੱਚ।

(ii) ਅਧਿਕਾਰੀ ਦਾ ਤਨਖਾਹ

(iii) ਅਧਿਕਾਰੀ ਦੁਆਰਾ ਰੱਖੇ ਜਾਣ ਵਾਲੇ ਘੋੜਸਵਾਰ ਦੀ ਸੰਖਿਆ।

**(i) ਜ਼ਾਤ ਤੇ ਸਵਾਰ** :– ਮਨਸਬਦਾਰੀ ਪ੍ਰਣਾਲੀ ਵਿੱਚ ਦੋ ਪਦ ਹੁੰਦੇ ਸਨ – ਜਾਤ ਤੇ ਸਵਾਰ। ਸ਼ੁਰੂ ਵਿੱਚ ਕੇਵਲ ਇੱਕ ਪਦ ਹੀ ਹੁੰਦਾ ਸੀ ਪਰੰਤੂ 1595–96 ਈ. ਦੌਰਾਨ ਦੋ ਪਦ ਹੋਂਦ ਵਿੱਚ ਆਏ।

ਪਹਿਲਾ ਜ਼ਾਤ :– ਜੋ ਕਿ ਮਨਸਬਦਾਰ ਦੀ ਨੀਜੀ ਤਨਖਾਹ ਅਤੇ ਉਸਦਾ ਦਰਜ਼ਾ ਦਰਸਾਉਂਦਾ ਸੀ।

ਦੂਜਾ ਸਵਾਰ :– ਜੋ ਕਿ ਮਨਸਬਦਾਰ ਦੁਆਰਾ ਨਿਸ਼ਚਿਤ ਘੋੜੇ ਅਤੇ ਘੋੜਸਵਾਰਾਂ ਦੀ ਗਿਣਤੀ ਦਰਸਾਉਂਦਾ ਸੀ।

ਪਰੰਤੂ ਉਪਰੋਕਤ ਦੱਸੇ ਗਏ ਦੋ ਪਦਾਂ ਬਾਰੇ ਇਤਹਾਸਕਾਰਾਂ ਦੇ ਵੱਖ-ਵੱਖ ਵਿਚਾਰ ਹਨ।–ਵਿਲਿਅਮ ਇਰਵਿਨ ਅਨੁਸਾਰ ਜ਼ਾਤ ਅਤੇ ਸਵਾਰ ਦੋ ਅਲਗ-ਅਲਗ ਪਦ ਸਨ ਅਤੇ ਦੋਵੇਂ ਹੀ ਘੋੜਿਆਂ ਦੀ ਵਾਸਤਵਿਕ ਸੰਖਿਆ ਨੂੰ ਦਰਸਾਉਂਦੇ ਸਨ। ਅਬਦੁਲ ਅਜ਼ੀਜ਼ ਅਨੁਸਾਰ ਜ਼ਾਤ ਮਨਸਬਦਾਰ ਦੀ ਨਿਸ਼ਚਿਤ ਤਨਖਾਹ ਦਰਸਾਉਂਦਾ ਅਤੇ ਸਵਾਰ ਘੋੜਸਵਾਰ ਦੀ ਗਿਣਤੀ। ਡਾ. ਅਥਰ ਅਲੀ ਦੇ ਵਿਚਾਰ ਅਨੁਸਾਰ ਜ਼ਾਤ ਪਦ ਮਨਸਬਦਾਰ ਦੀ ਤਨਖਾਹ ਅਤੇ ਮੁਗਲ ਸਰਕਾਰ ਵਿੱਚ ਦਰਜ਼ਾ ਦਰਸਾਉਂਦਾ ਸੀ ਅਤੇ ਸਵਾਰ ਪਦ ਘੋੜੇ ਅਤੇ ਘੋੜਸਵਾਰਾਂ ਦੀ ਗਿਣਤੀ ਦਾ ਸੂਚਕ ਸੀ, ਜੋ ਕਿ ਉਸਨੂੰ ਰਖਣੇ ਹੁੰਦੇ ਸਨ। ਡਾ. ਅਥਰ ਅਲੀ ਦਾ ਵਿਚਾਰ ਠੀਕ ਮੰਨਿਆ ਜਾਂਦਾ ਹੈ।

ਸਵਾਰ-ਪਦ ਦੇ ਅਧਾਰ ਤੇ ਮਨਸਬਦਾਰਾਂ ਦੇ ਤਿੰਨ ਦਰਜ਼ੇ ਸਨ–

(ੳ) ਜਿਸ ਵਿੱਚ ਸਵਾਰ ਅਤੇ ਜ਼ਾਤ ਪੱਦ ਬਰਾਬਰ ਹੋਣ (5000/5000)

(ਅ) ਜਿਸ ਵਿੱਚ ਸਵਾਰ ਪਦ ਦੀ ਗਿਣਤੀ ਜ਼ਾਤ ਪਦ ਤੋਂ ਅੱਧ ਜਾਂ ਅੱਧ ਤੋਂ ਵੱਧ ਹੋਵੇ (5000/3000)

(ੲ) ਜਿਸ ਵਿੱਚ ਸਵਾਰ ਪਦ ਦੀ ਗਿਣਤੀ ਅੱਧ ਜਾਂ ਅੱਧ ਤੋਂ ਘੱਟ ਹੋਵੇ (5000/2000)

ਪਰੰਤੂ ਮਨਸਬਦਾਰ ਦੇ ਦਰਜੇ ਤੇ ਇਸਦਾ ਕੋਈ ਪ੍ਰਭਾਵ ਨਹੀਂ ਪੈਂਦਾ ਸੀ। ਜਿਵੇਂ :– ਇੱਕ ਮਨਸਬਦਾਰ ਕੋਲ 4000 ਜ਼ਾਤ ਅਤੇ 2000 ਸਵਾਰ ਹਨ ਤਾਂ ਵੀ ਉਹ 3000 ਜ਼ਾਤ ਅਤੇ 3000 ਸਵਾਰ ਵਾਲੇ ਮਨਸਬਦਾਰ ਤੋਂ ਉੱਚ ਦਰਜੇ ਦਾ ਹੀ ਮੰਨਿਆ ਜਾਂਦਾ ਸੀ। ਕਈ ਵਾਰ ਸਵਾਰਾਂ ਦੀ ਗਿਣਤੀ ਹਲਾਤ ਅਨੁਸਾਰ ਵਧਾਈ ਜਾਂ ਘਟਾਈ ਜਾਂਦੀ ਸੀ।

ਜਹਾਂਗੀਰ ਦੇ ਕਾਲ ਵਿੱਚ ਇੱਕ ਮਹਤਵਪੂਰਨ ਤਬਦੀਲੀ ਆਈ ਕਿ ਮਨਬਦਾਰਾਂ ਦਾ ਇੱਕ ਨਵਾਂ ਪਦ ਸਥਾਪਿਤ ਕੀਤਾ ਗਿਆ ਜਿਸਨੂੰ 'ਦੋ-ਅਸਪਾ ਸੀਹ-ਸਅਪਾ' ਕਿਹਾ ਜਾਂਦਾ ਸੀ। ਇਹ ਸਵਾਰ ਪਦ ਦਾ ਹੀ ਇੱਕ ਹਿੱਸਾ ਸੀ। ਇਸ ਦੇ ਅਨੁਸਾਰ ਸਵਾਰ ਪਦ ਦੇ ਕੁਲ ਘੋੜਸਵਾਰ ਦੀ ਗਿਣਤੀ ਵਿੱਚੋਂ ਕੁਝ ਘੋੜਸਾਵਰਾਂ ਦੀ ਗਿਣਤੀ ਦੋ ਅਸਪ ਸੀਹ ਅਸਪ' ਨਿਸ਼ਚਿਤ ਕਰ ਦਿੱਤੀ ਜਾਂਦੀ ਸੀ ਅਤੇ ਮਨਬਦਾਰਾਂ ਨੂੰ ਇਸ ਗਿਣਤੀ ਤੋਂ ਦੁਗਣੇ ਘੋੜਸਵਾਰ ਰਖੱਣੇ ਪੈਂਦੇ ਸਨ ਅਤੇ ਇਨ੍ਹਾਂ ਘੋੜਸਵਾਰਾਂ ਲਈ ਵੇਤਨ ਵੀ ਦੁਗਣਾ ਮਿਲਦਾ ਸੀ। ਜਿਵੇਂ :– ਮਨਸਬਦਾਰ ਦਾ ਦਰਜਾ 4000 ਜਾਤ / 4000 ਸਵਾਰ ਸੀ ਤਾਂ 2000 ਘੋੜਸਵਾਰ ਉਸ ਕੋਲ ਮੂਲ ਹੁੰਦੇ ਸਨ ਅਤੇ 2000 ਸਵਾਰ ਦੋ ਅਸਪਾ ਸੀਹ ਅਸਪਾ ਤਾਂ ਦੁਗਣੇ ਬਣਕੇ ਉਹ 4000 ਮੂਲ ਘੋੜਸਵਾਰ ਰਖੱਣੇ ਪੈਂਦੇ ਸਨ ਜਿਨ੍ਹਾਂ ਦੀ ਗਿਣਤੀ ਕੁਲ ਮਿਲਾ ਕੇ 6000 ਤੱਕ ਪਹੁੰਚ ਜਾਂਦੀ ਸੀ।

**(ii) ਮਨਸਬਦਾਰਾਂ ਦੀ ਭਰਤੀ ਤੇ ਤਰੱਕੀ** :– ਮਨਸਬਦਾਰਾਂ ਦੀ ਭਰਤੀ ਮੁਗਲ ਬਾਦਸ਼ਾਹ ਦੁਆਰਾ ਕੀਤੀ ਜਾਂਦੀ ਸੀ। ਮੀਰ ਬਖਸ਼ੀ ਭਰਤੀ ਹੋਣ ਵਾਲੇ ਵਿਅਕਤੀ ਨੂੰ ਬਾਦਸ਼ਾਹ ਅੱਗੇ ਪੇਸ਼ ਕਰਦਾ ਸੀ। ਬਾਦਸ਼ਾਹ ਮੀਰ ਬਖਸ਼ੀ ਦੀ ਸਲਾਹ ਨਾਲ ਉਸ ਨੂੰ ਭਰਤੀ ਕਰ ਲੈਂਦਾ ਸੀ ਅਤੇ ਉਸਦਾ ਰਿਕਾਰਡ ਤਿਆਰ ਕਰ ਲਿਆ ਜਾਂਦਾ ਸੀ ਜਿਸ ਨੂੰ 'ਹਕੀਕਤ' ਆਖਦੇ ਸਨ। ਘੋੜਿਆਂ ਨੂੰ ਵੀ ਦਾਗਿਆ ਜਾਂਦਾ ਸੀ ਅਤੇ ਉਸਦੇ ਸੈਨਿਕਾਂ ਦਾ ਹੁਲੀਆ ਜੋ ਉਸ ਨੇ ਰਖੱਣੇ ਹੁੰਦੇ ਸਨ, ਦਰਜ ਕੀਤਾ ਜਾਂਦਾ ਸੀ।

ਮਨਸਬਦਾਰਾਂ ਦੀ ਤਰੱਕੀ ਵੀ ਬਾਦਸ਼ਾਹ ਹੀ ਕਰਦਾ ਸੀ। ਕਿਸੇ ਵੀ ਮਨਸਬਦਾਰ ਦੀ ਤਰੱਕੀ ਉਸਦੀ ਆਪਣੇ ਕੰਮ ਪ੍ਰਤੀ ਲਗਨ, ਮਹਿਨਤ, ਬਹਾਦਰੀ ਰਾਜੇ ਪ੍ਰਤੀ ਵਫ਼ਾਦਾਰੀ ਆਦਿ ਨੇ ਨਿਰਭਰ ਕਰਦੀ ਸੀ। ਪਰੰਤੂ ਨਾਲ (Racial consideration) ਵੀ ਤਰੱਕੀ ਦਾ ਮਹਤਵਪੂਰਨ ਅਧਾਰ ਸੀ। ਆਮ ਤੌਰ ਤੇ ਤਰੱਕੀ ਯੁੱਧ ਤੋਂ ਪਹਿਲਾਂ ਜਾਂ ਬਾਅਦ, ਬਾਦਸ਼ਾਹ ਦੇ ਜਨਮ ਦਿਨ ਜਾਂ ਤਾਜਪੋਸ਼ੀ ਦੇ ਦਿਨ, ਉਤਸਵਾਂ ਦੇ ਸਮੇਂ, ਪਦਵੀ ਦੇ ਖਾਲੀ ਹੋਣ ਤੇ ਕੀਤੀ ਜਾਂਦੀ ਸੀ।

**(iii) ਮਨਸਬਦਾਰਾਂ ਦੀਆਂ ਸ਼੍ਰੇਣੀਆਂ** :– ਬਾਦਸ਼ਾਹ ਅਕਬਰ ਦੇ ਕਾਲ ਵਿੱਚ ਸ਼੍ਰੇਣੀਆਂ ਦੀ ਸੰਖਿਆ 33 ਤੋਂ ਵੱਧ ਨਹੀਂ ਜਾਪਦੀ। ਸਭ ਤੋਂ ਛੋਟੀ ਮਨਸਬ 10 ਦੀ ਹੁੰਦੀ ਸੀ ਅਤੇ ਸਭ ਤੋਂ ਵੱਡੀ 10,000 ਦੀ। ਅਕਬਰ ਦੇ ਕਾਲ ਵਿੱਚ 5000 ਤੋਂ ਉਪਰ ਦਾ ਮਨਸਬ ਕੇਵਲ ਰਾਜਕੁਮਾਰਾਂ ਲਈ ਹੀ ਹੁੰਦਾ ਸੀ ਪਰੰਤੂ ਅਕਬਰ ਦੇ ਕਾਲ ਦੇ ਆਖਰੀ ਸਾਲਾਂ ਵਿੱਚ 7000 ਦਾ ਮਨਸਬ ਕੇਵਲ ਰਾਜਾ ਮਾਨ ਸਿੰਘ ਨੂੰ ਪ੍ਰਾਪਤ ਹੋਇਆ। ਅਕਬਰ ਤੋਂ ਪਿੱਛੋਂ 10,000 ਤੋਂ ਵੀ ਵੱਧ ਦਰਜੇ ਦੀਆਂ ਮਨਸਬ ਕਾਇਮ ਕੀਤੇ ਗਏ। ਜਿਵੇਂ – ਜਹਾਂਗੀਰ ਦੇ ਸਮੇਂ ਖੁਰਮ ਨੂੰ 30,000 ਦਾ ਮਨਸਬਦਾਰ ਬਣਾਇਆ ਗਿਆ। ਆਮ ਤੌਰ ਤੇ ਮਨਸਬਦਾਰ ਨੂੰ ਪਹਿਲਾ ਸਭ ਤੋਂ ਛੋਟੀ ਸ਼੍ਰੇਣੀ ਵਿੱਚ ਭਰਤੀ ਕੀਤਾ ਜਾਂਦਾ ਸੀ ਅਤੇ ਹੌਲੀ-ਹੌਲੀ ਉਹ ਉੱਚੀਆਂ ਸ਼੍ਰੇਣੀਆਂ ਵਿੱਚ ਦਾਖਲ ਹੁੰਦਾ ਸੀ। ਅਗਰ ਬਾਦਸ਼ਾਹ ਚਾਹੇ ਤਾਂ ਕਿਸੇ ਵੀ ਵਿਅਕਤੀ ਨੂੰ ਸ਼ੁਰੂ ਵਿੱਚ ਹੀ ਉੱਚ ਸ਼੍ਰੇਣੀ ਦੇ ਸਕਦਾ ਸੀ। ਜਿਵੇਂ-ਰਾਜਾ ਮਾਨ ਸਿੰਘ ਅਤੇ ਜਸਵੰਤ ਸਿੰਘ ਵਰਗੇ ਰਾਜਪੁਤ ਸਰਦਾਰਾਂ ਨੂੰ 7000 ਦਾ ਮਨਸਬਦਾਰ ਥਾਖਿਆ।

**(iv) ਮਨਸਬਦਾਰਾਂ ਦੀ ਤਨਖਾਹ** :– ਮਨਸਬਦਾਰਾਂ ਨੂੰ ਤਨਖਾਹ ਜਾਗੀਰਾਂ ਤੋਂ ਪ੍ਰਾਪਤ ਆਮਦਨ ਤੋਂ ਦਿੱਤੀ ਜਾਂਦੀ ਸੀ ਜਾਂ ਫਿਰ ਨਕਦ। ਭੂਮੀ ਕਰ ਤੋਂ ਆਮਦਨ ਦਾ ਅਨੁਮਾਨ ਇੱਕ ਸਾਲ ਲਈ ਲਾਇਆ ਜਾਂਦਾ ਸੀ ਜਿਸਨੂੰ ਜ਼ਮਾਂ ਕਿਹਾ ਜਾਂਦਾ ਸੀ। ਪਰੰਤੂ ਅਸਲ ਵਿੱਚ ਪ੍ਰਾਪਤ ਭਾਵ ਹਾਸਿਲ ਅਨੁਮਾਨ ਤੋਂ ਘੱਟ ਹੁੰਦੀ ਸੀ। ਅਜਿਹੀ ਸਥਿਤੀ ਵਿੱਚ ਮਨਸਬਦਾਰਾਂ ਨੂੰ ਤਨਖਾਹ ਮਹੀਨਿਆਂ ਦੇ ਅਧਾਰ ਤੇ ਪ੍ਰਾਪਤ ਹੁੰਦੀ ਸੀ। ਉਦਾਹਰਣ ਵਜੋਂ : ਅਗਰ ਜਗੀਰ ਤੋਂ ਅਨੁਮਨਿਤ ਆਮਿਦਨ ਤੋਂ ਅੱਧੀ ਆਮਦਨ (ਕਰ) ਪ੍ਰਾਪਤ ਹੁੰਦਾ ਸੀ ਤਾਂ ਉਸਨੂੰ ਸ਼ਾਸ਼ਾਮਾਹ (6 ਮਹੀਨੇ) ਤੇ ਅਗਰ 1/4 ਪ੍ਰਾਪਤ ਹੁੰਦਾ ਸੀ ਤਾਂ ਉਸਨੂੰ ਸੀਹਮਾਹ (3 ਮਹੀਨੇ) ਆਖਦੇ ਸਨ। ਮਨਸਬਦਾਰਾਂ ਦੀਆਂ ਤਨਖਾਹਾਂ ਕੁਝ ਇਸ ਪ੍ਰਕਾਰ ਸਨ –

10,000 ਦੇ ਮਨਸਬਦਾਰ ਦੀ ਮਾਸਿਕ ਤਨਖਾਹ 60,000 ਰੁਪਏ ਦੇ ਲਗਭਗ ਹੁੰਦੀ ਸੀ।

7000 ਦੇ ਮਨਸਬਦਾਰ ਦੀ ਮਾਸਿਕ ਤਨਖਾਹ 45,000 ਰੁਪਏ ਦੇ ਲਗਭਗ

5000 ਦੇ ਮਨਸਬਦਾਰ ਦੀ ਮਾਸਿਕ ਤਨਖਾਹ 30,000 ਰੁਪਏ ਦੇ ਲਗਭਗ

1000 ਦੇ ਮਨਸਬਦਾਰ ਦੀ ਮਾਸਿਕ ਤਨਖਾਹ 8,000 ਰੁਪਏ ਦੇ ਲਗਭਗ

.10 ਦੇ ਮਨਸਬਦਾਰ ਦੀ ਮਾਸਿਕ ਤਨਖਾਹ 75 ਰੁਪਏ ਦੇ ਲਗਭਗ

ਹਰ ਇੱਕ ਸਵਾਰ ਦੀ ਤਨਖਾਹ 25 ਤੋਂ 15 ਰੁਪਏ ਮਾਸ ਹੁੰਦੀ ਸੀ।

ਜਿਸ ਵਿੱਚ ਉਸ ਨੂੰ ਆਪਣੇ ਅਧੀਨ ਸੈਨਿਕਾਂ ਨੂੰ ਤਨਖਾਹ ਵੀ ਦੇਣੀ ਪੈਂਦੀ ਸੀ। ਸੈਨਿਕਾਂ ਨੂੰ ਤਨਖਾਹ ਦੇਣ ਤੋਂ ਇਲਾਵਾ ਮਨਸਬਦਾਰਾਂ ਨੂੰ ਬਾਦਸ਼ਾਹ ਨੂੰ ਵੀ ਕਈ ਪ੍ਰਕਾਰ ਦੀਆਂ ਭੇਟਾਂ ਦੇਣੀਆਂ ਪੈਂਦੀਆਂ ਸਨ। ਉਸ ਸਮੇਂ ਮਨਸਬਦਾਰੀ ਪ੍ਰਣਾਲੀ ਪ੍ਰਥਾ ਵੀ ਸੀ ਜਿਸ ਅਨੁਸਾਰ ਉਨ੍ਹਾਂ ਦੀ ਮੌਤ ਤੋਂ ਬਾਅਦ ਸਰਕਾਰ ਉਨ੍ਹਾਂ ਦੀ ਸਾਰੀ ਸੰਪਤੀ ਜ਼ਬਤ ਕਰ ਲੈਂਦੀ ਸੀ।

**ਅਭਿਆਸ ਲਈ ਪ੍ਰਸ਼ਨ :**

(i) ਜ਼ਾਤ ਤੇ ਸਵਾਰ ਤੋਂ ਕੀ ਭਾਵ ਹੈ?

(ii) ਮਨਸਬਦਾਰਾਂ ਦੀਆਂ ਕਿੰਨ੍ਹੀਆਂ ਸ਼੍ਰੇਣੀਆਂ ਸਨ?

6. **ਸ਼ਬਦਾਰਥ :**

ਸ਼ਰੀਅਤ – ਇਲਾਮ ਦੇ ਕਾਨੂੰਨ

ਬਹੀ – ਕਿਤਾਬ ਜਿਸ ਵਿੱਚ ਖਾਤਾ ਲਿਖਿਆ ਜਾਂਦਾ ਸੀ

ਜ਼ਾਮਾ – ਅਨੁਮਾਨਿਤ ਭੂਮੀ ਕਰ

ਹਾਸਿਲ – ਅਸਲ ਵਿੱਚ ਇਕੱਠਾ ਕੀਤਾ ਗਿਆ ਕਰ

ਤਕਵੀ – ਖੇਤੀ ਸੰਬੰਧ ਲੋਨ

ਕਾਬੂਲੀਅਤ – ਸਵਕ੍ਰੀਤੀ ਪਤੱਰ

7. **ਸਾਰਾਂਸ਼ :**

ਮੁਗਲ ਸਾਮਰਾਜ ਜਿਸ ਦੀ ਨੀਂਹ ਭਾਰਤ ਵਿੱਚ ਬਾਬਰ ਦੁਆਰਾ ਰੱਖੀ ਗਈ ਸੀ, ਅਕਬਰ ਦੇ ਸ਼ਾਸਨ ਕਾਲ ਵਿੱਚ ਉਸਦੀਆਂ ਜੜ੍ਹਾਂ ਮਜਬੂਤ ਹੋਇਆ। ਅਕਬਰ ਨੇ ਆਪਣੇ ਰਾਜ ਕਾਲ ਦੌਰਾਨ ਨਾ ਕੇਵਲ ਮਾਸਰਾਜਾ ਦਾ ਵਿਸਥਾਰ ਕੀਤਾ ਬਲਕਿ ਰਾਜ-ਪ੍ਰਬੰਧ ਵਿੱਚ ਸੁਧਾਰ ਕਰਕੇ ਆਪਣੇ ਰਾਜ ਨੂੰ ਸੰਗਠਿਤ ਕੀਤਾ ਅਤੇ ਲਗਾਣ ਪ੍ਰਣਾਲੀ ਵਿੱਚ ਵੀ ਸ਼ਲਾਘਾਯੋਗ ਸੁਧਾਰ ਕੀਤੇ। ਕੇਂਦਰੀ ਰਾਜ-ਪ੍ਰਬੰਧ ਨੂੰ ਸੁਦ੍ਰਿੜ ਰੂਪ ਵਿੱਚ ਚਲਾਉਣ ਵਾਸਤੇ ਅਕਬਰ ਦੁਆਰਾ ਵਜ਼ੀਰ, ਦੀਵਾਨੇ-ਆਲਾ, ਮੀਰ-ਬਖਸ਼ੀ, ਮੁਖ-ਸਦਰ, ਮੁਖ-ਕਾਜ਼ੀ ਆਦਿ ਅਧਿਕਾਰੀ ਵੱਖ-ਵੱਖ ਵਿਭਾਗਾਂ ਲਈ ਨਿਯੁਕਤ ਕੀਤੇ ਗਏ। ਪਰੰਤੂ ਸਾਰੀ ਸ਼ਕਤੀ ਦੀ ਸੋਮਾ ਬਾਦਸ਼ਾਹ ਖੁਦ ਹੀ ਹੁੰਦਾ ਸੀ। ਸਾਮਰਾਜ ਨੂੰ ਅੱਗੇ ਪ੍ਰਾਂਤਾ, ਸਰਕਾਰ, ਪਰਗਨਾ ਅਤੇ ਪਿੰਡ ਵਿੱਚ ਵੰਡਿਆ ਗਿਆ ਸੀ। ਇਨ੍ਹਾਂ ਦੇ ਅਧਿਕਾਰੀਆਂ ਦੀ ਨਿਯੁਕਤੀ ਬਾਦਸ਼ਾਹ ਦੇ ਮੰਤਰੀ ਦੀ ਸਲਾਹ ਨਾਲ ਕਰਦਾ ਸੀ।

ਸਾਮਰਾਜ – ਪ੍ਰਾਂਤ – ਸਰਕਾਰ – ਪਰਗਨਾ – ਪਿੰਡ

ਮਹਤਵਪੂਰਨ ਸ਼ਹਿਰਾਂ ਦੇ ਪ੍ਰਬੰਧ ਲਈ ਕੋਤਵਾਲ ਦੀ ਨਿਯੁਕਤੀ ਕੀਤੀ ਜਾਂਦੀ ਸੀ। ਲਗਾਨ ਪ੍ਰਣਾਲੀ ਅਧੀਨ ਸਾਮਰਾਜ ਦੀ ਭੂਮੀ ਨੂੰ ਉਪਜ ਦੇ ਅਧਾਰ ਤੇ ਵੰਡਿਆ ਗਿਆ ਸੀ ਜੋ ਇੱਕ ਪ੍ਰਾਂਤ ਤੌਂਜ ਦੂਜੇ ਪ੍ਰਾਂਤ ਵਿੱਚ ਵਖੱਰੀ ਸੀ। ਪੈਦਾਵਾਰ ਦੇ ਅਧਾਰ ਤੇ ਭੂਮੀ ਨੂੰ ਪੋਲਜ, ਪਰੌਤੀ, ਛਛੱਰ ਅਤੇ ਬੰਜਰ ਚਾਰ ਮੁੱਖ ਭਾਗਾਂ ਵਿੱਚ ਵੰਡਿਆ ਗਿਆ। ਉਪਜ ਦੇ ਅਧਾਰ ਤੇ ਹੀ ਭੂਮੀ ਕਰ ਇਕੱਠਾ ਕੀਤਾ ਜਾਂਦਾ ਸੀ ਜੋ ਕਿ ਨਕਦ ਰੂਪ ਵਿੱਚ ਹੁੰਦਾ ਸੀ। ਭੂਮੀ ਕਰ ਇਕੱਠਾ ਕਰ ਲਈ ਜ਼ਬਤੀ, ਗੱਲਾ ਬਖਸ਼ੀ ਕਨਕੂਤ ਪ੍ਰਣਾਲੀਆਂ ਪ੍ਰਚਲਿਤ ਸਨ। ਅਕਬਰ ਨੇ ਆਪਣੇ ਰਾਜ ਕਾਲ ਵਿੱਚ ਮਨਸਬਦਾਰੀ ਪ੍ਰਥਾ ਪ੍ਰਚਲਿਤ ਕੀਤੀ। ਜਿਸਦਾ ਮੁਖ ਮਕਸਦ ਸਾਮਰਾਜ ਦਾ ਕੇਂਦਰੀਕਰਨ ਕਰਨਾ ਅਤੇ ਫੌਜ ਵਿੱਚ ਵਾਧਾ ਕਰਨਾ ਸੀ। ਮਨਸਬਦਾਰਾਂ ਕੌਲ ਵੱਡੀਆਂ-ਵੱਡੀਆਂ (Large) ਫੌਜਾਂ ਸਨ ਜੋ ਕਿ ਸਾਮਰਾਜ ਦੇ ਵਿਸਥਾਰ ਕਰਨ ਵਿੱਚ ਸਹਾਈ ਹੋਇਆਂ। ਮਨਸਬਦਾਰਾਂ ਦੇ ਦੋ ਮੁੱਖ ਪਦ ਸਨ – ਜ਼ਾਤ ਅਤੇ ਸਵਾਰ। ਮਨਸਬਦਾਰਾ ਦੀ ਤਿੰਨ ਮੁੱਖ ਸ਼੍ਰੇਣੀਆਂ ਸਨ ਜੋ ਕਿ ਜ਼ਾਤ ਅਤੇ ਸਵਾਰ ਦੇ ਅਨੁਪਾਤ ਤੇ ਅਧਾਰਿਤ ਸਨ। ਮਨਸਬਦਾਰਾਂ ਨੂੰ ਤਨਖਾਹ ਜਗੀਰ ਦੇ ਰੂਪ ਵਿੱਚ ਦਿੱਤੀ ਜਾਂਦੀ ਸੀ।

8. **ਅਭਿਆਸ ਲਈ ਛੋਟੇ ਪ੍ਰਸ਼ਨ :**

(i) ਦੀਵਾਨੇ-ਆਲਾ ਦੇ ਕੀ ਮੁੱਖ ਕੰਮ ਸਨ?

(ii) ਪ੍ਰਾਂਤ ਦਾ ਮੁਖੀ ਕੌਣ ਸੀ ਅਤੇ ਉਸਦੇ ਕੀ ਕੰਮ ਸਨ?

(iii) ਆਮਿਲ ਕੌਣ ਸੀ?

(iv) ਸ਼ਹਿਰ ਦੇ ਪ੍ਰਬੰਧ ਬਾਰੇ ਲਿਖੋ।

(v) ਮਨਸਬਦਾਰੀ ਪ੍ਰਥਾ ਕਿਸਨੇ ਅਤੇ ਕਦੋਂ ਸ਼ੁਰੂ ਕੀਤੀ?

9. **ਅਭਿਆਸ ਲਈ ਵੱਡੇ ਪ੍ਰਸ਼ਨ** :

1. ਮੁਗਲ ਸਾਮਰਾਜ ਦੇ ਕੇਂਦਰੀ ਸ਼ਾਸਨ-ਪ੍ਰਬੰਧ ਬਾਰੇ ਲਿਖੋ।
2. ਅਕਬਰ ਦੇ ਰਾਜ-ਕਾਲ ਦੀ ਲਗਾਨ ਪ੍ਰਣਾਲੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਲਿਖੋ।
3. ਮੁਗਲ ਰਾਜ ਦੇ ਕੇਂਦਰੀ, ਪ੍ਰਾਂਤਕ ਅਤੇ ਸਥਾਨਕ ਸ਼ਾਸਨ ਪ੍ਰਬੰਧ ਬਾਰੇ ਵਰਣਲ ਕਰੋ।
4. ਮਨਸਬਦਾਰੀ ਪ੍ਰਥਾ ਤੋਂ ਕੀ ਭਾਵ ਹੈ? ਇਸ ਪ੍ਰਣਾਲੀ ਦੀਆਂ ਵਿਸ਼ੇਸ਼ਤਾਈਆਂ ਲਿਖੋ।

ਨੋਟ ਲਿਖੋ :

(ੳ) ਪੱਟਾ ਅਤੇ ਕਾਬੂਲੀਅਤ

(ਅ) ਜ਼ਬਤੀ ਪ੍ਰਣਾਲੀ

(ੲ) ਗੱਲਾਂ ਬਖਸ਼ੀ

(ਸ) ਜ਼ਾਤ ਅਤੇ ਸਵਾਰ

(ਹ) ਦੋ ਅਸਪਾ ਸੀਹ ਅਸਪਾ

**Suggested Readings :**

*1. Jadunath Sarkar - Mughal Administration.passim.*

*2. Sri Ram Sharma - Mughal Government & Administration-.passim..*

*3. A.L.Srivastava - The Mughal Empire-.passim..*

*4. Irvine - The Army of the Indian Mughals.passim..*

*5. A.C.Arora - Madhkalin Bharat da Itihas.passim..*

ਟਾਈਪ ਸੈਟਿੰਗ :- ਡਿਸਟੈਂਸ ਐਜੂਕੇਸ਼ਨ ਡਿਪਾਰਟਮੈਂਟ, ਪੰਜਾਬੀ ਯੂਨੀਵਰਸਿਟੀ,ਪਟਿਆਲਾ